


ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਤਿਆਰ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।
(ਸਬੰਧਿਤ ਲੇਖ ਅੰਦਰ ਦੇਖੋ)

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 33
November 22, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਸਮਾਜ ਸੁਧਾਰਕ ਸਤਿਗੁਰੂ ਨਾਮਦੇਵ ਜੀ
(ਸਬੰਧਤ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵਾਂ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ
*(ਸਬੰਧਤ ਲੇਖ ਅੰਦਰ ਦੇਖੋ)*

## ਇਜ਼ਰਾਈਲ ਅਤੇ ਹਮਾਸ ਵਿਚਕਾਰ 4 ਦਿਨ ਦੀ ਜੰਗਬੰਦੀ



**ਤਲ ਅਵੀਵ (ਬਿਊਰੋ)** ਹਮਾਸ ਯੁੱਧ ਵਿਚਕਾਰ ਪਹਿਲੀ ਵਾਰ ਜੰਗਬੰਦੀ ਦਾ ਐਲਾਨ ਕੀਤਾ ਗਿਆ ਹੈ। ਕਤਰ ਨੇ ਚਾਰ ਦਿਨ ਦੀ ਜੰਗਬੰਦੀ ਦੀ ਪੁਸ਼ਟੀ ਕੀਤੀ ਹੈ। ਜੰਗਬੰਦੀ ਦੀ ਸ਼ੁਰੂਆਤ ਦਾ ਐਲਾਨ ਇੱਕ ਦਿਨ ਦੇ ਅੰਦਰ ਕਰ ਦਿੱਤਾ ਜਾਵੇਗਾ। ਮੀਡੀਆ ਰਿਪੋਰਟਾਂ ਮੁਤਾਬਕ ਇਜ਼ਰਾਈਲ ਸਰਕਾਰ ਨੇ ਇਨ੍ਹਾਂ ਚਾਰ ਦਿਨਾਂ ਦੌਰਾਨ ਹਮਾਸ ਵੱਲੋਂ ਬੰਦੀ ਬਣਾਏ ਗਏ 50 ਬੰਦਿਆਂ ਦੀ ਰਿਹਾਈ ਲਈ ਸਮਝੌਤੇ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ। ਇਨ੍ਹਾਂ 4 ਦਿਨਾਂ ਦੌਰਾਨ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਰੁਕਣ ਦੀ ਸੰਭਾਵਨਾ ਹੈ। ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਮੁਤਾਬਕ 50 ਬੰਧਕਾਂ ਵਿੱਚ 30 ਬੱਚੇ, 12 ਔਰਤਾਂ ਅਤੇ 8 ਮਾਵਾਂ ਸ਼ਾਮਲ ਹਨ। ਤੁਹਾਨੂੰ ਦੱਸ ਦੇਈਏ ਕਿ ਹਰ ਰੋਜ਼ 12 ਤੋਂ 13 ਬੰਧਕਾਂ ਦੇ ਸਮੂਹ ਨੂੰ ਰਿਹਾਅ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਮਝੌਤੇ ਤਹਿਤ ਇਜ਼ਰਾਈਲ ਦੀਆਂ ਜੇਲ੍ਹਾਂ ਵਿੱਚ ਬੰਦ 150 ਫਲਸਤੀਨੀ ਔਰਤਾਂ ਅਤੇ ਬੱਚਿਆਂ ਨੂੰ ਵੀ ਰਿਹਾਅ ਕੀਤਾ ਜਾਵੇਗਾ।

ਇਸ ਸਮਝੌਤੇ 'ਤੇ ਇਜ਼ਰਾਈਲ ਸਰਕਾਰ ਦਾ ਪੂਰਾ ਬਿਆਨ ਵੀ ਸਾਹਮਣੇ ਆਇਆ ਹੈ। ਇਹ ਕਹਿੰਦਾ ਹੈ ਕਿ 'ਇਸਰਾਈਲੀ ਸਰਕਾਰ ਸਾਰੇ ਬੰਧਕਾਂ ਨੂੰ ਘਰ ਵਾਪਸ ਕਰਨ ਲਈ ਪਾਬੰਦ ਹੈ। ਸਰਕਾਰ ਨੇ ਜੰਗਬੰਦੀ ਦੇ ਪਹਿਲੇ ਪੜਾਅ ਦੀ ਰੂਪਰੇਖਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤਹਿਤ ਇਨ੍ਹਾਂ ਚਾਰ ਦਿਨਾਂ ਵਿੱਚ ਘੱਟੋ-ਘੱਟ 50 ਬੰਧਕਾਂ-ਔਰਤਾਂ ਅਤੇ ਬੱਚਿਆਂ ਨੂੰ ਰਿਹਾਅ ਕੀਤਾ ਜਾਵੇਗਾ। ਇਸ ਦੌਰਾਨ ਲੜਾਈ ਵਿਚ ਵਿਰਾਮ ਰਹੇਗਾ। ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 30 ਹੋਰ ਬੰਧਕਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਅਤੇ ਲੜਾਈ ਵਿੱਚ ਵਿਰਾਮ ਦੇ ਵਧਣ ਦਾ ਡਰ ਹੈ।

## ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਮੁੜ ਸ਼ੁਰੂ ਕੀਤੀ ਈ-ਵੀਜ਼ਾ ਸਰਵਿਸ

**ਨਵੀਂ ਦਿੱਲੀ (ਬਿਊਰੋ)-** ਭਾਰਤ ਨੇ ਲਗਭਗ ਦੋ ਮਹੀਨਿਆਂ ਬਾਅਦ ਕੈਨੇਡੀਅਨ ਨਾਗਰਿਕਾਂ ਲਈ ਇਲੈਕਟ੍ਰਾਨਿਕ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰ ਦਿੱਤੀਆਂ ਹਨ।



ਇਹ ਜਾਣਕਾਰੀ ਨਿਊਜ਼ ਏਜੰਸੀ ਏਐਨਆਈ ਨੇ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਖਟਾਸ ਆ ਗਈ ਸੀ। ਇਸ ਤੋਂ ਪੈਦਾ ਹੋਏ ਕੂਟਨੀਤਕ ਵਿਵਾਦ ਦਰਮਿਆਨ 21 ਸਤੰਬਰ ਨੂੰ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਵਰਣਨਯੋਗ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੂਨ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ "ਭਾਰਤ ਸਰਕਾਰ ਦੇ ਏਜੰਟ' ਦਾ ਹੱਥ ਹੋਣ ਦਾ ਦੋਸ਼ ਲਗਾਇਆ ਸੀ। ਭਾਰਤ ਸਰਕਾਰ ਨੇ ਇਸ ਦਾ ਪੁਰਜ਼ੋਰ ਖੰਡਨ ਕੀਤਾ ਤੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਬਿਨਾਂ ਕਿਸੇ ਸਬੂਤ ਦੇ ਦੱਸਿਆ। ਨਵੀਂ ਦਿੱਲੀ ਨੇ ਇਸ ਸਬੰਧ 'ਚ ਆਪਣੇ ਦਾਅਵਿਆਂ ਦੇ ਸਮਰਥਨ 'ਚ ਓਟਾਵਾ ਨੂੰ ਸਬੂਤ ਸਾਂਝੇ ਕਰਨ ਦੀ ਮੰਗ ਵੀ ਕੀਤੀ ਹੈ ਪਰ ਹੁਣ ਤਕ ਓਟਾਵਾ ਕੋਈ ਵੀ ਸਬੂਤ ਦੇਣ 'ਚ ਨਾਕਾਮ ਰਿਹਾ ਹੈ।

## ਪੰਜਾਬ 'ਚ ਕਿਰਤੀ ਤੋਂ 8 ਘੰਟੇ ਤੋਂ ਜ਼ਿਆਦਾ ਨਹੀਂ ਕਰਵਾ ਸਕਦੇ ਕੰਮ



**ਚੰਡੀਗੜ੍ਹ (ਬਿਊਰੋ)** ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੰਮ ਦੇ ਘੰਟਿਆਂ ਸਬੰਧੀ ਫੈਕਟਰੀਜ਼ ਐਕਟ 1948 ਅਨੁਸਾਰ ਬੀਤੇ ਦਿਨੀਂ ਜਾਰੀ ਪੱਤਰ ਦੀ ਗ਼ਲਤ ਵਿਆਖਿਆ ਕੀਤੀ ਗਈ ਹੈ। ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਕਿਰਤ ਵਿਭਾਗ ਪੰਜਾਬ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਜਾਰੀ ਪੱਤਰ ਦੇ ਨੁਕਤਾ ਨੰਬਰ 1 'ਤੇ ਦੱਸਿਆ ਗਿਆ ਹੈ ਕਿ ਕੰਮਕਾਜੀ ਦਿਨ ਦੌਰਾਨ ਇਕ ਕਿਰਤੀ ਤੋਂ ਵੱਧ-ਤੋਂ ਵੱਧ 12 ਘੰਟਿਆਂ ਕੰਮ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਗ਼ਲਤ ਵਿਆਖਿਆ ਕਰਦਿਆਂ ਕੰਮ ਦੇ ਘੰਟੇ 12 ਸਮਝ ਲਏ ਗਏ ਹਨ ਜੋ ਕਿ ਗ਼ਲਤ ਹੈ। ਬੁਲਾਰੇ ਨੇ ਸਪੱਸ਼ਟ ਕੀਤਾ ਕਿ ਫੈਕਟਰੀਜ਼ ਐਕਟ 1948 ਦੇ ਸੈਕਸ਼ਨ ਅਨੁਸਾਰ ਕੰਮ ਵਾਲੇ ਘੰਟਿਆਂ ਦੀ ਗਿਣਤੀ ਪਹਿਲਾਂ ਵਾਂਗ 8 ਘੰਟੇ ਹੀ ਹੈ ਜਿਸ ਵਿਚ ਆਰਾਮ ਦਾ ਸਮਾਂ (ਰੈਸਟ ਇੰਟਰਵਲਜ਼) ਸ਼ਾਮਲ ਨਹੀਂ ਹੈ। ਐਕਟ ਅਨੁਸਾਰ ਕਿਸੇ ਵੀ ਬਾਲਗ ਕਾਮੇ ਤੋਂ 48 ਘੰਟਿਆਂ ਤੋਂ ਵੱਧ ਕੰਮ ਨਹੀਂ ਲਿਆ ਜਾ ਸਕਦਾ। ਜੇ ਕਿਸੇ ਕਾਮੇ ਦੇ ਕੰਮ ਵਾਲੇ ਘੰਟਿਆਂ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਬਾਲਗ ਕਾਮੇ ਨੂੰ ਫੈਕਟਰੀਜ਼ ਐਕਟ 1948 ਦੇ ਸੈਕਸ਼ਨ 59 ਅਨੁਸਾਰ ਓਵਰਟਾਈਮ ਦੇਣਾ ਜ਼ਰੂਰੀ ਹੈ। ਇਸ ਮੱਦ ਅਨੁਸਾਰ ਫੈਕਟਰੀ ਵਿਚ ਕੰਮ ਕਰਨ ਵਾਲਾ ਵਰਕਰ ਜੇ ਕੰਮ-ਕਾਜੀ ਦਿਨ ਦੌਰਾਨ 9 ਘੰਟੇ ਤੋਂ ਵੱਧ ਕੰਮ ਕਰਦਾ ਹੈ ਅਤੇ ਹਫ਼ਤੇ ਵਿਚ 48 ਘੰਟੇ ਤੋਂ ਵੱਧ ਕੰਮ ਕਰਦਾ ਹੈ ਤਾਂ ਉਸ ਨੂੰ ਦਿਹਾੜੀ ਤੋਂ ਦੋ ਗੁਣਾਂ ਤਨਖ਼ਾਹ ਦੇਣੀ ਲਾਜ਼ਮੀ ਹੈ। ਬੁਲਾਰੇ ਨੇ ਸਪੱਸ਼ਟ ਕੀਤਾ ਕਿ ਫੈਕਟਰੀ ਐਕਟ ਅਤੇ ਰੂਲਜ਼ ਅਨੁਸਾਰ ਕਿਸੇ ਵੀ ਵਰਕਰ ਨੂੰ ਲਗਾਤਾਰ 7 ਦਿਨ ਤੋਂ ਵੱਧ ਓਵਰਟਾਈਮ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਇਕ ਹਫ਼ਤੇ ਵਿਚ ਕਿਸੇ ਵੀ ਵਰਕਰ ਦੇ ਕੰਮ-ਕਾਜੀ ਘੰਟੇ 60 ਤੋਂ ਵੱਧ ਨਹੀਂ ਹੋ ਸਕਦੇ ਅਤੇ ਨਾ ਹੀ ਇਕ ਪੰਦਰਵਾੜੇ ਵਿਚ ਕਿਸੇ ਵਰਕਰ ਦੇ ਕੰਮ-ਕਾਜੀ ਘੰਟੇ 115 ਤੋਂ ਵੱਧ ਹੋ ਸਕਦੇ ਹਨ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 1-2-3, 2023**

**Sri Guru Nanak Dev Ji's "Parkash Utsav"**

**Nanak aaya, Nanak aaya, Kal taaran Guru Nanak aaya**

Sri Guru Nanak Dev Ji's Parkash Utsav will be celebrated at Gurughar on December 3, 2023. Akhand path will start on Friday 12/01/23, at 10:00 AM and will conclude with Bhog ceremony on Sunday morning 12/03/2023. Sudhir family of Phagwara will be hosting the Akhand Path and Langar Sewa. Gurughar Jatha of Bhai Balwinder Singh ji and Jatha of Bhai Suveg Singh ji from San Jose will delight Sangat with Shabad Kirtan. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Nishan Sahib Chola Sewa ( Hoisting of NISHAN SAHIB)**

Sudhir family will be doing the Nishan Sahib Chola Sewa on December 2, 2023 (Saturday) at 11:00 AM.

**For STALLS or any SEWA, please contact President Vinod Kumar at (408) 718-2506 or Chairman Ramesh Suman at (925) 366.3618.**

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**"NANAK NAM CHARDI KALA**
**TERE BHANE SARBAT DA BHALA"**

We are planning to have another health camp in December in our Gurughar. There is a group of Nurses and Doctors who have been coming to Gurdwara Sahib for this Sewa. I would be nice to see some medical professionals from our local community join that day. Please let me know if you are available for this SEWA..

## Sangat Sewadars

www.sriguruavidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਗਿਆਨੀ ਗੁਰਨਾਮ ਸਿੰਘ ਰਸੀਲਾ ਦੀ ਬਰਸੀ ਮਨਾਈ ਗਈ

**ਪਿਟਸਬਰਗ (ਕੈਲੇਫੋਰਨੀਆ)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਗੁਰੂ ਘਰ ਵਿਖੇ ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਗੁਰਨਾਮ ਸਿੰਘ ਜੀ ਰਸੀਲਾ ਦੀ ਬਰਸੀ ਮਨਾਈ ਗਈ। ਉਹਨਾਂ ਦੇ ਪਰਿਵਾਰ ਵੱਲੋਂ ਗਿਆਨੀ ਗੁਰਨਾਮ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 19 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਗਿਆਨੀ ਬਲਵਿੰਦਰ ਸਿੰਘ ਜੀ ਅਤੇ ਸਾਥੀਆਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਦੁਆਰਾ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜ ਕੇ ਨਿਹਾਲ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੈਕਟਰੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। **(ਰਿਪੋਰਟ: ਨਰੇਸ਼ ਕੁਮਾਰ)**
























# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045


Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਭਾਰਤੀ -ਅਮਰੀਕੀ ਜੋੜੇ ਦੀ ਇਸਰਾਈਲ ਤੇ ਯਹੂਦੀ ਵਿਰੋਧੀ ਵੀਡੀਓ ਨੇ ਮਚਾਈ ਤਰਥੱਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਵੀਡੀਓ ਜਿਸ ਵਿਚ ਇਕ ਭਾਰਤੀ-ਅਮਰੀਕੀ ਜੋੜਾ ਇਸਰਾਈਲ ਤੇ ਯਹੂਦੀ ਵਿਰੋਧੀ ਸ਼ਬਦ ਬੋਲ



ਰਿਹਾ ਹੈ, ਨੇ ਸ਼ੋਸਲ ਮੀਡੀਆ ਉਪਰ ਤਰਥੱਲੀ ਮਚਾ ਦਿੱਤੀ ਹੈ। ਇਸ ਬਾਰੇ ਵੱਡੀ ਪੱਧਰ ਉਪਰ ਪ੍ਰਤੀਕਰਮ ਹੋਇਆ ਹੈ। ਸੱਜੇ ਪੱਖੀ ਪੱਤਰਕਾਰ ਐਂਡੀ ਵੱਲੋਂ ਪੋਸਟ ਕੀਤੀ ਵੀਡੀਓ ਵਿਚ ਕੁਰਸ਼ ਮਿਸਤਰੀ ਤੇ ਸ਼ੈਲਜਾ ਗੁਪਤਾ ਨਾਮੀ ਭਾਰਤੀ ਜੋੜਾ ਨਜਰ ਆ ਰਿਹਾ ਹੈ ਜਿਨਾਂ ਨੇ ਹੱਥ ਵਿਚ ਅਗਵਾ ਕੀਤੇ ਇਸਰਾਈਲੀਆਂ ਦਾ ਪੋਸਟਰ ਫੜਿਆ ਹੋਇਆ ਹੈ ਜਿਸ ਉਪਰ ਲਿਖਿਆ ਹੈ। ਧਾੜਵੀਆਂ ਨੂੰ ਸਿੱਟੇ ਭੁੱਗਤਣੇ ਪੈਣਗੇ, ਇਸਰਾਈਲ ਇਕ ਨਸਲ ਅਧਾਰਤ ਦੇਸ਼ ਹੈ ਜੋ ਨਸਲਕੁੱਸ਼ੀ ਕਰ ਰਿਹਾ ਹੈ। ਨਵੰਬਰ ਨੂੰ ਰਿਕਾਰਡ ਕੀਤੀ ਇਸ ਵੀਡੀਓ ਵਿਚ ਔਰਤ ਨੇੜਿਉਂ ਲੰਘ ਰਹੇ ਇਕ ਯਹੂਦੀ ਵਿਅਕਤੀ ਨੂੰ ਆਪਣੇ ਦੇਸ਼ ਵਾਪਿਸ ਜਾਓ ਕਹਿੰਦੀ ਹੋਈ ਨਜਰ ਆਉਂਦੀ ਹੈ ਤੇ ਗੁਪਤਾ ਯਹੂਦੀ ਨੂੰ ਅਨਪੜ ਤੇ ਸਾਰੇ ਯਹੂਦੀਆਂ ਨੂੰ 'ਬਲਾਤਕਾਰੀ' ਕਹਿੰਦਾ ਸੁਣਾਈ ਦਿੰਦਾ ਹੈ। ਵੀਡੀਓ ਵਿਚ ਯਹੂਦੀ ਵਿਅਕਤੀ ਦੀ ਪਛਾਣ ਨੂੰ ਜਨਤਿਕ ਨਹੀਂ ਕੀਤਾ ਗਿਆ ਹੈ। ਇਸੇ ਦੌਰਾਨ ਫਰੀਪੋਆਇੰਟ ਕੋਮੋਡਟੀਜ ਨੇ ਮਿਸਤਰੀ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਕੰਪਨੀ ਨੇ ਕਿਹਾ ਹੈ ਉਹ ਵੱਖ ਵੱਖ ਵਿਚਾਰਾਂ ਦਾ ਸਵਾਗਤ ਕਰਦੇ ਹਨ ਪਰੰਤੂ ਕਿਸੇ ਵੀ ਵਿਰੁੱਧ ਭਿੰਨਭੇਦ ਤੇ ਨਫਰਤੀ ਭਾਸ਼ਣ ਸਵੀਕਾਰ ਨਹੀਂ ਹੈ।

# ਗੁਰਬਖਸ਼ ਸਿੱਧੂ ਨੇ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਚੋਂ ਹੈਮਰ ਥਰੋਅ ਅਤੇ ਵੇਟ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਫਰਿਜਨੋ ਨਿਵਾਸੀ ਐਥਲੀਟ ਅਕਸਰ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਕੇ ਸੀਨੀਅਰ ਖੇਡਾਂ ਵਿੱਚ ਪੰਜਾਬੀਅਤ ਦਾ ਝੰਡਾ ਬੁਲੰਦ ਕਰਦਾ ਰਹਿੰਦਾ ਹੈ।

ਇਸ ਵਾਰ ਗੁਰਬਖ਼ਸ਼ ਸਿੰਘ ਸਿੱਧੂ ਨੇ ਸਿਉਡਾਡ, ਜੁਆਰੇਜ਼ ਮੈਕਸੀਕੋ ਵਿੱਚ ਉੱਤਰੀ ਮੱਧ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਦੀ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। 9 ਤੋਂ 12 ਨਵੰਬਰ ਤੱਕ ਚੱਲੀ ਇਸ ਮੀਟਿੰਗ ਵਿੱਚ 31 ਦੇਸ਼ਾਂ ਨੇ ਹਿੱਸਾ ਲਿਆ। ਅਮਰੀਕਾ ਭਰ ਤੋਂ 31 ਅਥਲੀਟਾਂ ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਸਿੱਧੂ ਨੇ ਫਰਿਜ਼ਨੋ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ




ਵੀ ਕੀਤੀ। ਉਸਨੇ ਹੈਮਰ ਥਰੋਅ ਅਤੇ ਵੇਟ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ। ਸਿੱਧੂ ਨੇ ਡਿਸਕਸ ਥਰੋਅ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ। ਸਿੱਧੂ ਨੇ ਫਰਿਜ਼ਨੋ, ਕੈਲੀਫੋਰਨੀਆ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਕਰਦਿਆਂ ਕੁੱਲ 3 ਤਗਮੇ ਜਿੱਤੇ ਹਨ। ਟੀਮ USA ਨੇ 18 ਸੋਨੇ ਦੇ ਤਗਮੇ, 15 ਚਾਂਦੀ ਦੇ ਤਗਮੇ ਅਤੇ 11 ਕਾਂਸੀ ਦੇ ਤਗਮੇ ਜਿੱਤੇ। ਅਮਰੀਕਾ ਦੀ ਕੁੱਲ ਟੀਮ ਨੇ 44 ਤਗਮੇ ਜਿੱਤੇ। ਸਿੱਧੂ ਨੇ ਪੱਤਰਕਾਰਾਂ ਨਾਲ ਕਰਦਿੰਆ ਕਿਹਾ ਕਿ ਉਹ 68 ਸਾਲ ਦੀ ਉਮਰ ਵਿੱਚ ਵੀ ਫਿੱਟ ਮਹਿਸੂਸ ਕਰਦੇ ਹਨ, ਅਤੇ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿਖੇ ਰਹਿਕੇ ਸੀਨੀਅਰ ਖੇਡਾਂ ਵਿੱਚ ਲਗਾਤਾਰ ਭਾਗ ਲੈ ਰਹੇ ਹਨ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਲਾਪਤਾ ਔਰਤ ਦੀ ਲਾਸ਼ ਇਕ ਗੁਦਾਮ ਵਿਚੋਂ ਮਿਲੀ

## ਪੁਲਿਸ ਨੇ ਮੁੱਖ ਸ਼ੱਕੀ ਦੋਸ਼ੀ ਵਜੋਂ ਪਤੀ ਨੂੰ ਕੀਤਾ ਨਾਮਜ਼ਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਪਿਛਲੇ ਦਿਨਾਂ ਤੋਂ ਲਾਪਤਾ ਔਰਤ ਜਿਸ ਦੀ ਪੁਲਿਸ ਭਾਲ ਕਰ ਰਹੀ ਸੀ, ਦੀ ਲਾਸ਼ ਇਕ ਗੁਦਾਮ ਵਿਚੋਂ ਮਿਲਣ ਦੀ ਖਬਰ ਹੈ ਜੋ ਗੁਦਾਮ ਉਸ ਦੇ ਪਤੀ ਦੇ ਨਾਂ 'ਤੇ ਹੈ ਜੋ ਉਸ ਨਾਲ ਕਿਸੇ ਗੱਲ ਨੂੰ ਲੈ ਕੇ ਨਰਾਜ ਸੀ। ਪਰਿਵਾਰ ਨੇ ਸ਼ਾਕੀਰਾ ਯੋਨੇ ਰਕਰ ਦੇ ਲਾਪਤਾ ਹੋਣ ਦੀ ਰਿਪੋਰਟ ਵਿੰਟਰ ਸਪਰਿੰਗਜ ਪੁਲਿਸ ਵਿਭਾਗ ਕੋਲ ਲਿਖਵਾਈ ਸੀ ਜਿਸ ਵਿਚ





ਪਰਿਵਾਰ ਨੇ ਕਿਹਾ ਸੀ ਕਿ ਉਨਾਂ ਨੇ ਸ਼ਾਕੀਰਾ ਨੂੰ ਆਖਰੀ ਵਾਰ 11 ਨਵੰਬਰ ਨੂੰ ਵੇਖਿਆ ਸੀ। ਉਸ ਦਿਨ ਉਹ ਆਪਣੇ ਪਤੀ ਕੋਰੀ ਹਿੱਲ ਨਾਲ 7।30 ਵਜੇ ਸ਼ਾਮ ਦੇ ਆਸਪਾਸ ਕਿਸੇ ਅਗਿਆਤ ਜਗਾ 'ਤੇ ਗਈ ਸੀ। ਪਰਿਵਾਰ ਅਨੁਸਾਰ ਕੋਰੀ ਹਿੱਲ ਦੇ ਸ਼ਾਕੀਰਾ ਨਾਲ ਸਬੰਧ ਠੀਕ ਨਹੀਂ ਸਨ। ਪੁਲਿਸ ਅਨੁਸਾਰ ਪਰਿਵਾਰ ਨੇ ਉਸ ਦਿਨ ਤੋਂ ਬਾਅਦ ਸ਼ਾਕੀਰਾ ਨੂੰ ਨਹੀਂ ਵੇਖਿਆ ਤੇ ਨਾ ਹੀ ਉਸ ਨਾਲ ਕੋਈ ਗੱਲ ਹੋਈ। ਪਰਿਵਾਰ ਦਾ ਵਿਸ਼ਵਾਸ਼ ਸੀ ਕਿ ਉਸ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਵਿੰਟਰ ਸਪਰਿੰਗਜ ਪੁਲਿਸ ਮੁੱਖੀ ਮੈਥੀਊ ਟਰਾਚਟ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸ਼ਾਕੀਰਾ ਨੂੰ ਲੱਭਣ ਲਈ ਐਫ ਬੀ ਆਈ ਸਮੇਤ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਮਦਦ ਕਰ ਰਹੀਆਂ ਸਨ। ਔਰੇਂਜ ਕਾਊਂਟੀ ਸ਼ੈਰਿਫ ਜੌਹਨ ਮੀਨਾ ਨੇ ਦਸਿਆ ਕਿ ਓਰਲੈਂਡੋ ਦੇ ਉਤਰ ਪੱਛਮ ਵਿਚ ਤਕਰੀਬਨ 20 ਮੀਲ ਦੂਰ ਅਪੋਪਕਾ ਵਿਚ ਇਕ ਗੁਦਾਮ ਵਿਚੋਂ ਬਦਬੂ ਆਉਣ ਬਾਰੇ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ । ਜਦੋਂ ਗੁਦਾਮ ਨੂੰ ਖੋਲਿਆ ਗਿਆ ਤਾਂ ਉਥੋਂ ਇਕ ਔਰਤ ਦੀ ਲਾਸ਼ ਬਰਾਮਦ ਹੋਈ, ਜਿਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਲਾਸ਼ ਦੀ ਬਾਅਦ ਵਿਚ ਪਛਾਣ ਸ਼ਾਕੀਰਾ ਵਜੋਂ ਹੋਈ। ਪੁਲਿਸ ਨੇ ਹਿੱਲ ਨੂੰ ਮੁੱਖ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਸ਼ੈਰਿਫ ਨੇ ਕਿਹਾ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਆਂ ਗੁਦਾਮ ਵਿਚ ਹੀ ਮਾਰੀਆਂ ਗਈਆਂ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# 6 ਸਾਲਾ ਲੜਕੇ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਮਾਂ ਨੂੰ 21 ਮਹੀਨੇ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਵਰ-ਜੀਨੀਆ ਰਾਜ ਵਿਚ ਇਕ ਸੰਘੀ ਅਦਾਲਤ ਵੱਲੋਂ ਇਸ ਸਾਲ ਦੇ ਸ਼ੁਰੂ ਵਿਚ ਇਕ 6 ਸਾਲ ਦੇ ਮੁੰਡੇ ਵੱਲੋਂ ਆਪਣੀ ਪਹਿਲੀ ਸ਼੍ਰੇਣੀ ਦੀ ਅਧਿਆਪਕਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਿਵਚ ਲੜਕੇ ਦੀ ਮਾਂ ਨੂੰ 21 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। 26 ਸਾਲਾ ਡੇਜਾ ਟੇਲਰ ਦੇ ਪੁੱਤਰ ਜਿਸ ਦਾ ਨਾਂ ਜਨਤਿਕ ਨਹੀਂ ਕੀਤਾ ਗਿਆ, ਨੇ ਰਿਚਨੈਕ ਐਲੀਮੈਂਟਰੀ ਸਕੂਲ ਨਿਊਪੋਰਟ ਨਿਊਜ਼, ਵਰਜੀਨੀਆ ਵਿਚ ਆਪਣੀ ਅਧਿਆਪਕਾ ਐਬੀਗੇਲ ਵਰਨਰ ਉਪਰ 6 ਜਨਵਰੀ ਨੂੰ ਉਸ ਵੇਲੇ ਗੋਲੀ ਚਲਾ ਦਿੱਤੀ ਸੀ ਜਦੋਂ ਉਹ ਕਲਾਸ ਵਿਚ ਪੜਾ ਰਹੀ ਸੀ। ਵਰਨਰ ਦੇ ਹੱਥ ਤੇ ਛਾਤੀ ਵਿਚ ਗੋਲੀ ਵੱਜੀ ਸੀ ਜਿਸ ਕਾਰਨ ਉਹ ਦੋ ਹਫਤੇ ਹਸਪਤਾਲ ਵਿਚ ਰਹੀ ਤੇ ਉਸ ਦੀ ਸਰਜਰੀ ਕੀਤੀ ਗਈ। ਮਾਂ ਉਪਰ ਲਾਪਰਵਾਹੀ ਵਰਤਣ ਦੇ ਦੋਸ਼ ਲੱਗੇ ਸਨ ਜਿਸ ਕਾਰਨ ਉਸ ਦਾ ਪੁੱਤਰ ਉਸ ਦੀ ਗੰਨ ਸਕੂਲ ਲਿਜਾਣ ਵਿਚ ਸਫਲ ਹੋ ਗਿਆ ਸੀ। ਜੱਜ ਨੇ ਟੇਲਰ ਨੂੰ ਗੰਨ ਦੀ ਮਾਲਕ ਹੋਣ ਸਮੇ ਨਸ਼ਾ ਵਰਤਣ ਤੇ ਗੰਨ ਖਰੀਦਣ ਲਈ ਇਕ ਸੰਘੀ ਫਾਰਮ ਭਰਨ ਸਮੇ ਨਸ਼ਾ ਨਾ ਕਰਨ ਦਾ ਝੂਠ ਬੋਲਣ ਦੇ ਦੋਸ਼ਾਂ ਤਹਿਤ ਸਜ਼ਾ ਸੁਣਾਈ ਜਿਨਾਂ ਦੋਸ਼ਾਂ ਨੂੰ ਟੇਲਰ ਨੇ ਇਸ ਸਾਲ ਜੂਨ ਵਿਚ ਸੰਘੀ ਅਦਾਲਤ ਵਿਚ ਮੰਨ ਲਿਆ ਸੀ। ਅਧਿਆਪਕਾ ਵਰਨਰ ਨੇ ਸਕੂਲ ਡਿਸਟ੍ਰਿਕਟ ਵਿਰੁੱਧ ਸਿਰੇ ਦੀ ਲਾਪਰਵਾਹੀ ਵਰਤਣ ਦੇ ਦੋਸ਼ਾਂ ਤਹਿਤ 4 ਕਰੋੜ ਡਾਲਰ ਦਾ ਇਕ ਵੱਖਰਾ ਦਾਅਵਾ ਵੀ ਕੀਤਾ ਹੋਇਆ ਹੈ।



# ਅਮਰੀਕਾ ਵਿਚ ਫਲਸਤੀਨੀ ਸਕਾਰਫ ਪਹਿਨੀ ਭਾਰਤੀ ਮੂਲ ਦੇ ਵਿਅਕਤੀ ਉਪਰ ਗਰਮ ਕੌਫੀ ਦਾ ਕੱਪ ਸੁੱਟਣ ਵਾਲੀ ਔਰਤ ਦੇ ਗ੍ਰਿਫਤਾਰੀ ਵਾਰੰਟ ਜਾਰੀ

**ਸੈਕਰਾਮੈਂਟੋ, ਕੈਲੀਫੋਰਨੀਆ–** ਇਕ ਖੇਡ ਮੈਦਾਨ ਵਿਚ ਇਕ ਭਾਰਤੀ ਅਮਰੀਕੀ ਵਿਅਕਤੀ ਅਤੇ ਉਸ ਦੇ 18 ਮਹੀਨਿਆਂ ਦੇ ਪੁੱਤਰ ਉਪਰ ਇਕ ਔਰਤ ਵੱਲੋਂ ਕੌਫੀ ਦਾ ਗਰਮ ਕੱਪ ਸੁੱਟੇ ਜਾਣ ਦੀ ਖਬਰ ਹੈ। ਪੁਲਿਸ ਨੇ ਉਸ ਔਰਤ ਦੀ ਪਛਾਣ ਕਰ ਲਈ ਹੈ ਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕਰ ਦਿੱਤੇ ਹਨ। ਇਹ ਘਟਨਾ ਬਰੁੱਕਲਿਨ ਦੇ ਐਡਮੌਂਡਜ ਖੇਡ ਮੈਦਾਨ ਵਿਚ ਉਸ ਵੇਲੇ ਵਾਪਰੀ ਜਦੋਂ ਅਸ਼ੀਸ਼ ਪ੍ਰਾਸ਼ਰ (40) ਆਪਣੇ 18 ਮਹੀਨਿਆਂ ਦੇ ਪੁੱਤਰ ਨਾਲ ਖੇਡ ਰਿਹਾ ਸੀ। ਪ੍ਰਾਸ਼ਰ ਅਨੁਸਾਰ ਇਕ ਔਰਤ ਜਿਸ ਨੇ ਆਪਣੇ ਆਪ ਨੂੰ ਅਮਰੀਕੀ ਯਹੂਦੀ ਦੱਸਿਆ, ਨੇ ਉਸ ਦੇ ਰਵਾਇਤੀ ਫਲਸਤੀਨੀ ਸਕਾਰਫ ਪਾਇਆ ਹੋਇਆ ਵੇਖਿਆ ਤਾਂ ਉਹ ਚਿੜ ਗਈ ਤੇ ਉਸ ਨੇ ਮੇਰੇ ਤੇ ਮੇਰੇ ਪੁੱਤਰ ਉਪਰ ਹਮਲਾ ਕਰ ਦਿੱਤਾ। ਇਕ ਪੋਸਟ ਵਿਚ ਪ੍ਰਾਸ਼ਰ ਨੇ ਜਾਣਕਾਰੀ ਦਿੱਤੀ ਹੈ ਕਿ ਔਰਤ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋ ਗਏ ਹਨ ਤੇ ਅਸੀਂ ਉਸ ਦੀ ਗ੍ਰਿਫਤਾਰੀ ਦੀ ਉਡੀਕ ਵਿਚ ਹਾਂ। ਹਮਲਾ ਕਰਨ ਤੋਂ ਪਹਿਲਾਂ ਔਰਤ ਨੇ ਕਿਹਾ ਤੁਸੀਂ ਹਮਾਸ ਦਾ ਸਮਰਥਨ ਕਰਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਉਹ ਅੱਤਵਾਦੀ ਹਨ? ਜਦੋਂ ਪ੍ਰਾਸ਼ਰ ਨੇ ਆਪਣੇ ਫੋਨ 'ਤੇ ਘਟਨਾ ਨੂੰ ਰਿਕਾਰਡ ਕਰਨ ਦਾ ਯਤਨ ਕੀਤਾ ਤਾਂ ਔਰਤ ਨੇ ਪਹਿਲਾਂ ਆਪਣਾ ਫੋਨ ਉਸ ਦੇ ਮਾਰਿਆ ਤੇ ਫਿਰ ਗਰਮ ਕੌਫੀ ਦਾ ਕੱਪ ਉਸ ਵੱਲ ਮਾਰਿਆ ਪਰੰਤੂ ਇਸ ਹਮਲੇ ਵਿਚ ਪ੍ਰਾਸ਼ਰ ਤੇ ਉਸ ਦਾ ਪੁੱਤਰ ਵਾਲ ਵਾਲ ਬਚ ਗਏ। ਪੁਲਿਸ ਨੇ ਔਰਤ ਦਾ ਨਾਂ ਨਹੀਂ ਦਸਿਆ ਹੈ ਤੇ ਕਿਹਾ ਹੈ ਕਿ ਉਹ ਸਥਾਨਕ ਵਾਸੀ ਹੈ।



# ਲਾਸ ਵੇਗਾਸ ਹਾਈ ਸਕੂਲ ਦੇ ਇਕ ਵਿਦਿਆਰਥੀ ਦੀ ਸਾਥੀਆਂ ਵੱਲੋਂ ਕੀਤੀ ਕੁੱਟਮਾਰ ਨਾਲ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਨੇਵਾਡਾ ਰਾਜ ਵਿਚ ਲਾਸ ਵੇਗਾਸ ਹਾਈ ਸਕੂਲ ਦੇ ਇਕ 17 ਸਾਲਾ ਵਿਦਿਆਰਥੀ ਦੀ ਸਾਥੀਆਂ ਵੱਲੋਂ ਕੀਤੀ ਕੁੱਟਮਾਰ ਉਪਰੰਤ ਮੌਤ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਕੁੱਟਮਾਰ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ 8 ਨਬਾਲਗਾਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਜਾ ਰਹੇ ਹਨ। ਪੁਲਿਸ ਦੇ ਇਕ ਬੁਲਾਰੇ ਅਨੁਸਾਰ ਵਾਇਰਲੈੱਸ ਹੈਡਫੋਨ ਚੋਰੀ ਹੋਣ ਨੂੰ ਲੈ ਕੇ ਹੋਏ ਝਗੜੇ ਵਿੱਚ ਜੋਨਾਥਨ ਲੇਵਿਸ ਨਾਮੀ ਵਿਦਿਆਰਥੀ ਦੀ ਪਾਗਲਾਨਾ ਢੰਗ ਨਾਲ ਕੁੱਟਮਾਰ ਕੀਤੀ ਗਈ ਜਿਸ ਉਪਰੰਤ ਉਸ ਦੀ ਮੌਤ ਹੋ ਗਈ। ਲਾਸ ਵੇਗਾਸ ਪੁਲਿਸ ਦੇ ਬੁਲਾਰੇ ਲੈਫਟੀਨੈਂਟ ਜੈਸਨ ਜੌਹਨਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁੱਟਮਾਰ ਦੀ ਇਹ ਘਟਨਾ ਰਾਂਚੋ ਹਾਈ ਸਕੂਲ ਕੈਂਪਸ ਨੇੜੇ ਸਕੂਲ ਵਿਚ ਛੁੱਟੀ ਹੋ ਜਾਣ ਉਪਰੰਤ ਵਾਪਰੀ ਸੀ ਜੋ ਇਕ ਵੀਡੀਓ ਵਿਚ ਰਿਕਾਰਡ ਹੋ ਗਈ ਸੀ।

ਅੰਡਰਸ਼ੈਰਿਫ ਐਂਡਰੀਊ ਵਾਲਸ਼ ਨੇ ਕਿਹਾ ਹੈ ਕਿ 8 ਨਬਾਲਗ ਜਿਨਾਂ ਦੇ ਨਾਂ ਜਨਤਿਕ ਨਹੀਂ ਕੀਤੇ ਗਏ, ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਤੇ ਉਨਾਂ ਨੂੰ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਰਾਂਚੋ ਹਾਈ ਸਕੂਲ ਦੇ ਇਨਾਂ ਸ਼ੱਕੀ ਵਿਦਿਆਰਥੀਆਂ ਦੀ ਉਮਰ 13 ਤੋਂ 17 ਸਾਲਾਂ ਦੇ ਦਰਮਿਆਨ ਹੈ।

# ਅਮਰੀਕਾ ਦੇ ਇਕ ਹਸਪਤਾਲ ਵਿਚ ਚੱਲੀ ਗੋਲੀ, ਇਕ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਨਿਊ ਹੈਂਪਸ਼ਾਇਰ ਰਾਜ ਦੀ ਰਾਜਧਾਨੀ ਕੋਨਕਾਰਡ ਦੇ ਇਕ ਹਸਪਤਾਲ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਦੀ ਕਾਰਵਾਈ ਵਿਚ ਸ਼ੱਕੀ ਹਮਲਾਵਰ ਵੀ ਮਾਰੇ ਜਾਣ ਦੀ ਖਬਰ ਹੈ।

ਕਰਨਲ ਮਾਰਕ ਹਾਲ ਡਾਇਰੈਕਟਰ ਡਵੀਜ਼ਨ ਆਫ ਸਟੇਟ ਪੁਲਿਸ ਨੇ ਇਕ ਪ੍ਰੈਸ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਮਾਨਸਿਕ ਬਿਮਾਰੀਆਂ ਸਬੰਧੀ ਹਸਪਤਾਲ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਦੁਪਹਿਰ ਬਾਅਦ 3138 ਵਜੇ ਦੇ ਆਸ ਪਾਸ ਪੁਲਿਸ ਮੌਕੇ 'ਤੇ ਪੁੱਜੀ ਤਾਂ ਇਕ ਪੁਲਿਸ ਅਫਸਰ ਵੱਲੋਂ ਕੀਤੀ ਜਵਾਬੀ ਕਾਰਵਾਈ ਵਿਚ ਸ਼ੱਕੀ ਹਮਲਵਾਰ ਮਾਰਿਆ ਗਿਆ। ਉਨਾਂ ਕਿਹਾ ਕਿ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਜਖਮੀ ਹੋਏ ਵਿਅਕਤੀ ਨੂੰ ਕੋਨਕਾਰਡ ਦੇ ਇਕ ਹੋਰ ਹਸਪਤਾਲ ਵਿਚ ਲਿਜਾਇਆ ਗਿਆ ਪਰੰਤੂ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਮਾਰਕ ਹਾਲ ਨੇ ਮ੍ਰਿਤਕ ਵਿਅਕਤੀ ਤੇ ਮਾਰੇ ਗਏ ਸ਼ੱਕੀ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਉਨਾਂ ਕਿਹਾ ਕਿ ਹਸਪਤਾਲ ਵਿਚ ਦਾਖਲ ਸਾਰੇ ਮਰੀਜ਼ ਠੀਕ ਠਾਕ ਹਨ । ਇਸ ਹਸਪਤਾਲ ਵਿਚ 100 ਤੋਂ ਵਧ ਮਰੀਜ਼ ਇਲਾਜ ਅਧੀਨ ਹਨ।

# ਸਾਇਕਲਿਸਟ ਅਨਾ ਵਿਲਸਨ ਦੀ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਨੂੰ 90 ਸਾਲ ਕੈਦ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਮਈ 2022 ਵਿਚ 25 ਸਾਲਾ ਪ੍ਰੋਫੈਸ਼ਨਲ ਸਾਇਕਲਿਸਟ ਅਨਾ ਮੋਰੀ-ਆਹ ਵਿਲਸਨ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਕੈਟਲਿਨ ਆਰਮਸਟਰਾਂਗ ਨੂੰ ਜਿਊਰੀ ਵੱਲੋਂ 90 ਸਾਲ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ।

ਇਸ ਦੇ ਨਾਲ ਹੀ 10 ਹਜਾਰ ਡਾਲਰ ਦਾ ਜੁਰਮਾਨਾ ਵੀ ਕੀਤਾ ਹੈ। ਇਸ ਕੇਸ ਨੇ ਉਸ ਵੇਲੇ ਪੂਰੇ ਅਮਰੀਕੀਆਂ ਦਾ ਧਿਆਨ ਖਿਚਿਆ ਸੀ ਜਦੋਂ ਹੋਣਹਾਰ ਸਾਇਕਲਿਸਟ ਕੁੜੀ ਵਿਲਸਨ ਦੀ ਹੱਤਿਆ ਤੋਂ ਬਾਅਦ ਆਰਮਸਟਰਾਂਗ 40 ਦਿਨਾਂ ਤੋਂ ਵਧ ਸਮਾਂ ਗਾਇਬ ਰਹੀ ਸੀ। ਆਰਮਸਟਰਾਂਗ ਦੇ ਉਸ ਵੇਲੇ ਦੇ ਇਕ ਹੋਰ ਸਾਇਕਲਿਸਟ ਦੋਸਤ ਕੋਲਿਨ ਸਟਰਿਕਲੈਂਡ ਆਖਰੀ ਵਿਅਕਤੀ ਸੀ ਜਿਸ ਨੂੰ ਮੌਤ ਤੋਂ ਪਹਿਲਾਂ ਵਿਲਸਨ ਨਾਲ ਵੇਖਿਆ ਗਿਆ ਸੀ। ਹਾਲਾਂ ਕਿ ਬਚਾਅ ਪੱਖ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਪੁਲਿਸ ਨੇ ਹੋਰ ਸ਼ੱਕੀ ਵਿਅਕਤੀਆਂ ਵੱਲ ਧਿਆਨ ਨਹੀਂ ਦਿੱਤਾ ਤੇ ਨਾ ਹੀ ਕਿਸੇ ਨੇ ਵਿਲਸਨ ਦੀ ਹੱਤਿਆ ਹੁੰਦੀ ਵੇਖੀ ਹੈ ਪਰੰਤੂ ਜਿਊਰੀ ਨੇ ਆਰਮਸਟਰਾਂਗ ਨੂੰ ਪਹਿਲਾ ਦਰਜ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ। ਵਿਲਸਨ ਦੀ ਗੋਲੀਆਂ ਵਿੰਨੀ ਲਾਸ਼ ਆਸਟਿਨ ਦੇ ਇਕ ਘਰ ਵਿਚੋਂ ਮਿਲੀ ਸੀ। ਵਿਲਸਨ ਨੇ ਟੈਕਸਾਸ ਵਿਚ 157 ਮੀਲ ਦੀ ਗਰੈਵਲ ਲੋਕੋਸ ਬਾਈਕ ਰੇਸ ਵਿਚ ਹਿੱਸਾ ਲੈਣਾ ਸੀ ਪਰੰਤੂ ਇਸ ਦੌੜ ਤੋਂ 3 ਦਿਨ ਪਹਿਲਾਂ ਹੀ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ।

# ਕੈਲੀਫੋਰਨੀਆ ਵਿਚ ਰੈਲੀ ਦੌਰਾਨ ਯਹੂਦੀ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਸ਼ੱਕੀ ਵਿਅਕਤੀ ਗ੍ਰਿਫਤਾਰ, ਗੈਰ ਇਰਾਦਾ ਹੱਤਿਆ ਦੇ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ–** ਦੱਖਣੀ ਕੈਲੀਫੋਰ-ਨੀਆ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਇਸਰਾਈਲ ਤੇ ਫਲਸਤੀਨ ਪੱਖੀ ਹੋਈਆਂ ਦੋ ਰੈਲੀਆਂ ਦੌਰਾਨ ਹੋਏ ਝਗੜੇ ਵਿੱਚ ਇਕ ਯਹੂਦੀ ਵਿਅਕਤੀ ਪੌਲ ਕੇਸਲਰ ਦੀ ਹੋਈ ਮੌਤ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਥਾਊਜੈਂਡ ਓਕਸ, ਵੈਂਟੂਰਾ ਕਾਊਂਟੀ ਵਿਚ ਕੇਸਲਰ ਦੀ ਹੋਈ ਮੌਤ ਦੇ ਮਾਮਲੇ ਵਿਚ ਸ਼ੱਕੀ ਲੋਆਈ ਅਲਨਾਜੀ (50) ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਗੈਰ ਇਰਾਦਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।

ਸ਼ੈਰਿਫ ਦਫਤਰ ਅਨੁਸਾਰ ਅਲਨਾਜੀ ਦੀ ਜਮਾਨਤ ਲਈ 10 ਲੱਖ ਡਾਲਰ ਰਕਮ ਤੈਅ ਕੀਤੀ ਗਈ ਹੈ। 69 ਸਾਲਾ ਕੇਸਲਰ ਦੀ ਸਿਰ ਵਿਚ ਸੱਟ ਵੱਜਣ ਕਾਰਨ ਮੌਤ ਹੋ ਗਈ ਸੀ।


# ਅਮਰੀਕਾ ਦੇ ਓਹੀਓ ਰਾਜ ਵਿਚ ਵਿਦਿਆਰਥੀਆਂ ਨਾਲ ਭਰੀ ਬੱਸ ਸਮੇਤ 5 ਵਾਹਣਾਂ ਦੀ ਆਪਸ ਵਿਚ ਭਿਆਨਕ ਟੱਕਰ, 6 ਮੌਤਾਂ ਤੇ ਕਈ ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਵਿਚ ਏਟਨਾ ਵਿਖੇ ਇੰਟਰਸਟੇਟ 70 ਉਪਰ ਸਵੇਰ ਵੇਲੇ ਵਾਪਰੇ ਇਕ ਭਿਆਨਕ ਹਾਦਸੇ ਵਿਚ ਕਈ ਵਾਹਣਾਂ ਦੇ ਆਪਸ ਵਿਚ ਟਕਰਾਅ ਜਾਣ ਕਾਰਨ ਘੱਟੋ ਘੱਟ 6 ਮੌਤਾਂ ਹੋਣ ਤੇ 20 ਦੇ ਕਰੀਬ ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਬੱਸ ਵਿਚ ਟਸਕਾਰਾਵਾਸ ਵੈਲੀ ਦੇ ਵਿਦਿਆਰਥੀ ਸਵਾਰ ਸਨ। ਇਹ ਜਾਣਕਾਰੀ ਲਿਕਿੰਗ ਕਾਊਂਟੀ ਦੇ ਐਮਰਜੈਂਸੀ ਮੈਨਜਮੈਂਟ ਡਾਇਰੈਕਟਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਡਾਇਰੈਕਟਰ ਸੀਅਨ ਗਰੈਡੀ ਨੇ ਕਿਹਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਮ੍ਰਿਤਕ ਵਿਦਿਆਰਥੀ ਹਨ ਜਾਂ ਹੋਰ ਵਿਅਕਤੀ ਹਨ ਜੋ ਦੂਸਰੇ ਵਾਹਣਾਂ ਵਿਚ ਸਵਾਰ ਸਨ। ਗਵਰਨਰ ਮਾਈਕ ਡੇਵਾਈਨ ਨੇ ਕਿਹਾ ਹੈ ਕਿ ਇਹ ਇਕ ਭਿਆਨਕ ਸੁਪਨੇ ਦੀ ਤਰਾਂ ਹੈ ਕਿ ਵਿਦਿਆਰਥੀਆਂ ਨਾਲ ਭਰੀ ਬੱਸ ਨੂੰ ਹਾਦਸਾ ਪੇਸ਼ ਆਇਆ ਹੈ। ਉਨਾਂ ਨੇ ਮੌਤਾਂ ਦੀ ਗਿਣਤੀ ਬਾਰੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਪੁਲਿਸ ਸਬੰਧਤ ਪਰਿਵਾਰਾਂ ਨੂੰ ਸੂਚਿਤ ਕਰੇਗੀ। ਸਟੇਟ ਹਾਈਵੇਅ ਪੈਟਰੋਲ ਦੇ ਅਧਿਕਾਰੀ ਲੈਫਟੀਨੈਂਟ ਨਾਥਨ ਡੈਨਿਸ ਨੇ ਕਿਹਾ ਹੈ ਕਿ ਹਾਦਸਾ ਸਵੇਰੇ 8152 ਵਜੇ ਪੱਛਮ ਨੂੰ ਜਾ ਰਹੇ ਵਾਹਣਾਂ ਨਾਲ ਵਾਪਰਿਆ ਜਿਸ ਵਿਚ 5 ਵਾਹਣ ਆਪਸ ਵਿਚ ਭਿੜ ਗਏ। ਉਨਾਂ ਕਿਹਾ ਕਿ 18 ਵਿਅਕਤੀਆਂ ਨੂੰ ਸਥਾਨਕ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਕਈ ਗੰਭੀਰ ਹਨ। ਡੀਵਾਈਨ ਨੇ ਕਿਹਾ ਕਿ ਸੋਗ ਵਜੋਂ ਰਾਜਧਾਨੀ ਵਿਚ ਸਰਕਾਰੀ ਇਮ-ਾਰਤਾਂ ਅਤੇ ਟਸਕਾਰਾਵਾਸ ਕਾਊਂਟੀ ਵਿਚ ਝੰਡੇ ਅੱਧੇ ਝੁਕੇ ਰਹਿਣਗੇ।



# ਅਮਰੀਕਾ ਦੀ ਇਕ ਜੇਲ ਵਿਚ ਚੋਰੀ ਦੇ ਮਾਮਲੇ ਵਿੱਚ ਕੈਦ ਕੱਟ ਰਹੇ 22 ਸਾਲਾ ਨੌਜਵਾਨ ਦੀ ਰਿਹਾਈ ਵਾਲੇ ਦਿਨ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਅਲਾਬਾਮਾ ਰਾਜ ਦੀ ਇਕ ਜੇਲ (ਸੁਧਾਰ ਘਰ) ਵਿਚ ਚੋਰੀ ਦੇ ਇਕ ਮਾਮਲੇ ਵਿਚ ਇਕ ਸਾਲ ਦੀ ਕੈਦ ਕੱਟਣ ਉਪਰੰਤ ਰਿਹਾਈ ਵਾਲੇ ਦਿਨ ਇਕ 22 ਸਾਲਾ ਨੌਜਵਾਨ ਦੀ ਹੋਈ ਮੌਤ ਕਾਰਨ ਉਸ ਦਾ ਪਰਿਵਾਰ ਗਹਿਰੇ ਸਦਮੇ ਵਿਚ ਹੈ। ਡੈਨੀਏਲ ਟੈਰੀ ਵਿਲੀਅਮਜ ਨਾਮੀ ਨੌਜਵਾਨ ਦੀ ਮੌਤ ਬਾਰੇ ਅਲਬਾਮਾ ਡਿਪਾਟਰਮੈਂਟ ਆਫ ਕੋਰੈਕਸ਼ਨਜ ਨੇ ਕਿਹਾ ਹੈ ਕਿ ਇਹ ਮੌਤ ਸੰਭਾਵੀ ਤੌਰ 'ਤੇ ਕੈਦੀਆਂ ਦੀ ਆਪਸ ਵਿਚ ਹੋਈ ਲੜਾਈ ਦਾ ਸਿੱਟਾ ਹੋ ਸਕਦੀ ਹੈ। ਡੈਨੀਏਲ ਦੇ ਪਿਤਾ ਟੈਰੀ ਵਿਲੀਅਮਜ ਨੇ ਕਿਹਾ ਹੈ ਕਿ ਜਦੋਂ ਉਸ ਨੇ ਜੇਲ ਵਾਰਡਨ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਡੈਨੀਏਲ ਦੀ ਮੌਤ ਓਵਰਡੋਜ਼ ਕਾਰਨ ਹੋਈ ਹੈ। ਪਿਤਾ ਦਾ ਵਿਸ਼ਵਾਸ਼ ਹੈ ਕਿ ਜੇਲ ਵਾਰਡਨ ਨੇ ਝੂਠ ਬੋਲਿਆ ਹੈ। ਉਸ ਦਾ ਕਹਿਣਾ ਹੈ ਕਿ ਡੈਨੀਏਲ ਦੇ ਸਰੀਰ ਉਪਰ ਸੱਟਾਂ ਦੇ ਨਿਸ਼ਾਨ ਸਨ ਤੇ ਸਾਰੇ ਸਰੀਰ 'ਤੇ ਨੀਲ ਪਏ ਹੋਏ ਸਨ। ਉਸ ਨੇ ਕਿਹਾ ਕਿ ਜੇਲ ਵਿਚਲੇ ਕੈਦੀਆਂ ਨਾਲ ਗਲਬਾਤ ਕਰਨ 'ਤੇ ਉਹ ਵਿਸ਼ਵਾਸ਼ ਨਾਲ ਕਹਿ ਸਕਦਾ ਹੈ ਕਿ ਹਸਪਤਾਲ ਲਿਜਾਣ ਤੋਂ ਪਹਿਲਾਂ ਡੈਨੀਏਲ ਉਪਰ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਮਾਰਿਆ ਕੁੱਟਿਆ ਗਿਆ। ਦੂਸਰੇ ਪਾਸੇ ਜੇਲ ਵਿਭਾਗ ਨੇ ਕਿਹਾ ਹੈ ਕਿ ਲਾਅ ਇਨਫੋਰਸਮੈਂਟ ਸਰਵਿਸਜ ਡਵੀਜਨ ਮਾਮਲੇ ਦੀ ਜਾਂਚ ਕਰ ਰਿਹਾ ਹੈ। ਮ੍ਰਿਤਕ ਨੌਜਵਾਨ ਦੇ 2 ਸਾਲ ਤੋਂ ਵੀ ਘੱਟ ਉਮਰ ਦੇ ਦੋ ਬੱਚੇ ਹਨ।



ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



Prof (Dr.) Ronki Ram
E-mail: ronkiram@yahoo.co.in
Mob: +91-9878682160


ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ ’ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ ’ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ ’ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ ’ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।



ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ ’ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ ’ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ ’ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ ’ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ ’ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ ’ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ ’ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ ’ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ ’ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ ’ਕਿਛੁ ਸੁਣੀਐ ਕਿਛੁ ਕਹੀਐ’ ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ ’ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ ’ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ ’ਰਾਜੇ ਸੀਹ ਮੁਕਦਮ ਕੁਤੇ’ ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।

**

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਲਾਸਗੋ ਸਿਟੀ ਕਾਊਂਸਿਲ ਨੇ ਲੋਅ ਐਮੀਸ਼ਨ ਜ਼ੋਨ ਦੇ ਜ਼ੁਰਮਾਨੇ ਰਾਹੀਂ 4 ਮਹੀਨੇ 'ਚ ਕਮਾਏ ਲਗਭਗ 5 ਲੱਖ ਪੌਂਡ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** "ਲੋਕਾਂ ਦਾ ਨਾ ਦੁੱਧ ਵਿਕਦਾ, ਤੇਰਾ ਵਿਕਦਾ ਜੈਅ ਕੁਰੇ ਪਾਣੀ" ਵਰਗੇ ਬੋਲ ਗਲਾਸਗੋ ਸਿਟੀ ਕਾਊਂਸਿਲ 'ਤੇ ਹੂਬਹੂ ਢੁਕਦੇ ਨਜ਼ਰ ਆਉਂਦੇ ਹਨ। ਵਜ੍ਹਾ ਇਹ ਹੈ ਕਿ ਸ਼ਹਿਰ ਵਿੱਚ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਲੋਅ ਐਮੀਸ਼ਨ ਜ਼ੋਨ ਦੇ ਸਿਰੋਂ ਹੀ ਕਾਊਂਸਿਲ ਨੇ ਲਗਭਗ 5 ਲੱਖ ਪੌਂਡ ਦੇ ਜ਼ੁਰਮਾਨੇ ਉਗਰਾਹੇ ਹਨ।







ਜੂਨ ਤੋਂ ਸਤੰਬਰ ਦੇ ਅੰਤ ਤੱਕ ਚਾਰ ਮਹੀਨਿਆਂ ਵਿੱਚ ਲੋਅ ਐਮੀਸ਼ਨ ਜ਼ੋਨ (LEZ) ਤੋਂ 478,560 ਪੌਂਡ ਕਮਾਏ ਹਨ। ਜ਼ਿਕਰਯੋਗ ਹੈ ਕਿ ਲੋਅ ਐਮੀਸ਼ਨ ਜ਼ੋਨ ਨਿਯਮਾਂ ਤਹਿਤ, ਜਿਨ੍ਹਾਂ ਡਰਾਈਵਰਾਂ ਦੀਆਂ ਕਾਰਾਂ ਸਾਫ਼ ਹਵਾ ਦੇ ਮਿਆਰਾਂ ਨੂੰ ਪੂਰਾ ਨਹੀਂ ਕਰਦੀਆਂ ਹਨ, ਉਨ੍ਹਾਂ ਨੂੰ 60 ਪੌਂਡ ਜੁਰਮਾਨਾ ਕੀਤਾ ਜਾਂਦਾ ਹੈ ਪਰ ਇਹ ਹਰ ਵਾਰ ਜਦੋਂ ਵਾਹਨ ਪਾਬੰਦੀਸ਼ੁਦਾ ਸਿਟੀ ਸੈਂਟਰ ਜ਼ੋਨ ਵਿੱਚ ਦਾਖਲ ਹੁੰਦਾ ਹੈ ਤਾਂ ਦੁੱਗਣਾ ਹੋ ਜਾਂਦਾ ਹੈ। ਪਿਛਲੇ ਅੰਦਾਜ਼ੇ 1 ਮਿਲੀਅਨ ਪੌਂਡ ਤੱਕ ਦੇ ਸਨ ਪਰ ਜੇਕਰ ਉਹ ਜਾਰੀ ਕੀਤੇ ਜਾਣ ਦੇ ਪਹਿਲੇ 14 ਦਿਨਾਂ ਦੇ ਅੰਦਰ ਅਦਾ ਕੀਤੇ ਜਾਂਦੇ ਹਨ ਤ ਾਂ 50 ਫੀਸਦੀ ਦੀ ਛੋਟ ਮਿਲ ਜਾਂਦੀ ਹੈ। ਕੌਂਸਲ ਨੇ ਕਿਹਾ ਕਿ ਲੋਅ ਐਮੀਸ਼ਨ ਜ਼ੋਨ ਦੁਆਰਾ ਕਮਾਈ ਕੀਤੀ ਆਮਦਨ ਕਾਨੂੰਨੀ ਤੌਰ 'ਤੇ ਸਿਰਫ ਹਵਾ ਪ੍ਰਦੂਸ਼ਣ ਨੂੰ ਘਟਾਉਣ ਜਾਂ ਕੌਂਸਲ ਦੇ ਜਲਵਾਯੂ ਪਰਿਵਰਤਨ ਟੀਚਿਆਂ ਨੂੰ ਪੂਰਾ ਕਰਨ ਲਈ ਖਰਚ ਕੀਤੀ ਜਾਵੇਗੀ। ਕੌਂਸਲ ਦੇ ਬੁਲਾਰੇ ਨੇ ਕਿਹਾ ਕਿ ਲੋਅ ਐਮੀਸ਼ਨ ਜ਼ੋਨ ਮਾਲੀਆ ਕਿਸ 'ਤੇ ਖਰਚ ਕੀਤਾ ਜਾਵੇਗਾ, ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਲੋਅ ਐਮੀਸ਼ਨ ਜ਼ੋਨ ਦੀ ਸ਼ੁਰੂਆਤ 1 ਜੂਨ 2023 ਨੂੰ ਹੀ ਹੋਈ ਸੀ। ਸਤੰਬਰ ਦੇ ਅਖੀਰ ਤੱਕ ਲਗਭਗ 20 ਹਜ਼ਾਰ ਜ਼ੁਰਮਾਨੇ ਜਾਰੀ ਹੋ ਚੁੱਕੇ ਹਨ। ਕੌਂਸਲ ਦੇ ਆਪਣੇ ਵਾਹਨਾਂ ਨੂੰ ਵੀ 27 ਵਾਰ ਜ਼ੁਰਮਾਨੇ ਹੋ ਚੁੱਕੇ ਹਨ। ਗਲਾਸਗੋ ਸਿਟੀ ਕਾਊਂਸਿਲ ਦਾ ਕਹਿਣਾ ਹੈ ਕਿ ਲੋਅ ਐਮੀਸ਼ਨ ਜ਼ੋਨ ਦੀਆਂ ਸ਼ਰਤਾਂ ਦੇ ਘੇਰੇ 'ਚ ਹੁਣ ਤੋਂ ਅੱਠ ਸਾਲ ਪੁਰਾਣੇ ਡੀਜਲ ਵਾਹਨ ਅਤੇ 2006 ਤੋਂ ਪੁਰਾਣੇ ਪੈਟਰੋਲ ਵਾਹਨ ਆਉਂਦੇ ਹਨ। ਇਹਨਾਂ ਵਾਹਨਾਂ ਨੂੰ ਹੀ ਲੋਅ ਐਮੀਸ਼ਨ ਜ਼ੋਨ ਵਿੱਚ ਦਾਖਲ ਹੋਣ ਦੀ ਪਾਬੰਦੀ ਦਾ ਸਾਹਮਣਾ ਕਰਨਾ ਪੈਂਦਾ ਹੈ।

## ਐਸ ਐਸ ਪੀ ਦਲਜਿੰਦਰ ਸਿੰਘ ਢਿੱਲੋਂ ਨੇ ਚਾਰਜ ਸੰਭਾਲਿਆ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਹਾਲ ਹੀ ਵਿੱਚ ਹੋਏ ਪੁਲਿਸ ਤਬਾਦਲਿਆਂ ਦੇ ਚੱਲਦਿਆਂ ਨਵ ਨਿਯੁਕਤ ਐਸ ਐਸ ਪੀ ਦਲਜਿੰਦਰ ਸਿੰਘ ਢਿੱਲੋ ਨੇ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਦਾ ਚਾਰਜ ਸੰਭਾਲਿਆ। ਉਨ੍ਹਾਂ ਤੋਂ ਪਹਿਲਾ ਐਸ ਐਸ ਪੀ ਹਰਕਮਲ ਪ੍ਰੀਤ ਸਿੰਘ ਖੱਖ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਦੀਆਂ ਸੇਵਾਵਾਂ ਨਿਭਾ ਰਹੇ ਸਨ। ਨਵ ਨਿਯੁਕਤ ਐਸ ਐਸ ਪੀ ਦਲਜਿੰਦਰ ਸਿੰਘ ਢਿੱਲੋ ਨੇ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਦਾ ਚਾਰਜ ਸੰਭਾਲਣ ਉਪਰੰਤ ਪੁਲਿਸ ਅਫ਼ਸਰ ਨਾਲ ਮੁਲਾਕਾਤ ਕੀਤੀ ਅਤੇ ਮੀਟਿੰਗ ਵੀ ਕੀਤੀ।



## ਪੇਂਡੂ ਬੇਰੁਜਗਾਰ ਨੋਜਵਾਨਾ ਲਈ ਡੇਅਰੀ ਫਾਰਮਿੰਗ ਲਈ ਸਪੈਸ਼ਲ ਸਿਖਲਾਈ ਕੋਰਸ 28 ਨਵੰਬਰ ਤੋਂ ਕੀਤਾ ਜਾਵੇਗਾ ਸੁਰੂ- ਸ੍ਰੀ ਹਰਵਿੰਦਰ ਸਿੰਘ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੋਜਵਾਨ ਲੜਕੇ/ਲੜਕੀਆਂ ਲਈ ਡੇਅਰੀ ਸਿਖਲਾਈ ਕੋਰਸ ਮਿਤੀ 28/11/2023 ਤੋ 08/12/2023 ਤੱਕ,ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਮਨਵਾਲ ,ਪਠਾਨਕੋਟ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਹਰਵਿੰਦਰ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਪਠਾਨਕੋਟ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਕੋਰਸ ਵਿੱਚ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੈਂਡੂ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ ਜ਼ੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 50 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ,ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਦੀ ਫੀਸ ਜਨਰਲ ਜਾਤੀ ਲਈ 1000/— ਰੁਪਏ ਅਤੇ ਅਨਸੂਚਿਤ ਜਾਤੀ ਲਈ 750/— ਰੁਪਏ ਹੈ,ਜੋ ਕਿ ਮਿਤੀ 28/11/2023 ਨੂੰ ਮੌਕੇ ਤੇ ਹੀ ਜਮ੍ਹਾ ਕਰਵਾਈ ਜਾਵੇਗੀ। ਡੇਅਰੀ ਸਿਖਲਾਈ ਲੈਣ ਉਪਰੰਤ ਵਿਭਾਗ ਵੱਲੋਂ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ।ਜਿਸ ਅਨੁਸਾਰ ਵੱਖ—ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2,5,10,20 ਦੁਧਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਕੇ 25 ਪ੍ਰਤੀਸਤ ਜਨਰਲ ਅਤੇ 33 ਪ੍ਰਤੀਸਤ ਅ।ਜਾਤੀ ਲਈ ਸਬਸਿਡੀ ਪ੍ਰਾਪਤ ਕਰ ਸਕਣਗੇ।

ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਪਠਾਨਕੋਟ ਵਿਖੇ,ਟ੍ਰੇਨਿੰਗ ਲੈਣ ਦੇ ਚਾਹਵਾਨ ਲੜਕੇ/ਲੜਕੀਆਂ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਅਧਾਰ ਕਾਰਡ ਦੀ ਫੋਟੋ ਕਾਪੀ ਲੈ ਕੇ ਮਿਤੀ 24/11/2023 ਤੱਕ ਜਿਲਾ ਪ੍ਰਬੰਧਕੀ ਕੰਪਲੈਕਸ,ਮਲਿਕਪੁਰ, ਦੂਜੀ ਮੰਜਿਲ, ਕਮਰਾ ਨੰ:345—ਂ ਵਿਖੇ ਫਾਰਮ ਜਮ੍ਹਾਂ ਕਰਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ (ਫੋਨ ਨੰ: 0186—2345454 ਜਾ ਮੋਬਾਇਲ ਨੰ: 9876260243) ਤੇ ਸੰਪਰਕ ਕਰ ਸਕਦਾ ਹੈ ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call: 530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call: 650-642-0697

3525 Highway 99, West Corning, CA 96021
Across the Street from TA Truck Stop

# ਤਾਜ ਨਗੀਨਾ ਦਾ ਟਰੈਕ "ਤੇਰਾਂ ਤੇਰਾਂ ਤੋਲਣਾ ਸਿਖਾ ਦੇ" ਰਿਲੀਜ਼

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਨੂੰ ਸਮਰਪਿਤ ਕਰਦਿਆਂ ਗਾਇਕ ਤਾਜ ਨਗੀਨਾ ਨੇ ਆਪਣਾ ਸਿੰਗਲ ਟਰੈਕ "ਤੇਰਾਂ ਤੇਰਾਂ ਤੋਲਣਾ ਸਿਖਾ ਦੇ" ਹਾਲ ਹੀ ਵਿੱਚ ਰਿਲੀਜ਼ ਕੀਤਾ ਹੈ। ਇਸ ਟਰੈਕ ਦੀ ਜਾਣਕਾਰੀ ਦਿੰਦਿਆਂ ਗਾਇਕ ਤਾਜ ਨਗੀਨਾ ਨੇ ਦੱਸਿਆ ਕਿ ਇਸ ਟਰੈਕ ਨੂੰ ਸਾਧ ਬੋਦਲਾਂ ਵਾਲਾ ਨੇ ਕਲਮਬੱਧ ਕੀਤਾ ਹੈ ਅਤੇ ਇਸਦਾ ਸ਼ਾਨਦਾਰ ਸੰਗੀਤ ਸ਼ਹਿਰਾਜ ਵਲੋਂ ਅਤੇ ਵੀਡੀਓ ਭੀਮ ਵਲੋਂ ਤਿਆਰ ਕੀਤਾ ਗਿਆ ਹੈ । ਇਸ ਟਰੈਕ ਦੀ ਪ੍ਰੋਡਿਊਸਰ ਅਮਨ ਕੁਮਾਰੀ ਹੈ । ਬੀਟ ਸਟੋਰ ਨੇ ਇਸ ਨੂੰ ਮਿਕਸ ਕੀਤਾ ਹੈ ਅਤੇ ਇਸ ਟਰੈਕ ਦੇ ਅਸਿਸਟੈਂਟ ਡਾਇਰੈਕਟਰ ਦਲਵੀਰ ਦੋਸਾਂਝ ਹਨ । ਸੋਸ਼ਲ ਮੀਡੀਆ ਤੇ ਇਸ ਟਰੈਕ ਦੀ ਲਾਂਚਿੰਗ ਕੀਤੀ ਜਾ ਚੁੱਕੀ ਹੈ ਅਤੇ ਸਮੂਹ ਸਿੱਖ ਸੰਗਤਾਂ ਵਲੋਂ ਇਸ ਨੂੰ ਭਰਵਾਂ ਪਿਆਰ ਦਿੱਤਾ ਜਾ ਰਿਹਾ ਹੈ । ਜੇਕਰ ਯੋਗ ਹੈ ਕਿ ਗਾਇਕ ਤਾਜ ਨਗੀਨਾ ਵੱਖ ਵੱਖ ਸਮੇਂ ਧਾਰਮਿਕ/ ਸੂਫੀ, ਪੰਜਾਬੀ ਅਤੇ ਬਾਬਾ ਜੀ ਦੇ ਭਜਨ ਸੰਗਤਾਂ /ਸਰੋਤਿਆਂ ਦੀ ਝੋਲੀ ਪਾਉਂਦੇ ਰਹਿੰਦੇ ਹਨ।





# ਸਾਧ ਬੋਦਲਾਂ ਵਾਲਾ ਤੇ ਤਾਜ ਨਗੀਨਾ "ਬਾਬਾ ਨਾਨਕਾ" ਧਾਰਮਿਕ ਗੀਤ ਨਾਲ ਹੋਏ ਹਾਜ਼ਰ




**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਨੂੰ ਸਮਰਪਿਤ ਕਰਦਿਆਂ ਗਾਇਕ ਤਾਜ ਨਗੀਨਾ ਅਤੇ ਸਾਧ ਬੋਦਲਾਂ ਵਾਲਾ "ਬਾਬਾ ਨਾਨਕਾ" ਧਾਰਮਿਕ ਗੀਤ ਨਾਲ ਆਗਮਨ ਪੁਰਬ ਤੇ ਹਾਜ਼ਰੀ ਭਰ ਰਹੇ ਹਨ । ਇਸ ਟਰੈਕ ਦੀ ਜਾਣਕਾਰੀ ਦਿ-ਦਿਆਂ ਗਾਇਕ ਤਾਜ ਨਗੀਨਾ ਨੇ ਦੱਸਿਆ ਕਿ ਇਸ ਟਰੈਕ ਨੂੰ ਸਾਧ ਬੋਦਲਾਂ ਵਾਲਾ ਨੇ ਕਲਮਬੱਧ ਕੀਤਾ ਅਤੇ ਨਾਲ ਇਸ ਟਰੈਕ ਨੂੰ ਆਵਾਜ਼ ਦੇ ਕੇ ਵੀ ਸ਼ਿੰਗਾਰਿਆ ਹੈ ਅਤੇ ਇਸਦਾ ਸ਼ਾਨਦਾਰ ਸੰਗੀਤ ਸ਼ਹਿਰਾਜ ਵਲੋਂ, ਵੀਡੀਓ ਭੀਮ ਵਲੋਂ ਅਤੇ ਸੰਗੀਤ ਮਿਕਸ ਕੁਲਵੰਤ ਕਜਲਾ ਵਲੋਂ ਕੀਤਾ ਗਿਆ ਹੈ । ਇਸ ਟਰੈਕ ਦੀ ਪ੍ਰੋਡਿਊਸਰ ਅਮਨ ਕੁਮਾਰੀ ਹੈ। ਇਸ ਟਰੈਕ ਦੇ ਅਸਿਸਟੈਂਟ ਡਾਇਰੈਕਟਰ ਦਲਵੀਰ ਦੋਸਾਂਝ ਹਨ । ਵੱਖ ਵੱਖ ਸੋਸ਼ਲ ਸਾਈਟਾਂ ਤੇ ਇਸ ਸਿੰਗਲ ਟਰੈਕ ਦਾ ਪੋਸਟਰ ਲਾਂਚ ਕਰ ਦਿੱਤਾ ਗਿਆ ਹੈ ਜਿਸ ਨੂੰ ਸੰਗਤਾਂ ਵੱਲੋਂ ਸਤਿਕਾਰ ਤੇ ਪਿਆਰ ਦਿੱਤਾ ਜਾ ਰਿਹਾ ਹੈ।

# ਸੁਪ੍ਰਸਿੱਧ ਗਾਇਕਾ ਜਸਪਿੰਦਰ ਨਰੂਲਾ ਗੀਤਕਾਰ ਰੱਤੂ ਰੰਧਾਵਾ ਦੇ ਲਿਖੇ ਗੀਤ "ਰੱਬੀ ਨੂਰ" ਨਾਲ ਹਾਜ਼ਰ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪਾਲੀਵੁੱਡ, ਹੌਲੀਵੁੱਡ ਅਤੇ ਬੌਲੀਵੁੱਡ ਦੀ ਪ੍ਰਸਿੱਧ ਗੁਲੂਕਾਰਾ ਬੀਬਾ ਜਸਪਿੰਦਰ ਨਰੂਲਾ ਜੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਮੌਕੇ ਆਪਣਾ ਸਿੰਗਲ ਟਰੈਕ "ਰੱਬੀ ਨੂਰ" ਨਾਲ ਹਾਜ਼ਰੀ ਭਰ ਰਹੀ ਹੈ । ਆਰ ਜੇ ਬੀਟਸ ਅਤੇ ਰਾਮ ਭੋਗਪੁਰੀਆ ਯੂਐਸਏ ਵਲੋਂ ਇਸ ਟਰੈਕ ਨੂੰ ਵਿਸ਼ਵ ਪੱਧਰ ਤੇ ਲਾਂਚ ਕੀਤਾ ਜਾ ਰਿਹਾ ਹੈ ਅਤੇ ਸਮੂਹ ਸਿੱਖ ਸੰਗਤਾਂ ਵੱਲੋਂ ਇਸ ਨੂੰ ਮੁਹ-ਬਤਾਂ ਬਖਸ਼ੀਆਂ ਜਾਣਗੀਆਂ, ਇਸ ਗੱਲ ਲਈ ਸਮੁੱਚੀ ਟੀਮ ਆਸਬੰਦ ਹੈ । ਇਸ ਖੂਬਸੂਰਤ ਟਰੈਕ ਨੂੰ ਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਨੇ ਕਲਮਬੱਧ ਕੀਤਾ ਹੈ ਅਤੇ ਇਸ ਦਾ ਸ਼ਾਨਦਾਰ ਵੀਡੀਓ ਪ੍ਰਸਿੱਧ ਫ਼ਿਲਮਸਾਜ਼ ਬਾਬਾ ਕਮਲ ਨੇ ਤਿਆਰ ਕੀਤਾ ਹੈ। ਸੰਗੀਤ ਰੋਹਿਤ ਕੁਮਾਰ ਬੌਬੀ ਦਾ ਹੈ। ਮਨੀਸ਼ ਠੁਕਰਾਲ ਇਸ ਟਰੈਕ ਦੇ ਐਡੀਟਰ ਹਨ। ਆਰ ਜੇ ਬੀਟਸ ਤੇ ਰਾਮ ਭੋਗਪੁਰੀਆ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਹੋਰ ਵੀ ਟਰੈਕ ਰਿਲੀਜ਼ ਕੀਤੇ ਜਾ ਰਹੇ ਹਨ।




# ਸੂਫੀ ਸਿੰਗਰ ਸੁਲਤਾਨਾ ਨੂਰਾਂ "ਰਬਾਬ" ਟਰੈਕ ਨਾਲ ਰੂਬਰੂ




**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪ੍ਰਸਿੱਧ ਸੂਫੀ ਸਿੰਗਰ ਸੁਲਤਾਨਾ ਨੂਰਾਂ ਦੇ ਗਾਏ ਅਨੇਕਾਂ ਸੂਫੀ ਕਲਾਮਾਂ ਨੂੰ ਸਰੋਤਿਆਂ ਨੇ ਦਿਲੋਂ ਪਿਆਰ ਦਿੱਤਾ, ਇਸ ਅਥਾਹ ਮੁਹੱਬਤ ਤੇ ਪਿਆਰ ਨੂੰ ਕਬੂਲਦਿਆਂ ਸੁਲਤਾਨਾਂ ਨੂਰਾਂ ਵੱਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਮੌਕੇ ਆਪਣਾ ਸਿੰਗਲ ਟਰੈਕ "ਰਬਾਬ" ਟਾਈਟਲ ਹੇਠ ਮਾਹੀ ਵੇ ਮਿਊਜਿਕ ਕੰਪਨੀ ਦੀ ਤਰਫੋਂ ਸਰੋਤਿਆਂ ਦੀ ਸਨਮੁੱਖ ਕੀਤਾ ਜਾ ਰਿਹਾ ਹੈ । ਇਸ ਟਰੈਕ ਨੂੰ ਉਸਤਾਦ ਗੁਲਸ਼ਨ ਮੀਰ ਨੇ ਕੰਪੋਜ਼ ਕੀਤਾ ਹੈ, ਜਦਕਿ ਇਸ ਦੇ ਖੂਬਸੂਰਤ ਬੋਲਾਂ ਨੂੰ ਰੋਮੀ ਬੈਂਸ ਨੇ ਕਲਮਬੰਦ ਕੀਤਾ ਹੈ। ਸੰਗੀਤ ਦੀਆਂ ਸੇਵਾਵਾਂ ਜੱਸੀ ਨਿਹਾਲੂਵਾਲ ਨੇ ਦਿੱਤੀਆਂ ਹਨ ਅਤੇ ਇਸਦਾ ਸ਼ਾਨਦਾਰ ਵੀਡੀਓ ਬਲਵੀਰ ਨਿਹਾਲੂਵਾਲ ਵਲੋਂ ਬਣਾਇਆ ਗਿਆ ਹੈ। ਕੈਂਡੀ ਬੀਟਸ, ਆਦਿਲ ਖਾਨ ਅਤੇ ਕੁਨਾਲ ਪਾਸੀ ਦਾ ਇਸ ਟਰੈਕ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਆਸ ਹੈ "ਰਬਾਬ" ਟਰੈਕ ਨੂੰ ਵੀ ਅਥਾਹ ਮੁਹੱਬਤਾਂ ਦੇ ਕੇ ਸਰੋਤੇ ਨਿਵਾਜਣਗੇ । ਜਿਸ ਲਈ ਐਡਵਾਂਸ ਵਿੱਚ ਹੀ ਸੁਲਤਾਨਾਂ ਨੂਰਾਂ ਨੇ ਸਭ ਸਰੋਤਿਆਂ ਦਾ ਧੰਨਵਾਦ ਕੀਤਾ ਹੈ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
DPF Filter Cleaning
Clutch
Transmission
New/Used Tires
Oil Changes
Wheel Balancing
Truck & Trailer Repair
All Major & Minor Repairs
We Do Aluminum Welding
Computer Check
Differential
Inspections
Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA
MasterCard
AMERICAN EXPRESS
DISCOVER NETWORK
1003 Moffat Blvd,
Manteca CA 95336
209-239-1551

# ਐਸ.ਸੀ.ਬੀ.ਸੀ. ਇੰਪਲਾਇਜ਼ ਵੈਲਫੇਅਰ ਫੈਡਰੇਸ਼ਨ ਨੇ ਐਮ.ਐਲ.ਏ. ਅਤੇ ਕੇਂਦਰੀ ਮੰਤਰੀ ਨੂੰ ਦਿੱਤਾ ਰੋਸ ਪੱਤਰ

**ਫਗਵਾੜਾ (ਬੀ.ਕੇ. ਰੱਤੂ)–** ਐਸ.ਸੀ.ਬੀ.ਸੀ. ਸਮਾਜ ਅਤੇ ਮੁਲਾਜ਼ਮ ਵਰਗ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਇਜ਼ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਵੱਲੋਂ ਸ਼੍ਰੀ ਸਤਵੰਤ ਟੂਰਾ ਜ਼ਿਲ੍ਹਾ ਪ੍ਰਧਾਨ ਅਤੇ ਸ਼੍ਰੀ ਕੁਲਵਿੰਦਰ ਬੋਦਲ ਸਟੇਟ ਪ੍ਰਧਾਨ, ਸ਼੍ਰੀ ਸਲਵਿੰਦਰ ਜੱਸੀ ਸਟੇਟ ਪ੍ਰੈਸ ਸਕੱਤਰ ਦੀ ਅਗਵਾਈ ਅਧੀਨ ਸਟੇਟ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਇੱਕ ਵਫ਼ਦ ਹਲਕਾ ਫਗਵਾੜਾ ਤੋਂ ਮੌਜੂਦਾ ਐਮ।ਐਲ।ਏ। ਸ਼੍ਰੀ ਬਲਵਿੰਦਰ ਸਿੰਘ ਧਾਲੀਵਾਲ ਅਤੇ ਸ਼੍ਰੀ ਸੋਮ ਪ੍ਰਕਾਸ਼ ਕੈਂਥ ਕੇਂਦਰੀ ਰਾਜ ਮੰਤਰੀ ਵਣਜ ਅਤੇ ਉਦਯੋਗ ਨੂੰ ਉਹਨਾਂ ਦੇ ਗ੍ਰਹਿ ਵਿਖੇ ਮਿਲਿਆ ਅਤੇ ਸਮਾਜ ਤੇ ਮੁਲਾਜ਼ਮ ਵਰਗ ਦੀਆਂ ਮੁੱਖ ਮੰਗਾਂ ਨੂੰ ,ਜਿਨ੍ਹਾਂ ਵਿੱਚ 85ਵੀਂ ਸੰਵਿਧਾਨਿਕ ਸੋਧ ਨੂੰ ਜੂਨ 1995 ਤੋਂ ਲਾਗੂ ਕਰਵਾਉਣਾ,10 ਅਕਤੂਬਰ 2014 ਦਾ ਗ਼ੈਰ ਸੰਵਿਧਾਨਿਕ ਪੱਤਰ ਜਾਰੀ ਕਰਨ ਦੀ ਮਿਤੀ ਤੋਂ ਰੱਦ ਕਰਵਾਉਣਾ, ਸਾਰੇ ਵਿਭਾਗਾਂ ਵਿਚ ਫਰੀਜ਼ ਕੀਤੀਆਂ ਪੋਸਟਾਂ ਨੂੰ ਬਹਾਲ ਕਰਵਾਉਣਾ,6ਵੇਂ ਤਨਖਾਹ ਕਮਿਸ਼ਨ ਦੇ ਬਕਾਏ ਜਾਰੀ ਕਰਵ-ਾਉਣਾ ਮਿਡ-ਡੇਅ-ਮੀਲ ਵਰਕਰਾਂ ਨੂੰ ਡੀ.ਸੀ. ਰੇਟ ਅਧੀਨ ਲਿਆਉਣਾ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਤੌਰ 'ਤੇ ਮਰਜ ਕਰਵਾਉਣਾ ਆਦਿ ਮੰਗਾਂ ਨੂੰ ਲੈਕੇ ਫੈਡਰੇਸ਼ਨ ਵੱਲੋਂ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ,ਪਰ ਪੰਜਾਬ ਸਰਕਾਰ ਦਾ ਮੁਲਾਜ਼ਮ ਵਰਗ ਪ੍ਰਤੀ ਵਤੀਰਾ ਠੀਕ ਨਹੀਂ ਹੈ, ਕਿਉਂਕਿ ਮੁੱਖ ਮੰਤਰੀ ਪੰਜਾਬ ਵੱਲੋਂ ਇੱਕ ਵਾਰ ਵੀ ਸਟੇਟ ਲੀਡਰਸ਼ਿਪ ਨੂੰ ਮਿਲਣ ਦਾ ਸਮਾਂ ਨਾ ਦੇ ਕੇ ਇਹ ਸਿੱਧ ਕੀਤਾ ਜਾ ਰਿਹਾ ਹੈ ਕਿ ਸਰਕਾਰ ਐਸ.ਸੀ.ਬੀ.ਸੀ. ਮੁਲਾਜ਼ਮ ਵਰਗ ਅਤੇ ਸਮਾਜ ਵਿਰੋਧੀ ਹੈ।ਇਸ ਕਰਕੇ ਮੁਲਾਜ਼ਮ ਵਰਗ ਵਿੱਚ ਪੰਜਾਬ ਸਰਕਾਰ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ, ਇਸੇ ਰੋਸ ਤਹਿਤ ਅੱਜ ਰੋਸ ਪੱਤਰ ਦਿੱਤੇ ਗਏ ਹਨ। ਸ਼੍ਰੀ ਸਤਵੰਤ ਟੂਰਾ ਨੇ ਮਾਣਯੋਗ ਕੇਂਦਰੀ ਮੰਤਰੀ ਸ਼੍ਰੀ ਸੋਮ ਪ੍ਰਕਾਸ਼ ਕੈਂਥ ਕੋਲ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਮਸਲਾ ਵੀ ਉਠਾਇਆ। ਇਸ ਸਮੇਂ ਸ਼੍ਰੀ ਮਨਜੀਤ ਗਾਟ, ਸ਼੍ਰੀ ਲਖਵੀਰ ਚੰਦ, ਸ਼੍ਰੀ ਮੱਖਣ ਰੱਤੂ ਜ਼ਿਲ੍ਹਾ ਪ੍ਰਧਾਨ ਜਲੰਧਰ, ਸ਼੍ਰੀ ਵਿਨੋਦ ਕੁਮਾਰ, ਸ਼੍ਰੀ ਗਿਆਨ ਚੰਦ ਵਾਹਦ, ਸ਼੍ਰੀ ਸੁਰਜੀਤ ਲਾਲ, ਸ਼੍ਰੀ ਅਸ਼ੋਕ ਕੁਮਾਰ,ਆਦਿ ਹੋਰ ਸਾਥੀ ਵੀ ਮੌਜੂਦ ਸਨ।





## ਸਮਾਜ ਦੇ ਬੁੱਧੀਜੀਵੀ ਸਾਥੀਓ

ਜਿਵੇਂ ਕਿ ਤੁਸੀਂ ਜਾਣਦੇ ਹੋ ਪੰਜਾਬ ਵਿੱਚ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਵਿਅਕਤੀਆਂ ਦੀ ਆਬਾਦੀ ਸਾਰੇ ਸੂਬਿਆਂ ਤੋਂ ਵੱਧ ਹੈ। ਵੱਖ ਵੱਖ ਸਰਕਾਰਾਂ ਨੇ ਸਮੇਂ ਸਮੇਂ ਤੇ ਅਨੁਸੂਚਿਤ ਜਾਤੀ ਵਰਗ ਦੀ ਭਲਾਈ ਲਈ ਸਹੂਲਤਾਂ ਅਤੇ ਅਧਿਕਾਰਾਂ ਦੀ ਰੱਖਿਆ ਕਰਨ ਨੂੰ ਅਣਗੋਲਿਆ ਕੀਤਾ ਹੈ ਅਤੇ ਅਕਸਰ ਹੀ ਇਹਨਾਂ ਦੇ ਹੱਕਾਂ ਤੇ ਡਾਕਾ ਮਾਰਿਆ ਹੈ।



ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਅਨੁਸੂਚਿਤ ਜਾਤੀ ਦੇ ਵੋਟਰਾਂ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ ਅਤੇ ਰਾਖਵੀਆਂ 34 ਸੀਟਾਂ ਵਿੱਚੋਂ 29 ਤੇ ਇਸ ਪਾਰਟੀ ਦੇ ਹੀ ਵਿਧਾਇਕ ਬਣੇ ਹਨ । ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਤੇ ਚੱਲਣ ਦੇ ਦਾਵੇ ਵੀ ਹਵਾ ਵਿੱਚ ਉੱਡਦੇ ਨਜ਼ਰ ਆ ਰਹੇ ਹਨ।

ਮੌਜੂਦਾ ਸਰਕਾਰ ਵੱਲੋਂ ਸੰਵਿਧਾਨਿਕ ਸੰਸਥਾਵਾਂ ਨਾਲ ਖਿਲਵਾੜ ਕਰਕੇ ਅਤੇ ਨਜ਼ਰ ਅੰਦਾਜ਼ ਕਰਕੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਚਕਨਾ ਚੂਰ ਕੀਤਾ ਜਾ ਰਿਹਾ ਹੈ। ਸਰਕਾਰ ਅਤੇ ਵਿਰੋਧੀ ਪਾਰਟੀਆਂ ਦੇ ਵੱਖ-ਵੱਖ ਆਗੂਆਂ ਨੂੰ ਅਪੀਲ ਹੈ ਕੀ ਸੰਵਿਧਾਨਕ ਸੰਸਥਾਵਾਂ ਨੂੰ ਬਚਾਉਣ ਲਈ ਅੱਗੇ ਆਕੇ ਕੰਮ ਕਰੋ ਨਹੀਂ ਤਾਂ ਇਹ ਮੰਨਿਆ ਜਾਵੇਗਾ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਅਧਿਕਾਰਾਂ ਦਾ ਸ਼ੋਸ਼ਣ ਕਰਨ ਲਈ ਸਭ ਆਗੂ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਬਰਾਬਰ ਜਿੰਮੇਵਾਰ ਹਨ।

**– ਕੁਲਦੀਪ ਚੰਦ ਦੋਭੇਟਾ**
**ਮਿਸ਼ਨ ਪੇ ਬੈਕ ਟੂ ਸੋਸਾਇਟੀ !**

## ਜ਼ਿਲ੍ਹਾ ਤੇ ਸ਼ੈਸ਼ਨ ਜੱਜ ਵੱਲੋਂ ਜੁਡੀਸ਼ੀਅਲ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

**ਸੰਗਰੂਰ, (ਦਲਜੀਤ ਕੌਰ)** ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਨਵੀਂ ਦਿੱਲੀ ਵੱਲੋ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ 09 ਦਸੰਬਰ ਨੂੰ ਜ਼ਿਲ੍ਹਾ ਸੰਗਰੂਰ ਅਤੇ ਜ਼ਿਲ੍ਹਾ ਮਲੇਰਕੋਟਲਾ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਅੱਜ ਆਰ.ਐਸ. ਰਾਏ ਜ਼ਿਲ੍ਹਾ ਅਤੇ ਸੈਸ਼ਨਜ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵੱਲੋ ਸਾਰੇ ਜੁਡੀਸ਼ੀਅਲ ਅਫ਼ਸਰਾਂ ਨਾਲ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਉਨ੍ਹਾਂ ਵੱਲੋ ਸਾਰੇ ਜੁਡੀਸ਼ੀਅਲ ਅਫ਼ਸਰਾਂ ਨੂੰ ਇਸ ਕੌਮੀ ਲੋਕ ਅਦਾਲਤ ਵਿੱਚ ਰਾਜੀਨਾਮਿਆਂ ਰਾਹੀਂ ਵੱਧ ਤੋਂ ਵੱਧ ਕੇਸਾਂ ਦਾ ਫੈਸਲਾ ਕਰਨ ਦੀ ਹਦਾਇਤ ਕੀਤੀ ਗਈ।



ਅੰਤ ਵਿੱਚ ਕੌਮੀ ਲੋਕ ਅਦਾਲਤ ਦੇ ਫਾਇਦਿਆਂ ਬਾਰੇ ਦੱਸਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪੀ.ਐਸ. ਕਾਲੇਕਾ ਨੇ ਜਾਣਕਾਰੀ ਦਿੱਤੀ ਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਸਸਤਾ ਅਤੇ ਛੇਤੀ ਨਿਆ ਮਿਲਦਾ ਹੈ। ਇਸ ਤੋਂ ਇਲਾਵਾ ਆਪਸੀ ਰਜ਼ਾਮੰਦੀ ਨਾਲ ਝਗੜੇ ਨਿਪਟਾਏ ਜਾਂਦੇ ਹਨ ਜਿਸ ਨਾਲ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ ਅਤੇ ਇਸਦੇ ਫੈਸਲੇ ਦੇ ਖਿਲਾਫ ਕੋਈ ਅਪੀਲ ਵੀ ਨਹੀਂ ਹੁੰਦੀ। ਕੌਮੀ ਲੋਕ ਅਦਾਲਤ ਦੀ ਵਧੇਰੇ ਜਾਣਕਾਰੀ ਲਈ ਇਸ ਦਫ਼ਤਰ ਦੇ ਫੋਨ ਨੰਬਰ 01672—230725 ਜਾਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 1968 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਠਾਨਕੋਟ ਪੁਲਿਸ ਨੇ ਟੈਲੀਗ੍ਰਾਮ-ਅਧਾਰਤ ਘੁਟਾਲੇ ਦਾ ਕੀਤਾ ਪਰਦਾਫਾਸ਼, ਨਾਗਰਿਕਾਂ ਨੂੰ ਸੁਚੇਤ ਰਹਿਣ ਦੀ ਚੇਤਾਵਨੀ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਨੌਕਰੀ ਭਾਲਣ ਵਾਲਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਸਾਈਬਰ ਘੁਟਾਲਿਆਂ ਦੇ ਇੱਕ ਤਾਜ਼ਾ ਵਾਧੇ ਵਿੱਚ, ਪਠਾਨਕੋਟ ਪੁਲਿਸ ਸਾਈਬਰ ਸੈੱਲ ਨੇ ਇੱਕ ਟੈਲੀਗ੍ਰਾਮ-ਅਧਾਰਤ ਧੋਖਾਧੜੀ ਦਾ ਪਰਦਾਫਾਸ਼ ਕੀਤਾ ਹੈ, ਜਿਸ ਨਾਲ ਸੈਲਫੋਨ ਉਪਭੋਗਤਾਵਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ ਹੈ। ਰੋਜ਼ਗਾਰ ਦੀ ਮੰਗ ਕਰਨ ਵਾਲੇ ਬਹੁਤ ਸਾਰੇ ਲੋਕ ਟੈਲੀਗ੍ਰਾਮ ਮੈਸੇਜਿੰਗ ਪਲੇਟਫਾਰਮ 'ਤੇ ਕੰਮ ਕਰ ਰਹੇ ਸਾਈਬਰ ਧੋਖਾਧੜੀ ਦੇ ਸ਼ਿਕਾਰ ਹੋ ਗਏ ਹਨ। ਨੌਜਵਾਨਾਂ ਦੀਆਂ ਇੱਛਾਵਾਂ ਦਾ ਸ਼ੋਸ਼ਣ ਕਰਦੇ ਹੋਏ, ਇਹ ਘੁਟਾਲੇ ਕਰਨ ਵਾਲੇ ਪਾਰਟ-ਟਾਈਮ ਨੌਕਰੀ ਦੇ ਮੌਕੇ ਦੀ ਪੇਸ਼ਕਸ਼ ਕਰਦੇ ਹਨ, ਬਾਅਦ ਵਿੱਚ ਭਾਰੀ ਰਕਮਾਂ ਕੱਢਦੇ ਹਨ। ਡੀ-ਐਸਪੀ ਹੈੱਡਕੁਆਰਟਰ ਨਛੱਤਰ ਸਿੰਘ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਸਾਈਬਰ ਸੈੱਲ ਦੀ ਇੰਚਾਰਜ ਐਸਆਈ ਦਿਲਪ੍ਰੀਤ ਕੌਰ ਨੇ ਆਪਣੀ ਕਾਰਜ ਪ੍ਰਣਾਲੀ ਦਾ ਵੇਰਵਾ ਦਿੰਦੇ ਹੋਏ ਖੁਲਾਸਾ ਕੀਤਾ ਕਿ ਧੋਖੇਬਾਜ਼ ਟੈਲੀਗ੍ਰਾਮ ਰਾਹੀਂ ਸੰਪਰਕ ਸ਼ੁਰੂ ਕਰਦੇ ਹਨ, ਪਾਰਟ-ਟਾਈਮ ਨੌਕਰੀ ਦੀਆਂ ਮੁਨਾਫ਼ੇ ਸੰਭਾਵਨਾਵਾਂ ਪੇਸ਼ ਕਰਦੇ ਹਨ ਜਿਵੇਂ ਕਿ ਯੂਟਿਊਬ ਵੀਡੀਓਜ਼ ਦੇਖ ਕੇ ਪੈਸਾ ਕਮਾਉਣਾ, ਸਮੀਖਿਆਵਾਂ ਲਿਖਣਾ, ਖੋਜ ਕਰਨਾ ਮਸ਼ਹੂਰ ਹਸਤੀਆਂ ਜਾਂ ਫਿਲਮਾਂ, ਅਤੇ ਹੋਟਲਾਂ ਲਈ ਰੇਟਿੰਗ ਪ੍ਰਦਾਨ ਕਰਨਾ। 50 ਤੋਂ 100 ਤੱਕ ਦੇ ਭੁਗਤਾਨ ਦਾ ਵਾਅਦਾ ਕਰਦੇ ਹੋਏ, ਧੋਖਾਧੜੀ ਕਰਨ ਵਾਲੇ ਪੀੜਤਾਂ ਨੂੰ ਰਣਨੀਤਕ ਤੌਰ 'ਤੇ ਟੈਲੀਗ੍ਰਾਮ ਸਮੂਹਾਂ ਵਿੱਚ ਜੋੜਦੇ ਹਨ, ਹਦਾਇਤਾਂ ਅਤੇ ਕਾਰਜ-ਸਬੰਧਤ ਲਿੰਕ ਪੇਸ਼ ਕਰਦੇ ਹਨ। ਸ਼ੁਰੂ ਵਿੱਚ, ਭਰੋਸਾ ਪੈਦਾ ਕਰਨ ਲਈ ਉਮੀਦਵਾਰਾਂ ਦੇ ਖਾਤਿਆਂ ਵਿੱਚ ਛੋਟੀਆਂ ਰਕਮਾਂ ਟਰਾਂਸਫਰ ਕੀਤੀਆਂ ਜਾਂਦੀਆਂ ਹਨ। ਹਾਲਾਂਕਿ, ਸਥਿਤੀ ਇੱਕ ਭਿਆਨਕ ਮੋੜ ਲੈਂਦੀ ਹੈ ਜਦੋਂ ਉਮੀਦਵਾਰਾਂ ਨੂੰ ਇੱਕ "ਪ੍ਰੀਪੇਡ ਟਾਸਕ" ਸਮੂਹ ਵਿੱਚ ਸ਼ਾਮਲ ਕੀਤਾ ਜਾਂਦਾ ਹੈ, 20 ਕੰਮ ਸੌਂਪੇ ਜਾਂਦੇ ਹਨ।



# ਕੈਬਨਿਟ ਮੰਤਰੀ ਪੰਜਾਬ ਸ. ਚੇਤਨ ਸਿੰਘ ਜੌੜਾਮਾਜਰਾ ਨੇ ਸੁਜਾਨਪੁਰ ਵਿਖੇ ਲੀਚੀ ਐਸਟੇਟ ਦਾ ਕੀਤਾ ਦੌਰਾ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਬਾਗਬਾਨੀ ਕਿਸਾਨਾਂ ਲਈ ਇੱਕ ਲਾਹੇਵੰਦ ਧੰਦਾ ਹੈ ਅਤੇ ਕਿਸਾਨ ਖੇਤੀ ਦੇ ਨਾਲ ਨਾਲ ਬਾਗਬਾਨੀ ਧੰਦਾ ਅਪਣਾ ਕੇ ਹੋਰ ਵੀ ਵਧੇਰੇ ਲਾਭ ਕਮਾ ਸਕਦੇ ਹਨ ਅਗਰ ਪਠਾਨਕੋਟ ਦੀ ਗੱਲ ਕਰੀਏ ਦਾ ਪਠਾਨਕੋਟ ਦੀ ਲੀਚੀ ਜੋ ਕਿ ਪੂਰੇ ਦੇਸ ਅੰਦਰ ਵਧੀਆ ਕਵਾਲਿਟੀ ਕਾਰਨ ਜਾਣੀ ਜਾਂਦੀ ਹੈ ਅਤੇ ਬਾਗਬਾਨਾਂ ਨੂੰ ਵਧੇਰੇ ਲਾਭ ਪਹੁੰਚਾਂ ਰਹੀ ਹੈ ਉਨ੍ਹਾਂ ਦਾ ਉਪਰਾਲਾ ਰਹੇਗਾ ਕਿ ਲੀਚੀ ਦੇ ਰੇਟ ਬਾਗਬਾਨਾਂ ਨੂੰ ਹੋਰ ਵਧੀਆ ਮਿਲ ਸਕਣ ਇਸ ਦੇ ਲਈ ਲੀਚੀ ਨੂੰ ਦੁਸਰੇ ਦੇਸਾਂ ਤੱਕ ਪਹੁੰਚਾਉਂਣ ਦੀਆਂ ਕੋਸਿਸਾਂ ਜਾਰੀ ਹਨ, ਇਸ ਨਾਲ ਕਿਸਾਨਾਂ ਨੂੰ ਵੀ ਲਾਭ ਹੋਵੇਗਾ। ਇਹ ਪ੍ਰਗਟਾਵਾਂ ਸ. ਚੇਤਨ ਸਿੰਘ ਜੌੜਾਮਾਜਰਾ ਸੁਤੰਤਰਤਾ ਸੈਨਾਨੀ ਰੱਖਿਆ ਸੇਵਾਵਾਂ ਭਲਾਈ, ਬਾਗਬਾਨੀ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਨੇ ਅੱਜ ਸੁਜਾਨਪੁਰ ਵਿਖੇ ਸਥਿਤ ਲੀਚੀ ਐਸਟੇਟ ਦਾ ਦੋਰਾ ਕਰਨ ਮਗਰੋਂ ਕੀਤਾ। ਜਿਕਰਯੋਗ ਹੈ ਕਿ ਉਨ੍ਹਾਂ ਅਪਣੇ ਇਸ ਦੋਰੇ ਦੋਰਾਨ ਜਿੱਥੇ ਬਾਗਬਾਨਾਂ ਨਾਲ ਗੱਲਬਾਤ ਕੀਤੀ ਅਤੇ ਭਰੋਸਾ ਦਿੱਤਾਂ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਨ੍ਹਾਂ ਵੱਲੋਂ ਹੋਰ ਵੀ ਉਪਰਾਲੇ ਕੀਤੇ ਜਾਣਗੇ।

ਇਸ ਮੋਕੇ ਤੇ ਸ. ਚੇਤਨ ਸਿੰਘ ਜੌੜਾਮਾਜਰਾ ਸੁਤੰਤਰਤਾ ਸੈਨਾਨੀ ਰੱਖਿਆ ਸੇਵਾਵਾਂ ਭਲਾਈ, ਬਾਗਬਾਨੀ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਜੀ ਵੱਲੋਂ ਸੁਜਾਨਪੁਰ ਵਿਖੇ ਸਥਿਤ ਲੀਚੀ ਐਸਟੇਟ ਅਤੇ ਸੈਰੀਕਲਚਰ ਵਿਭਾਗ ਵੱਲੋਂ ਚਲਾਏ ਜਾ ਰਹੇ ਰੇਸਮ ਦੇ ਕੀੜਿਆਂ ਦੇ ਪ੍ਰੋਜੈਕਟਾਂ ਦਾ ਵੀ ਜਾਇਜਾ ਲਿਆ ਗਿਆ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਲਈ ਹੋਰ ਵੀ ਮਾਨ ਵਾਲੀ ਗੱਲ ਹੈ ਕਿ ਇੱਥੋਂ ਦੀ ਲੀਚੀ ਪੂਰੇ ਦੇਸ ਅੰਦਰ ਅਪਣੀ ਪਹਿਚਾਣ ਬਣਾ ਚੁੱਕੀ ਹੈ ਅਤੇ ਇੱਥੋਂ ਦੇ ਬਾਗਬਾਨ ਜੋ ਕਿ ਲੀਚੀ ਦੀ ਪੈਦਾਵਾਰ ਨੂੰ ਹੋਰ ਅੱਗੇ ਵਧਾਉਂਣ ਵਿੱਚ ਉਪਰਾਲੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਕਿ ਪਿਛਲੇ ਸਾਲ ਦੋਰਾਨ ਉਨ੍ਹਾਂ ਵੱਲੋਂ ਵੀ ਵਿਦੇਸਾਂ ਦਾ ਦੋਰਾ ਕੀਤਾ ਗਿਆ ਅਤੇ ਲੀਚੀ ਦਾ ਵਪਾਰ ਦੂਸਰੇ ਦੇਸਾਂ ਅੰਦਰ ਕਿੱਥੇ ਸਟੈਂਡ ਕਰਦਾ ਹੈ ਇਸ ਦੀਆਂ ਬਰੀਕੀਆਂ ਬਾਰੇ ਵੀ ਜਾਣਿਆ। ਇੱਥੋਂ ਤੱਕ ਕਿ ਜਿਲ੍ਹਾ ਪਠਾਨਕੋਟ ਦੇ ਦੋ ਬਾਗਬਾਨਾਂ ਨੂੰ ਵੀ ਲੀਚੀ ਦੇ ਵਪਾਰ ਨੂੰ ਹੋਰ ਵਧੀਆ ਢੰਗ ਨਾਲ ਕਰਨ ਦੇ ਲਈ ਵਿਦੇਸ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਸਾਡਾ ਉਪਰਾਲਾ ਹੈ ਕਿ ਜਿਲ੍ਹਾ ਪਠਾਨਕੋਟ ਵਿਖੇ ਲੀਚੀ ਦੇ ਵਪਾਰ ਨੂੰ ਹੋਰ ਫੈਲਾਉਂਣ ਦੇ ਲਈ ਵਿਦੇਸਾਂ ਤੱਕ ਭੇਜਿਆ ਜਾਵੈ ਤਾਂ ਜੋ ਬਾਗ-ਬਾਨਾਂ ਨੂੰ ਸਿੱਥੇ ਤੋਰ ਤੇ ਹੋਰ ਮੁਨਾਫਾ ਹੋ ਸਕੇ।



ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਸਮੁਚੇ ਪੰਜਾਬ ਅੰਦਰ ਜਨ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਕਾਰਜ ਕੀਤੇ ਜਾ ਰਹੇ ਹਨ। ਜਿਲ੍ਹਾ ਪਠਾਨਕੋਟ ਦੇ ਲਈ ਇਹ ਹੋਰ ਵੀ ਖੁਸੀ ਦੀ ਗੱਲ ਹੈ ਕਿ ਜਿਲ੍ਹੇ ਅੰਦਰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਈ ਜਾਂਦੀ ਅਤੇ ਇਹ ਕਿਸਾਨਾਂ ਦੀ ਸੋਚ ਨੂੰ ਉਜਾਗਰ ਕਰਦੀ ਹੈ ਕਿ ਖੇਤੀ ਦੇ ਨਾਲ ਨਾਲ ਕਿਸਾਨ ਕੁਦਰਤ ਪ੍ਰੇਮੀ ਵੀ ਹਨ ਅਤੇ ਵਾਤਾਵਰਣ ਦੀ ਵੀ ਸੰਭਾਲ ਕਰ ਰਹੇ ਹਨ।

ਇਸ ਮੋਕੇ ਤੇ ਉਨ੍ਹਾਂ ਵੱਲੋਂ ਲੀਚੀ ਐਸਟੇਟ ਵਿਖੇ ਬਾਗਬਾਨੀ ਦੇ ਲਈ ਖਰੀਦ ਕੀਤੀ ਮਸਿਨਰੀ ਦੇ ਬਾਰੇ ਵੀ ਜਾਣਕਾਰੀਆਂ ਪ੍ਰਾਪਤ ਕੀਤੀਆਂ। ਸੈਰੀਕਲਚਰ ਵਿਭਾਗ ਵੱਲੋਂ ਲੀਚੀ ਐਸਟੇਟ ਅੰਦਰ ਚਲ ਰਹੇ ਰੇਸਮ ਦੇ ਕੀੜਿਆਂ ਦੇ ਪ੍ਰੋਜੈਕਟਾਂ ਦਾ ਵੀ ਦੋਰਾ ਕਰਵਾਇਆ ਗਿਆ ਅਤੇ ਜਿਲ੍ਹਾ ਪਠਾਨਕੋਟ ਵਿੱਚ ਪੈਦਾ ਹੋ ਰਹੇ ਰੇਸਮ ਦਾ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਇਸ ਮੋਕੇ ਤੇ ਕਰਮਚਾਰੀਆਂ ਵੱਲੋਂ ਅਪਣੀਆਂ ਮੰਗਾਂ ਨੂੰ ਲੈ ਕੇ ਕੈਬਨਿਟ ਮੰਤਰੀ ਪੰਜਾਬ ਸ. ਚੇਤਨ ਸਿੰਘ ਜੌੜਾਮਾਜਰਾ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਉਨ੍ਹਾਂ ਅੱਜ ਲੀਚੀ ਐਸਟੇਟ ਸੁਜਾਨਪੁਰ ਵਿਖੇ ਡਾ। ਗੁਰਿੰਦਰ ਸਿੰਘ ਧੰਜਲ ਡਿਪਟੀ ਡਾਇਰੈਕਟਰ ਬਾਗਬਾਨੀ ਪਠਾਨਕੋਟ ਦੇ ਸੇਵਾ ਮੁਕਤ ਹੋਣ ਤੇ ਯਾਦਗਾਰ ਚਿਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੋਕੇ ਤੇ ਬਾਗਬਾਨੀ ਵਿਭਾਗ ਪਠਾਨਕੋਟ ਵੱਲੋਂ ਵੀ ਕੇਬਨਿਟ ਮੰਤਰੀ ਪੰਜਾਬ ਨੂੰ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ਼੍ਰੀ ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਡਾ. ਤਜਿੰਦਰ ਸਿੰਘ ਬਾਜਵਾ ਡਿਪਟੀ ਡਾਇਰੈਕਟਰ ਬਾਗਬਾਨੀ ਗੁਰਦਾਸਪੁਰ, ਜਤਿੰਦਰ ਕੁਮਾਰ ਬਲਾਕ ਬਾਗਬਾਨੀ ਅਫਸਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਡਾ. ਗੁਰਿੰਦਰ ਸਿੰਘ ਧੰਜਲ ਡਿਪਟੀ ਡਾਇਰੈਕਟਰ ਬਾਗਬਾਨੀ ਪਠਾਨਕੋਟ, ਭੂਰੀ ਸਿੰਘ ਫੁਲਪਿਆਰਾ, ਬਲਰਾਮ ਸਿੰਘ ਛੋੜੀਆਂ ਡਾਇਰੈਕਟਰ ਸੁਗਰਕੇਨ ਪੰਜਾਬ, ਨਰਿੰਦਰ ਸਿੰਘ ਵਾਈਸ ਚੇਅਰਮੈਨ ਸੁਗਰਮਿੱਲ ਪਨਿਆੜ, ਰਾਕੇਸ ਡਡਵਾਲ ਮੁਰਾਦਪੁਰ, ਸੁਦਰਸਨ ਪਰਮਾਰ ਨੰਗਲ ਆਦਿ ਅਧਿਕਾਰੀ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਹਰੇਕ ਵਿਧਾਨ ਸਭਾ ਖੇਤਰ ਵਿੱਚੋਂ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਚਲਾਈਆਂ ਜਾਣਗੀਆਂ ਬੱਸਾਂ- ਡਿਪਟੀ ਕਮਿਸਨਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਹਰੇਕ ਵਿਧਾਨ ਸਭਾ ਖੇਤਰ ਵਿੱਚੋਂ 2/3 ਬੱਸਾਂ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਚਲਾਈਆਂ ਜਾਣਗੀਆਂ, ਜਿਸ ਅਧੀਨ ਅੱਜ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਸਥਿਤ ਦਫਤਰ ਡਿਪਟੀ ਕਮਿਸਨਰ ਵਿਖੇ ਸਬੰਧਤ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਡਾ। ਆਦਿੱਤੀ ਸਲਾਰੀਆਂ ਸਿਵਲ ਸਰਜਨ ਪਠਾਨਕੋਟ, ਯੁੱਧਵੀਰ ਸਿੰਘ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੋਰਾਨ ਜਾਣਕਾਰੀ ਦਿੰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਉਂਣ ਦੇ ਉਦੇਸ ਨਾਲ 27 ਨਵੰਬਰ 2023 ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸੁਰੂ ਕੀਤੀ ਜਾ ਰਹੀ ਹੈ। ਜਿਸ ਅਧੀਨ ਤੀਰਥ ਯਾਤਰਾ ਲਈ ਹਰ ਚੋਣ ਹਲਕੇ ਵਿਚੋਂ 2/3 ਬੱਸਾਂ



ਹਰ ਮਹੀਨੇ ਭਾਵ 8 ਬੱਸਾਂ ਅਗਲੇ ਤਿੰਨ ਮਹੀਨਿਆਂ ਦੌਰਾਨ ਫਿਲਹਾਲ ਚੱਲਣਗੀਆਂ।

ਉਨ੍ਹਾਂ ਦੱਸਿਆ ਕਿ ਤੀਰਥ ਯਾਤਰਾ ਸਕੀਮ ਵਿਚ ਧਾਰਮਿਕ ਸਥਾਨਾਂ ਦੇ ਸਰਕਟ ਨਿਰਧਾਰਤ ਕੀਤੇ ਗਏ ਹਨ ਜਿਸ ਅਧੀਨ (1) ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਤਲਵੰਡੀ ਸਾਬੋ ਅਤੇ ਆਨੰਦਪੁਰ ਸਾਹਿਬ, ਪੰਜਾਬ,(2) ਮਾਤਾ ਜਵਾਲਾਜੀ, ਮਾਤਾ ਚਿੰਤਪੂਰਨੀ ਜੀ, ਮਾਤਾ ਨੈਣਾਂ ਦੇਵੀ ਜੀ, ਹਿਮਾਚਲ ਪ੍ਰਦੇਸ਼ (3) ਮਾਤਾ ਵੈਸ਼ਨੂੰ ਦੇਵੀ ਜੀ, ਜੰਮੂ ਅਤੇ ਕਸ਼ਮੀਰ ਅਤੇ (4) ਸਾਲਾਸਰ ਬਾਲਾਜੀ ਧਾਮ ਅਤੇ ਖਾਟੂ ਸਿਆਮ ਧਾਮ, ਰਾਜਸਥਾਨ ਲਈ ਚਲਾਈਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਧਾਰਮਿਕ ਸਥਾਨਾਂ ਦੇ ਉਪਰੋਕਤ ਸਰਕਟਾਂ ਵਿਚੋਂ ਕਿਸੇ ਇੱਕ ਸਰਕਟ ਲਈ ਯਾਤਰਾ 2 ਦਿਨਾਂ ਲਈ ਹੋਵੇਗੀ ਜਿਸ ਵਿਚ 1 ਰਾਤ ਦਾ ਠਹਿਰਾਵ ਹੋਵੇਗਾ ਜਿਥੇ ਰਾਤ ਰਹਿਣ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਬੱਸ ਯਾਤਰਾ ਦੀ ਸ਼ੁਰੂਆਤ ਵਿਧਾਨ ਸਭਾ ਹਲਕੇ ਵਿਚੋਂ ਨਿਰਧਾਰਤ ਕਿਸੇ ਧਾਰਮਿਕ ਜਾਂ ਇਤਿਹਾਸਕ ਸਥਾਨ ਤੋਂ ਸ਼ੁਰੂ ਹੋਵੇਗੀ ਅਤੇ ਉਪਰੋਕਤ ਸਰਕਟ ਵਾਲੇ ਧਾਰਮਿਕ ਸਥਾਨਾਂ ਵਿਚੋਂ ਕਿਸੇ ਇਕ ਸਰਕਟ ਲਈ ਹੋਵੇਗੀ।

ਯਾਤਰਾ ਦੀ ਸ਼ੁਰੂਆਤ ਕਰਨ ਲਈ ਧਾਰਮਿਕ/ਇਤਿਹਾਸਕ ਸਥਾਨ ਦੀ ਚੋਣ ਅਤੇ ਉਪਰੋਕਤ ਸਰਕਟਾਂ ਵਿਚੋਂ ਹਲਕੇ ਦੀ ਮੰਗ ਅਨੁਸਾਰ ਧਾਰਮਿਕ ਸਥਾਨਾਂ ਦੇ ਸਰਕਟ ਦੀ ਚੋਣ (ਕੁੱਲ 8 ਬੱਸਾਂ ਲਈ) ਕੀਤੀ ਜਾਵੇਗੀ। ਮੀਟਿੰਗ ਦੋਰਾਨ ਉਪਰੋਕਤ ਯਾਤਰਾ ਦੇ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦੇ ਲਈ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

# ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਤਹਿਤ ਹੁਸ਼ਿਆਰਪੁਰ ਵਿਖੇ ਰਾਜ ਪੱਧਰੀ ਸਮਾਗਮ 23 ਨੂੰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਤਹਿਤ ਹੁਸ਼ਿਆਰਪੁਰ ਵਿਖੇ 23 ਨਵੰਬਰ ਨੂੰ ਲਾਜਵੰਤੀ ਸਟੇਡੀਅਮ ਵਿਖੇ ਸਵੇਰੇ 11 ਵਜੇ ਸੂਬਾ ਪੱਧਰੀ ਸਮਾਗਮ



ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਮੁੱਖ ਮਹਿਮਾਨ ਅਤੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਸਕੂਲੀ ਬੱਚਿਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ 51 ਨਵਜੰਮੀਆਂ ਬੱਚੀਆਂ, 21 ਗਰਭਵਤੀ ਔਰਤਾਂ, 30 ਸਿਹਤਮੰਦ ਬੇਬੀ ਸ਼ੋਅ ਕਰਨ ਵਾਲੇ ਬੱਚਿਆਂ ਅਤੇ ਪ੍ਰਾਪਤੀਆਂ ਕਰਨ ਵਾਲੀਆਂ ਲੜਕੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਵੱਲੋਂ ਧੀਆਂ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ ਅਤੇ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸਮਾਗਮ ਵਿਚ ਵੱਡੀ ਗਿਣਤੀ ਵਿਚ ਲੋਕਾਂ ਦੀ ਆਮਦ ਦੇ ਮੱਦੇਨਜ਼ਰ ਵੱਡੀ ਪੱਧਰ 'ਤੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਮਾਗਮ ਨੂੰ ਸੁਚਾਰੂ ਅਤੇ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।

# ਜ਼ਿਲ੍ਹਾ ਪੱਧਰੀ ਹੁਨਰ ਮੁਕਾਬਲਿਆਂ ਲਈ ਰਜਿਸਟ੍ਰੇਸ਼ਨ 30 ਨਵੰਬਰ ਤੱਕ ਹੋਵੇਗੀ - ਡੀ. ਸੀ.

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਫਰਾਂਸ ਵਿਚ ਕਰਵਾਏ ਜਾ ਰਹੇ 47ਵੇਂ ਵਿਸ਼ਵ ਹੁਨਰ ਮੁਕਾਬਲੇ-2024 ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਤਾਂ ਜੋ ਵੱਖ-ਵੱਖ ਪੱਧਰਾਂ 'ਤੇ ਯੋਗ ਉਮੀਦਵਾਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਸੂਬਾ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਲੋੜੀਂਦੀ ਸਿਖਲਾਈ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਹੁਨਰ ਮੁਕਾਬਲੇ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ ਅਤੇ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 30 ਨਵੰਬਰ 2023 ਹੈ। ਉਨ੍ਹਾਂ ਕਿਹਾ ਕਿ ਹੁਨਰ ਮੁਕਾਬਲਿਆਂ ਦਾ ਮੰਤਵ ਹੁਨਰਮੰਦ ਨੌਜਵਾਨਾਂ ਨੂੰ ਤਿਆਰ ਕਰਕੇ ਉਨ੍ਹਾਂ ਦੀ ਸਕਰੀਨਿੰਗ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ ਚਾਰ ਪੱਧਰਾਂ ਜ਼ਿਲ੍ਹਾ, ਸੂਬਾ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਆਯੋਜਿਤ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਰਾਸ਼ਟਰੀ ਪੱਧਰ 'ਤੇ ਜੇਤੂ ਫਰਾਂਸ ਵਿਚ ਆਪਣੇ ਹੁਨਰ ਦਾ ਮੁਜ਼ਾਹਰਾ ਕਰਨਗੇ। ਉਨ੍ਹਾਂ ਕਿਹਾ ਕਿ ਇਹ ਮੁਕਾਬਲੇ 61 ਟਰੇਡਾਂ ਲਈ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਦਸੰਬਰ ਮਹੀਨੇ ਜ਼ਿਲ੍ਹਾ ਪੱਧਰੀ ਹੁਨਰ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਦੀਆਂ ਮਿਤੀਆਂ ਦਾ ਐਲਾਨ ਜਲਦ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੁਕਾਬਲੇ ਵਿਚ ਹਿੱਸਾ ਲੈਣ ਲਈ ਉਮੀਦਵਾਰਾਂ ਦਾ ਜਨਮ 1 ਜਨਵਰੀ 2002 ਨੂੰ ਜਾਂ ਇਸ ਤੋਂ ਬਾਅਦ ਹੋਇਆ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹੁਸ਼ਿਆਰਪੁਰ ਦੀਆਂ ਸਾਰੇ ਤਕਨੀਕੀ ਅਤੇ ਬਹੁ-ਤਕਨੀਕੀ ਕਾਲਜਾਂ, ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਕਿਹਾ ਗਿਆ ਹੈ ਕਿ ਉਹ ਨੌਜਵਾਨਾਂ ਨੂੰ ਇਨ੍ਹਾਂ ਮੁਕਾਬਲਿਆਂ ਬਾਰੇ ਜਾਣਕਾਰੀ ਦੇਣ ਅਤੇ ਡਿਜੀਟਲ ਪੋਰਟਲ www.Skillindiadigital.gov.in/home 'ਤੇ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ।

# ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਸਕੀਮਾਂ ਦਾ 100 ਫੀਸਦੀ ਲਾਭ ਯਕੀਨੀ ਬਣਾਇਆ ਜਾਵੇਗਾ-ਅਸ਼ੋਕ ਸ੍ਰੀਵਾਸਤਵ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੇਂਦਰੀ ਯੋਜਨਾਵਾਂ ਦਾ ਲਾਭ 100 ਫੀਸਦੀ ਲੋਕਾਂ ਤੱਕ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ 'ਵਿਕਸਿਤ ਭਾਰਤ ਸੰਕਲਪ ਯਾਤਰਾ' ਸ਼ੁਰੂ ਕੀਤੀ ਗਈ ਹੈ, ਤਾਂ ਜੋ ਜ਼ਮੀਨੀ ਪੱਧਰ 'ਤੇ ਲੋੜਵੰਦ ਲੋਕਾਂ ਦੇ ਜੀਵਨ ਪੱਧਰ ਵਿਚ ਹੋਰ ਸੁਧਾਰ ਕੀਤਾ ਜਾ ਸਕੇ। ਇਹ ਪ੍ਰਗਟਾਵਾ ਕੇਂਦਰ ਸਰਕਾਰ ਦੇ ਬਿਜਲੀ ਮੰਤਰਾਲੇ ਦੇ ਡਾਇਰੈਕਟਰ ਅਤੇ ਸੀਨੀਅਰ ਅਧਿਕਾਰੀ ਅਸ਼ੋਕ ਸ੍ਰੀਵਾਸਤਵ ਵੱਲੋਂ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਮੌਜੂਦਗੀ ਵਿਚ ਭਾਗੀਦਾਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ।




ਅਸ਼ੋਕ ਸ੍ਰੀਵਾਸਤਵ, ਜਿਹੜੇ ਕਿ ਇਸ ਹੁਸ਼ਿਆਰਪੁਰ ਜ਼ਿਲ੍ਹੇ ਲਈ ਇਸ ਸੰਕਲਪ ਯਾਤਰਾ ਦੇ ਪ੍ਰਭਾਰੀ ਅਧਿਕਾਰੀ ਹਨ, ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਹ ਮੁਹਿੰਮ 15 ਨਵੰਬਰ 2023 ਤੋਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਕੇਂਦਰ ਦੀਆਂ ਪ੍ਰਮੁੱਖ ਸਕੀਮਾਂ ਤੇ ਪ੍ਰੋਗਰਾਮਾਂ ਨੂੰ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਸ਼ੁਰੂ ਕੀਤੀ ਗਈ ਹੈ, ਜੋ ਕਿ 25 ਜਨਵਰੀ 2024 ਨੂੰ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੇਂਡੂ ਖੇਤਰਾਂ ਲਈ ਇਹ ਸੰਕਲਪ ਯਾਤਰਾ 26 ਨਵੰਬਰ 2023 ਤੋਂ 15 ਜਨਵਰੀ 2024 ਤੱਕ ਚਲਾਈ ਜਾਵੇਗੀ। ਇਸੇ ਤਰ੍ਹਾਂ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਵਿਚ ਇਹ ਯਾਤਰਾ 21 ਦਸੰਬਰ 2023 ਤੋਂ 27 ਦਸੰਬਰ 2023 ਤੱਕ ਚੱਲੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਭਾਰਤ ਸਰਕਾਰ ਵੱਲੋਂ ਬਤੌਰ ਨੋਡਲ ਅਫ਼ਸਰ ਇਸ ਮੁਹਿੰਮ ਦੀ ਨਿਗਰਾਨੀ ਕੀਤੀ ਜਾਵੇਗੀ ਅਤੇ ਪਿੰਡਾਂ ਵਿਚ ਸਾਊਂਡ ਸਿਸਟਮ ਅਤੇ ਐਲ। ਈ। ਡੀ। ਸਕਰੀਨਾਂ ਨਾਲ ਲੈਸ ਜਾਗਰੂਕਤਾ ਵੈਨਾਂ ਨੂੰ ਭੇਜ ਕੇ ਕੈਂਪ ਲਗਾਏ ਜਾਣਗੇ, ਜਿਸ ਦੀ ਜਾਣਕਾਰੀ ਸਬੰਧਤ ਪਿੰਡਾਂ ਨੂੰ ਦਿੱਤੀ ਜਾਵੇਗੀ ਅਤੇ ਮੌਕੇ 'ਤੇ ਹੀ ਯੋਗ ਲਾਭਪਾਤਰੀਆਂ ਨੂੰ ਯੋਜਨਾਵਾਂ ਤੇ ਪ੍ਰੋਗਰਾਮਾਂ ਦੇ ਲਾਭ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਨ ਲਈ ਇਨ੍ਹਾਂ ਕੈਂਪਾਂ ਵਿਚ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਹੁਣ ਤੱਕ ਕਦੀ ਨਾ ਕਵਰ ਕੀਤੇ ਗਏ ਲਾਭਪਾਤਰੀਆਂ ਦਾ ਮਾਰਗ ਦਰਸ਼ਨ ਕੀਤਾ ਜਾਵੇਗਾਂ ਤਾਂ ਜੋ ਜਿਨ੍ਹਾਂ ਯੋਜਨਾਵਾਂ ਦਾ ਲਾਭ ਉਨ੍ਹਾਂ ਤੱਕ ਨਹੀਂ ਪਹੁੰਚਿਆ ਹੈ, ਉਹ ਉਨ੍ਹਾਂ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੌਕੇ 'ਮੇਰੀ ਕਹਾਣੀ, ਮੇਰੀ ਜ਼ੁਬਾਨੀ' ਤਹਿਤ ਲਾਭਤਾਰੀਆਂ ਦੇ ਸੁਝਾਅ ਅਤੇ ਸਫਲਤਾ ਦੇ ਕਿੱਸੇ ਵੀ ਵੀਡੀਓਜ਼ ਰਾਹੀਂ ਸਾਂਝੇ ਕੀਤੇ ਜਾਣਗੇ ਤਾਂ ਜੋ ਹਰੇਕ ਅਣਗੌਲੇ ਵਿਅਕਤੀ ਨੂੰ ਪ੍ਰੇਰਿਤ ਕਰਕੇ ਯੋਜਨਾਵਾਂ ਦਾ ਲਾਭ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸ਼ਹਿਰਾਂ ਵਿਚ ਵੀ ਯੋਗ ਲਾਭਪਾਤਰੀਆਂ ਤੱਕ ਲਾਭ ਪਹੁੰਚਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਮੌਕੇ ਦੱਸਿਆ ਕਿ ਵਿਕਸਿਤ ਭਾਰਤ ਸੰਕਲਪ ਯਾਤਰਾ ਨੂੰ ਸਫ਼ਲਤਾ ਪੂਰਵਕ ਲਾਗੂ ਕਰਨ ਲਈ ਜ਼ਿਲ੍ਹਾ ਪੱਧਰੀ ਕਮੇਟੀ ਗਠਿਤ ਕਰ ਲਈ ਗਈ ਅਤੇ ਯੋਜਨਾਵਾਂ ਦੇ ਨੋਡਲ ਅਫ਼ਸਰ ਨਿਯੁਕਤ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਭਾਗੀਦਾਰ ਵਿਭਾਗਾਂ ਦੇ ਤਾਲਮੇਲ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਪ੍ਰਦਾਨ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਤੋਂ ਹੀ ਪਿੰਡਾਂ ਵਿਚ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ, ਜਿਥੇ ਹਜ਼ਾਰਾਂ ਲੋਕਾਂ ਨੂੰ ਲਾਭ ਦਿੱਤਾ ਗਿਆ ਹੈ।

ਉਨ੍ਹਾਂ ਸਮੂਹ ਸਬੰਧਤ ਵਿਭਾਗਾਂ ਨੂੰ ਇਸ ਮੁਹਿੰਮ ਦੀ ਸਫ਼ਲਤਾ ਲਈ ਆਪਸੀ ਤਾਲਮੇਲ ਅਤੇ ਮਿਹਨਤ ਨਾਲ ਕੰਮ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ, ਐਸ। ਡੀ। ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਐਸ. ਡੀ. ਐਮ ਟਾਂਡਾ ਗਗਨਦੀਪ ਸਿੰਘ, ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ, ਜੁਆਇੰਟ ਕਮਿਸ਼ਨਰ ਨਗਰ ਨਿਗਮ ਸਚਿਨ ਪਾਠਕ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਭੁਪਿੰਦਰ ਸਿੰਘ ਮੁਲਤਾਨੀ, ਸਿਵਲ ਸਰਜਨ ਡਾ। ਬਲਵਿੰਦਰ ਕੁਮਾਰ ਡਮਾਣਾ, ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤੋਂ ਫੀਲਡ ਪਬਲਿਸਿਟੀ ਅਫ਼ਸਰ ਰਾਜੇਸ਼ ਬਾਲੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਪਿੰਡਾਂ 'ਚ ਸਰਗਰਮ ਰਹੇ ਅਧਿਕਾਰੀ

**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ।ਐਸ।ਪੀ ਸੁਰੇਂਦਰ ਲਾਂਬਾ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ




ਨਿਯਮਤ ਤੌਰ 'ਤੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਸੁਚੇਤ ਕਰਨ ਵਿੱਚ ਜੁਟੇ ਹੋਏ ਹਨ। ਪਿਛਲੇ ਕਈ ਦਿਨਾਂ ਤੋਂ ਇਹ ਮੁਹਿੰਮ ਜੋਸ਼ੋ ਖਰੋਸ਼ ਨਾਲ ਜਾਰੀ ਹੈ ਜਿਸ ਦਾ ਵਿਆਪਕ ਪੱਧਰ 'ਤੇ ਅਸਰ ਵੇਖਣ ਨੂੰ ਮਿਲ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਪ੍ਰਬੰਧਨ ਵੱਲ ਉਤਸ਼ਾਹਿਤ ਕਰਨ ਦੀ ਇਹ ਮੁਹਿੰਮ ਹਰ ਮੰਚ 'ਤੇ ਪ੍ਰਫੁਲਿਤ ਕੀਤੀ ਜਾ ਰਹੀ ਹੈ ਜਿਸ ਤਹਿਤ ਅਧਿਕਾਰੀਆਂ 'ਤੇ ਆਧਾਰਿਤ ਇਹ ਟੀਮਾਂ ਨਾ ਕੇਵਲ ਪਿੰਡਾਂ ਦੇ ਅੰਦਰੂਨੀ ਹਿੱਸਿਆਂ ਬਲਕਿ ਖੇਤਾਂ, ਸੱਥਾਂ, ਜਨਤਕ ਸਥਾਨਾਂ, ਅਨਾਜ ਮੰਡੀਆਂ ਵਿੱਚ ਜਾ ਕੇ ਹਰ ਉਸ ਵਿਅਕਤੀ ਤੱਕ ਪਹੁੰਚ ਕਰਨ ਲਈ ਸਰਗਰਮ ਹਨ ਜਿਹੜਾ ਕਿਸੇ ਨਾ ਕਿਸੇ ਢੰਗ ਨਾਲ ਖੇਤੀਬਾੜੀ ਦੇ ਕਿੱਤੇ ਨਾਲ ਜੁੜਿਆ ਹੋਇਆ ਹੈ। ਅੱਜ ਵੀ ਜ਼ਿਲ੍ਹੇ ਦੀਆਂ ਸਾਰੀਆਂ ਸਬ ਡਵੀਜ਼ਨਾਂ ਵਿੱਚ ਉਪ ਮੰਡਲ ਮੈਜਿਸਟਰੇਟ ਦੀ ਨਿਗਰਾਨੀ ਹੇਠ ਟੀਮਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਜਾਗਰੂਕ ਕਰਦੇ ਹੋਏ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ ਗਈ। ਉਪ ਮੰਡਲ ਮੈਜਿਸਟਰੇਟ ਲਹਿਰਾ ਤੇ ਮੂਨਕ ਸੂਬਾ ਸਿੰਘ ਨੇ ਖੁਦ ਸਬ ਡਵੀਜਨਾਂ ਦੇ ਪਿੰਡਾਂ ਵਿੱਚ ਜਾਗਰੂਕਤਾ ਅਭਿਆਨ ਦੀ ਕਮਾਨ ਸੰਭਾਲੀ ਅਤੇ ਕਈ ਥਾਈਂ ਪਹੁੰਚ ਕਰਕੇ ਨਾੜ ਨੂੰ ਲੱਗੀ ਅੱਗ ਬੁਝਾਉਣ ਲਈ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਹਰ ਪਿੰਡ ਦੇ ਹਰ ਕਿਸਾਨ ਨੂੰ ਵਾਤਾਵਰਣ ਪੱਖੀ ਸੋਚ ਅਪਣਾਉਣ ਲਈ ਪ੍ਰੇਰਿਤ ਕਰਨ ਲਈ ਇਹ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿੱਚ ਯਕੀਨੀ ਤੌਰ 'ਤੇ ਸਫ਼ਲਤਾ ਹਾਸਲ ਹੋਵੇਗੀ। ਇਸੇ ਦੌਰਾਨ ਐਸ.ਡੀ.ਐਮ ਭਵਾਨੀਗੜ੍ਹ ਵਿਨੀਤ ਕੁਮਾਰ ਦੀ ਅਗਵਾਈ ਹੇਠ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸੁਖਵਿੰਦਰ ਸਿੰਘ ਟਿਵਾਣਾ ਨੇ ਪਿੰਡ ਬਲਿਆਲ ਵਿਖੇ ਅਗਾਂਹਵਧੂ ਕਿਸਾਨ ਰਜਿੰਦਰ ਕਾਂਸਲ ਦੀ ਹੌਂਸਲਾ ਅਫਜਾਈ ਕੀਤੀ ਜੋ ਕਿ ਕਰੀਬ 50 ਏਕੜ ਰਕਬੇ ਵਿੱਚ ਸੁਪਰ ਸੀਡਰ ਰਾਹੀਂ ਕਣਕ ਦੀ ਸਿੱਧੀ ਬਿਜਾਈ ਕਰਦਾ ਹੈ ਅਤੇ ਮਲਚਿੰਗ ਵਿਧੀ ਨੂੰ ਅਪਣਾਉਂਦਾ ਹੋਇਆ ਵਾਤਾਵਰਣ ਦੀ ਸੁਰੱਖਿਆ ਵਿੱਚ ਯੋਗਦਾਨ ਪਾਉਂਦਾ ਹੈ।

# ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਦੇ ਕਾਵਿ ਅਤੇ ਸੰਗੀਤ ਮਹਿਫ਼ਲ ਰੂਪੀ ਸਾਹਿਤਕ ਪ੍ਰੋਗਰਾਮ ਵਿੱਚ, 'ਬੜੇ ਔਖੇ ਪੁੱਤ ਤੋਰਨੇ, ਬੂਹੇ ਭੇੜ ਕੇ ਰੋਂਦੀਆਂ ਮਾਵਾਂ'ਗੀਤ ਨੇ ਸਿਰਜਿਆ ਭਾਵਕ ਮਾਹੌਲ

ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ।) ਵੱਲੋਂ ਇਸ ਮਹੀਨੇ ਕੌਰੀਐਂਡਰ ਇੰਡੀਅਨ ਕਰੀ ਹਾਊਸ ਕੈਂਟ ਸਿਆਟਲ ਵਿਖੇ ਗੀਤਾਂ ਕਵਿਤਾਵਾਂ ਅਤੇ ਸੰਗੀਤ ਦਾ ਇਕ ਸਾਹਿਤਕ ਪ੍ਰੋਗਰਾਮ ਜੋ ਪੰਜਾਬੀਅਤ ਨੂੰ ਸਮਰਪਿਤ ਸੀ, ਕਰਵਾਇਆ ਗਿਆ। ਅਟੱਲ ਸਚਾਈਆਂ ਅਤੇ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਦੇ ਵਿਦਵਾਨਾ ਵੱਲੋਂ ਪੇਸ਼ ਵਿਚਾਰਾਂ ਨੂੰ ਸਾਂਝੇ ਕਰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਗੀਤਾਂ ਵਰਗੇ ਸ਼ਬਦਾਂ ਨਾਲ ਕੀਤੀ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ। ਹਾਜ਼ਰ ਕਵੀਆਂ ਅਤੇ ਗਾਇਕਾਂ ਵੱਲੋਂ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਵਿੱਚ ਕਾਵਿ ਦੀ ਹਰ ਇਕ ਵੰਨਗੀ ਕਵਿਤਾ, ਗੀਤ, ਗ਼ਜ਼ਲ ਆਦਿ ਦਾ ਰੰਗ ਹਾਜ਼ਰ ਸੀ। ਸਭਾ ਦੇ ਮੀਤ ਪ੍ਰਧਾਨ ਡਾ: ਸੁਖਬੀਰ ਬੀਹਲਾ ਵੱਲੋਂ 'ਰਾਣੀਹਾਰ ਅਤੇ ਔਰਤ' ਨਾਂ ਦੀਆਂ ਦੋ ਛੋਟੀਆਂ ਕਵਿਤਾਵਾਂ, ਸ਼ਿੰਗਾਰ ਸਿੰਘ ਸਿੱਧੂ ਵੱਲੋਂ 'ਤੇਰੀ ਯਾਦ ਜਦੋਂ ਤੱਕ ਆਉਣੀ', ਪ੍ਰਸਿੱਧ ਗਾਇਕ ਅਤੇ ਗੀਤਕਾਰ ਬਲਬੀਰ ਲਹਿਰਾ ਵੱਲੋਂ 'ਬੜੇ ਔਖੇ ਪੁੱਤ ਤੋਰਨੇ, ਬੂਹੇ ਭੇੜ ਕੇ ਰੋਂਦੀਆਂ ਮਾਂਵਾਂ', ਅਵਤਾਰ ਸਿੰਘ ਆਦਮਪੁਰੀ ਵੱਲੋਂ 'ਮਨ ਮੇਰੇ ਟਿਕ ਵੀ ਜਾਇਆ ਕਰੋ', ਹਰਦਿਆਲ ਸਿੰਘ ਚੀਮਾ ਵਹਿਣੀਵਾਲ ਵੱਲੋਂ ਗੈਰ ਕਨੂੰਨੀ ਕਾਮਿਆਂ ਦੀ ਲੁੱਟ ਬਾਰੇ ਆਪਣੀ ਕਵਿਤਾ, ਦਵਿੰਦਰ ਸਿੰਘ ਹੀਰਾ ਵੱਲੋਂ 'ਧੰਨ ਹੈ ਧੰਨ ਹੈ ਮੇਰਾ ਗੁਰੂ ਨਾਨਕ ਪਿਆਰਾ ਜੀ', ਡਾ. ਜਸਬੀਰ ਕੌਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ 'ਆ ਪੀ ਲੈ ਜਾਮ ਸ਼ਹਾਦਤ ਦਾ, ਕੰਮ ਕਰ ਲੈ ਕੋਈ ਇਬਾਦਤ ਦਾ'', ਅਵਤਾਰ ਬਿੱਲਾ ਵੱਲੋਂ ਆਪਣਾ ਲਿਖਿਆ ਗੀਤ 'ਮੈਨੂੰ ਤੇਰੇ ਤੋਂ ਪਿਆਰੀ, ਮੇਰੇ ਬਾਬਲੇ ਦੇ ਸਿਰ ਦੀ ਜੋ ਪੱਗ ਸੋਹਣਿਆਂ ਵੇ' ਅਤੇ ਲਿਖਾਰੀ ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਦਾ ਲਿਖਿਆ ਗੀਤ 'ਸਾਡਾ ਰੰਗਲਾ ਦੇਸ਼ ਪੰਜਾਬ ਹਾਕਮੋ ਮੋੜ ਦਿਓ', ਜਗੀਰ ਸਿੰਘ ਵੱਲੋਂ ਗੁਰੂ ਗੋਬਿੰਦ ਜੀ ਬਾਰੇ ਆਪਣੀ ਕਵਿਤਾ ''ਮੇਰਾ ਕੋਈ ਗੀਤ ਨਹੀਂ ਐਸਾ, ਜੋ ਤੇਰੇ ਮੇਚ ਆ ਜਾਵੇ', ਦਲਜੀਤ ਕੌਰ ਚੀਮਾ ਵੱਲੋਂ ਹਰਦਿਆਲ ਸਿੰਘ ਚੀਮਾ ਦਾ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਬਾਰੇ ਲਿਖਿਆ ਗੀਤ ' ਜਿਹੜੇ ਕੌਮ ਲਈ ਮਰਦੇ ਨੇ, ਦੁਨੀਆਂ ਝੁਕ ਝੁਕ ਕਰੇ ਸਲਾਮਾਂ ਅਤੇ ਪ੍ਰਸਿੱਧ ਗਾਇਕਾ ਬੀਬੀ ਦਿਲਪ੍ਰੀਤ ਵੱਲੋਂ 'ਲਾਵਾਂ ਲੈ ਕੇ ਲੈ ਜਾਈਂ ਮੈਨੂੰ ਸੱਜਣਾ ਵਿਆਹ ਕੇ, ਘਰੋਂ ਭੱਜ ਕੇ ਕਰਾਉਣਾ ਨਹੀਂ ਮੈਂ ਵਿਆਹ ਵੇ' ਨਾਲ ਆਪਣੀ ਹਾਜ਼ਰੀ ਲਗਵਾਈ-ਕਿਸੇ ਕਵੀ ਨੇ ਤਰੰਨਮ 'ਚ ਗਾਕੇ ਅਤੇ ਕਿਸੇ ਨੇ ਕਵਿਤਾ ਉਚਾਰ ਕੇ। ਸਭਾ ਦੇ ਅੱਜ ਦੇ ਪ੍ਰਗਰਾਮ ਦੀ ਖਾਸੀਅਤ ਇਹ ਸੀ ਕਿ ਅੱਜ ਪੇਸ਼ਕਾਰੀ ਵਿੱਚ ਬੀਬੀਆਂ ਦੀ ਭਰਵੀਂ ਸ਼ਮੂਲੀਅਤ ਸੀ।






ਸੇਵਾਦਾਰ ਸੰਸਥਾ ਦੀ ਪ੍ਰਧਾਨ ਡਾ।ਮਨਜੋਤ ਕੌਰ ਵੱਲੋਂ ਲਿਖਾਰੀ ਸਭਾ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਗਈ ਸ਼ਸ਼ੀ ਪ੍ਰਾਸ਼ਰ, ਨਵੀਨ ਰਾਏ, ਪ੍ਰਸ਼ਾਂਤ ਖੰਨਾ ਅਤੇ ਬਿਸਮਨ ਕੌਰ ਟਿਵਾਣਾ ਵਲੋਂ ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਗਿਆ। ਇਸ ਤੋਂ ਬਿਨਾਂ ਹਰਜਿੰਦਰ ਸੰਧੂ, ਜਗਜੀਤ ਸਿੰਘ ਗਰੇਵਾਲ, ਜਸਵਿੰਦਰ ਕੌਰ ਲ੍ਹੇਲ, ਲਾਲੀ ਸੰਧੂ, ਪਰਮਜੀਤ ਕੌਰ ਅਤੇ ਰੂਬੀ ਸੰਧੂ ਦੀ ਹਾਜ਼ਰੀ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ।

ਇਸ ਦੌਰਾਨ ਕੈਲੇਫੋਰਨੀਆ ਵਸਦੇ ਸ਼ਾਇਰ ਰਾਠੇਸ਼ਵਰ ਸਿੰਘ ਰਾਠੀ ਦੀ ਲਿਖੀ ਕਾਵਿ-ਪੁਸਤਕ 'ਭਲੇ ਦਿਨ ਆਵਣਗੇ' ਸਭਾ ਵੱਲੋਂ ਲੋਕ ਅਰਪਣ ਕੀਤੀ ਗਈ ਸਟੇਜ ਸੰਚਾਲਨ ਕਰਦਿਆਂ ਪ੍ਰਿਤਪਾਲ ਸਿੰਘ ਟਿਵਾਣਾ ਨੇ ਰੌਚਕਤਾ ਬਣਾਈ ਰੱਖੀ।ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲ੍ਹੇਲ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ+1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**
**+1 206 765 9069**
**ਮੰਗਤ ਕੁਲਜਿੰਦ ਪ੍ਰੈ. ਸਕੱਤਰ**
**+1 425 286 0163**

# ਸਾਰਿਆਂ ਦੇ ਸਹਿਯੋਗ ਨਾਲ ਨਸ਼ਿਆਂ 'ਤੇ ਪਾਇਆ ਜਾ ਸਕਦੈ ਕਾਬੂ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਸਾਂਝੇ ਤੌਰ 'ਤੇ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਜੀ ਦੇ ਮਿਊਜ਼ੀਅਮ ਪਿੰਡ ਖਟਕੜ ਕਲਾਂ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਜਾਗਰੂਕ ਕਰਨ ਲਈ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ।ਐਸ।ਪੀ ਡਾ। ਅਖਿਲ ਚੌਧਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਖਟਕੜ ਕਲਾਂ ਵਿਖੇ ਵੱਡੇ ਪੱਧਰ 'ਤੇ ਆਯੋਜਿਤ ਕੀਤੇ ਗਏ ਸਮਾਗਮਾਂ ਵਿਚੋਂ ਇਹ ਦੂਜਾ ਸਮਾਗਮ ਹੈ। ਉਨ੍ਹਾਂ ਕਿਹਾ ਕਿ ਪਹਿਲੇ ਸਮਾਗਮ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 5 ਹਜ਼ਾਰ ਦੇ ਕਰੀਬ ਬੱਚਿਆਂ ਵਲੋਂ ਖਟਕੜ ਕਲਾਂ ਮਿਊਜੀਅਮ ਤੋ ਜਾਗਰੂਕਤਾ ਰੈਲੀ ਕੱਢੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਇਸ ਸਮਾਗਮ ਵਿੱਚ ਦੁਆਬਾ ਪਬਲਿਕ ਸਕੂਲ ਮਾਹਿਲਪੁਰ ਦੀ 9ਵੀਂ ਜਮਾਤ ਦੀ ਵਿਦਿਆਰਥਣ ਦੀਕਸ਼ਾ ਨੇ 2800 ਸਕੇਅਰ ਫੁੱਟ ਦੀ ਰੰਗੋਲੀ ਬਣਾ ਕੇ ਵਰਲਡ ਰਿਕਾਰਡ ਬਣਾਇਆ ਹੈ। ਉਨ੍ਹਾਂ ਕਿਹਾ ਕਿ ਆਸ਼ਾ ਰਾਣੀ ਪਿੰਡ ਅਟਾਰੀ ਜੋ ਆਇਰਨ ਮੈਨ ਇੰਡੀਆ ਦੇ ਨਾਮ ਤੋਂ ਮਸ਼ਹੂਰ ਹੈ, ਨੇ ਆਪਣੇ ਵਾਲਾ ਨਾਲ ਸਕੂਲੀ ਬੱਸ ਨੂੰ ਖਿਚਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਅੰਦਰ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਨੂੰ ਇੱਕ ਚੰਗੀ ਸੇਧ ਦੇਣ ਅਤੇ ਹੋਰਨਾਂ ਲੋਕਾਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਨਸ਼ਿਆਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਵਿੱਚ ਜਿਥੇ ਪੁਲਿਸ ਪ੍ਰਸ਼ਾਸਨ ਅਹਿੰਮ ਰੋਲ ਨਿਭਾਉਂਦਾ ਹੈ, ਉਥੇ ਸਮਾਜਿਕ ਤੌਰ 'ਤੇ ਵੀ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਮਿਲ ਕੇ ਨਸ਼ਿਆਂ ਨੂੰ ਰੋਕਣ ਲਈ ਕੰਮ ਕਰੀਏ।



ਇਸ ਮੌਕੇ ਤੇ ਐਸ.ਐਸ.ਪੀ. ਡਾ. ਅਖਿਲ ਚੌਧਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਨਸ਼ਿਆਂ ਤੇ ਸਖ਼ਤ ਐਕਸ਼ਨ ਲੈਂਦਿਆ ਹੋਇਆ ਲਗਭਗ 350 ਐਫ.ਆਈ.ਆਰ. ਰਜਿਸਟਰਡ ਕਰਕੇ 400 ਦੇ ਕਰੀਬ ਦੋਸ਼ੀਆਂ ਨੂੰ ਜੇਲ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਡਰੱਗ ਸਮਗਲਰਾਂ ਉਪਰ ਬਹੁਤ ਸਖਤ ਕਾਰਵਾਈ ਕਰਕੇ ਉਨ੍ਹਾਂ ਦੀਆਂ ਸੰਪਤੀਆਂ ਅਟੈਂਚ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਆਪਣਾ ਅਹਿੰਮ ਰੋਲ ਨਿਭਾਉਂਦੀ ਹੈ ਅਤੇ ਜਦ ਵੀ ਪੁਲਿਸ ਨੂੰ ਕੋਈ ਸੂਚਨਾ ਜਾਂ ਮਾੜੇ ਅਨਸਰਾਂ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਉਹ ਆਪਣੀ ਕਾਰਵਾਈ ਕਰਦੇ ਹੋਏ ਸਪਲਾਈ ਚੇਨ ਨੂੰ ਕੱਟ ਕਰਦੀ ਹੈ ਤਾਂ ਜੋ ਕਿਸੇ ਤਰ੍ਹਾਂ ਦਾ ਨਸ਼ਾ ਰੂਪੀ ਜਹਿਰ ਸਮਾਜ ਦੇ ਵਿੱਚ ਨਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨਾਲ ਅਧਿਆਪਕ, ਮਾਤਾ ਪਿਤਾ, ਸਮਾਜ, ਪੁਲਿਸ ਪ੍ਰਸ਼ਾਸਨ, ਐਨ.ਜੀ.ਓਜ਼ ਅਤੇ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਭੂਮਿਕਾ ਨਿਭਾਅ ਕੇ ਆਪਸੀ ਤਾਲਮੇਲ ਅਤੇ ਮਿਲ ਕੇ ਨਸ਼ਿਆਂ 'ਤੇ ਠੱਲ੍ਹ ਪਾ ਸਕਦੇ ਹਨ।

ਐਸ.ਐਸ.ਪੀ ਨੇ ਕਿਹਾ ਕਿ ਜੇਕਰ ਕਿਸੇ ਇਲਾਕੇ ਵਿੱਚ ਕੋਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਜਾਂ ਨਸ਼ੀਲੇ ਪਦਾਰਥ ਵੇਚਦਾ ਹੈ ਤਾਂ ਇਸ ਦੀ ਸੂਚਨਾ ਐਨ.ਟੀ ਡਰੱਗ ਹੈਲਪਲਾਈਨ ਨੰਬਰ 99883-03232 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

ਇਸ ਮੌਕੇ ਤੇ ਆਜ਼ਾਦ ਰੰਗ ਮੰਚ ਕਲਾਂ ਭਵਨ ਫਗਵਾੜਾ ਵਲੋਂ ਇਕ ਨਾਟਕ ਦਾ ਮੰਚਨ ਕੀਤਾ ਗਿਆ। ਜਿਸ ਵਿੱਚ ਬੀਬਾ ਕੁਲਵੰਤ ਦੀ ਟੀਮ ਨੇ ਬਹੁਤ ਹੀ ਵਧੀਆ ਢੰਗ ਦੇ ਨਾਲ ਨਾਟਕ ਦਾ ਮੰਚਨ ਕਰਕੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਐਨ.ਆਰ.ਆਈ ਸਭਾ ਵੱਲੋਂ ਵਿਦਿਆਰਥਣ ਦੀਕਸ਼ਾ ਨੂੰ ਨਕਦ ਇਨਾਮ ਰਾਸ਼ੀ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਸਹਾਇਕ ਕਮਿਸ਼ਨਰ ਜਨਰਲ ਡਾ. ਗੁਰਲੀਨ ਕੌਰ, ਐਸ.ਡੀ.ਐਮ ਬੰਗਾ ਜਸ਼ਨਜੀਤ ਸਿੰਘ, ਸਿਵਲ ਸਰਜਨ ਡਾ. ਜਸਪ੍ਰੀਤ ਕੌਰ, ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸ਼ਾਸ਼ਤਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਮਿੰਨੀ ਕਹਾਣੀ
# ਤਰੱਕੀ ਦਰ ਤਰੱਕੀ



ਆਦਿ ਕਾਲ ਵਿੱਚ ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਓਦੋਂ ਮਨੁੱਖ ਨੂੰ ਜੰਗਲੀ ਜਾਨਵਰਾਂ ਤੋਂ ਖਤਰਾ ਸੀ। ਇਸ ਲਈ ਮਨੁੱਖ ਨੇ ਤਲਵਾਰਾਂ, ਕਾਪੇ, ਭਾਲੇ, ਨੇਜੇ, ਆਦਿ ਹਥਿਆਰ ਬਣਾਏ। ਫਿਰ ਜਦੋਂ ਮਨੁੱਖ ਜੰਗਲਾਂ ਤੋਂ ਬਾਹਰ ਨਿਕਲਿਆ ਤਾਂ ਮਨੁੱਖ ਨੇ ਖੂਬ ਤਰੱਕੀ ਕੀਤੀ। ਪਹਿਲਾਂ ਬਸਤੀਆਂ, ਫਿਰ ਪਿੰਡ, ਫਿਰ ਸ਼ਹਿਰ ਅਤੇ ਫਿਰ ਅਧੁਨਿਕ ਸ਼ਹਿਰ ਵਸਾਏ।

ਫਿਰ ਮਨੁੱਖ ਨੇ ਹੋਰ ਤਰੱਕੀ ਕੀਤੀ ਤਾਂ ਮਨੁੱਖ ਨੇ ਮਨੁੱਖ ਤੋਂ ਆਪਣੀ ਸੁਰੱਖਿਆ ਲਈ ਰਾਈਫਲਾਂ, ਪਸਤੌਲ, ਸਟੇਨਗੰਨਾਂ, ਤੋਪਾਂ, ਟੈਂਕ ਹੀ ਨਹੀਂ ਪ੍ਰਮਾਣੂ ਹਥਿਆਰ ਵੀ ਬਣਾ ਲਏ। ਹੁਣ ਤਾਂ ਘਰਾਂ, ਦੁਕਾਨਾਂ, ਅਦਾਰਿਆਂ ਅਤੇ ਦਫਤਰਾਂ ਵਿੱਚ ਸੀ. ਸੀ. ਟੀ. ਵੀ. ਕੈਮਰੇ ਵੀ ਲਾਉਣੇ ਪੈ ਗਏ ਹਨ।

**ਜਸਵੀਰ ਸਿੰਘ ਭਲੂਰੀਆ, ਸਰੀ 236-888-5456**

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਪੰਜਾਬੀ ਸਾਹਿਤ ਸਭਾ ਵਲੋਂ ਡਾ. ਮੋਹੀ ਦੇ ਗ਼ਜ਼ਲ ਸੰਗ੍ਰਹਿ 'ਹੁਣ ਤਾਂ ਸ਼ਾਇਦ' 'ਤੇ ਚਰਚਾ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਵਲੋਂ ਡਾ. ਸ਼ਮਸ਼ੇਰ ਮੋਹੀ ਦੇ ਗ਼ਜ਼ਲ ਸੰਗ੍ਰਹਿ 'ਹੁਣ ਤਾਂ ਸ਼ਾਇਦ' 'ਤੇ ਚਰਚਾ ਲਈ ਵਿਸ਼ੇਸ਼ ਸਮਾਗਮ ਸਭਾ ਦੇ ਸਰਪ੍ਰਸਤ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਰਚਾਇਆ ਗਿਆ।ਸਮਾਗਮ ਦੇ ਸ਼ੁਰੂ ਵਿੱਚ ਪੰਜਾਬੀ ਸਾਹਿਤ ਜਗਤ ਨੂੰ ਅਲਵਿਦਾ ਕਹਿ ਗਏ ਸਾਹਿਤਕਾਰ ਨ੍ਰਿਪਇੰਦਰ ਰਤਨ, ਪ੍ਰੋ. ਮੋਹਣ ਸਿੰਘ ਦੀ ਬੇਟੀ ਜਿੰਦਾ ਅਤੇ ਪੱਛਮੀ ਪੰਜਾਬ ਤੋਂ ਸਰਬਾਂਗੀ ਲੇਖਕ ਅਬਦੁਲ ਕਦੀਮ ਕੁਦਸੀ ਹੁਰਾਂ ਦੀ ਯਾਦ ਵਿੱਚ ਸ਼ੋਕ ਮਤਾ ਪਾਸ ਕੀਤਾ ਗਿਆ। ਪੁਸਤਕ 'ਤੇ ਚਰਚਾ ਤੋਂ ਪਹਿਲਾਂ ਡਾ. ਸ਼ਮਸ਼ੇਰ ਮੋਹੀ ਨੇ ਆਪਣੇ ਗ਼ਜ਼ਲ ਸੰਗ੍ਰਹਿ ਵਿੱਚੋਂ ਪੰਜ ਗ਼ਜ਼ਲਾਂ ਦਾ ਪਾਠ ਕੀਤਾ। ਪਹਿਲਾ ਪਰਚਾ ਪੇਸ਼ ਕਰਦਿਆਂ ਡਾ. ਹਰਪ੍ਰੀਤ ਸਿੰਘ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇ ਕਿਹਾ ਕਿ ਮੋਹੀ ਦੀ ਸ਼ਾਇਰੀ ਦਰਦ, ਦਰਵੇਸ਼ੀ ਤੇ ਨਾਬਰੀ ਦੀ ਸ਼ਾਇਰੀ ਹੈ। ਸੰਵੇਦਨਾ ਨਾਲ ਭਰੀ ਹੋਈ ਸ਼ਾਇਰੀ ਵਿੱਚ ਮੋਹੀ ਨੇ ਪਿਆਰ ਦੀਆਂ ਤੰਦਾਂ ਨੂੰ ਬਹੁਤ ਸੂਖ਼ਮਤਾ ਨਾਲ ਛੋਹਿਆ ਹੈ।ਮਦਨ ਵੀਰਾ ਨੇ ਮੋਹੀ ਦੀ ਸ਼ਾਇਰੀ ਨੂੰ ਨਿੱਜ ਤੋਂ ਸੂਖ਼ਮਤਾ ਵੱਲ ਕਦਮ ਦੱਸਦਿਆਂ ਜ਼ਿਕਰ ਤੇ ਫ਼ਿਕਰ ਵਾਲੀ ਸ਼ਾਇਰੀ ਕਿਹਾ। ਡਾ. ਜਸਵੰਤ ਰਾਏ ਨੇ ਕਿਹਾ ਕਿ ਮੋਹੀ ਦੀਆ ਗ਼ਜ਼ਲਾਂ ਵਿੱਚ ਜ਼ਿੰਦਗੀ ਧੜਕਦੀ ਹੈ ਅਤੇ ਉਸਨੇ ਨਾਬਰੀ ਸੁਰ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ।



ਡਾ. ਕਰਮਜੀਤ ਸਿੰਘ ਨੇ ਸਮਕਾਲੀ ਦੌਰ ਵਿੱਚ ਪ੍ਰਖ਼ਤਗੀ ਨਾਲ ਗ਼ਜ਼ਲ ਲਿਖਣ ਵਾਲੇ ਡਾ, ਮੋਹੀ ਨੂੰ ਇਵੇਂ ਇਸ ਤੋਰ ਨੂੰ ਬਰਕਰਾਰ ਰੱਖਣ ਲਈ ਕਿਹਾ। ਚਰਚਾ ਵਿੱਚ ਸੋਮਦੱਤ ਦਿਲਗੀਰ, ਅਮਰੀਕ ਡੋਗਰਾ, ਕੁਲਤਾਰ ਸਿੰਘ ਕੁਲਤਾਰ, ਦਰਸ਼ਨ ਸਿੰਘ ਦਰਸ਼ਨ, ਸੁਰਿੰਦਰ ਕੰਗਵੀ, ਤੀਰਥ ਚੰਦ ਸਰੋਆ, ਸੁਰੰਦਰ ਸੱਲ੍ਹਣ, ਰਾਜ ਕੁਮਾਰ ਘਾਸੀਪੁਰੀਆ, ਡਾ. ਸਰਦੂਲ ਸਿੰਘ, ਮਨਜੀਤ ਕੌਰ ਨੇ ਵੀ ਹਿਸਾ ਲਿਆ।ਸਮਾਗਮ ਵਿੱਚ ਪੁਸਤਕ ਬਾਰੇ ਪੇਸ਼ ਪਰਚਿਆਂ ਨੂੰ ਜਸਬੀਰ ਸਿੰਘ ਧੀਮਾਨ ਨੇ ਆਪਣੀਆਂ ਸਾਰਥਕ ਟਿੱਪਣੀਆਂ ਨਾਲ ਸਮੇਟਿਆ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।ਇਸ ਸਮੇਂ ਸਾਹਿਤਕਾਰ ਦੋਸਤ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (9815825999)**
**ਜਨਰਲ ਸਕੱਤਰ ਸਾਹਿਤ ਸਭਾ**

# ਪ੍ਰੋ. ਜਸਵੰਤ ਸਿੰਘ ਗੰਡਮ ਦੀ ਨਵੀਂ ਪੁਸਤਕ 'ਉੱਗਦੇ ਸੂਰਜ ਦੀ ਅੱਖ' ਦਾ ਹੋਇਆ ਲੋਕ ਅਰਪਣ

**ਫਗਵਾੜਾ–** ਪੰਜਾਬੀ ਵਿਰਸਾ ਟਰੱਸਟ (ਰਜਿ.) ਫਗਵਾੜਾ ਵੱਲੋਂ ਸੀਨੀਅਰ ਪੱਤਰਕਾਰ ਅਤੇ ਲੇਖਕ ਪ੍ਰੋ. ਜਸਵੰਤ ਸਿੰਘ ਗੰਡਮ ਦੀ ਨਵੀਂ ਪੁਸਤਕ 'ਉੱਗਦੇ ਸੂਰਜ ਦੀ ਅੱਖ' ਲੋਕ ਅਰਪਣ ਕੀਤੀ ਗਈ। ਸਾਹਿਤਕਾਰ ਪ੍ਰਿੰ: ਗੁਰਮੀਤ ਸਿੰਘ ਪਲਾਹੀ ਦੀ ਦੇਖ-ਰੇਖ ਹੇਠ ਕਰਵਾਏ ਸਮਾਗਮ ਵਿੱਚ ਅਪਨੀਤ ਰਿਆਤ (ਆਈ.ਏ.ਐਸ.) ਚੀਫ ਐਡਮਨ ਪੁੱਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਸਮਾਗਮ ਦੀ ਪ੍ਰਧਾਨਗੀ ਫੁੱਟਬਾਲ ਖਿਡਾਰੀ ਇੰਦਰ ਸਿੰਘ ਅਤੇ ਧਰਮਜੀਤ ਸਿੰਘ, ਉਪ ਕੁਲਪਤੀ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ (ਹੁਸ਼ਿਆਰਪੁਰ) ਨੇ ਸਾਂਝੇ ਤੌਰ 'ਤੇ ਕੀਤੀ।

ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਪੁਸਤਕ ਦੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪ੍ਰੋ। ਜਸਵੰਤ ਸਿੰਘ ਗੰਡਮ ਦੀ ਇਹ ਤੀਜੀ ਪੁਸਤਕ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਲਿਖੇ 33 ਲੇਖ ਸ਼ਾਮਿਲ ਕੀਤੇ ਗਏ ਹਨ। ਜਿਨ੍ਹਾਂ ਵਿੱਚੋਂ 14 ਲੇਖ ਵਿਅੰਗਾਤਮਕ ਹਨ। ਪ੍ਰੋ. ਜਸਵੰਤ ਸਿੰਘ ਗੰਡਮ ਨੇ ਇਹ ਪੁਸਤਕ ਰੂਹ ਦੇ ਸਾਥੀ (ਸੋਲ ਮੇਟ) ਪ੍ਰੋ. ਸੀਤਲ ਸਿੰਘ ਰਿਆਤ ਨੂੰ ਸਮਰਪਿਤ ਕੀਤੀ ਹੈ। ਜੋ ਇੱਕ ਖੇਡ ਕੁਮੈਂਟੇਟਰ, ਫੁੱਟਬਾਲ ਪ੍ਰਮੋਟਰ ਅਤੇ ਟ੍ਰੇਨਰ ਸਨ। ਇਸ ਸਾਲ 12 ਮਈ ਨੂੰ ਉਹ ਸਦੀਵੀਂ ਵਿਛੋੜਾ ਦੇ ਗਏ ਸਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰੋ: ਗੰਡਮ ਦੀਆਂ ਦੋ ਕਿਤਾਬਾਂ 'ਕੁਝ ਤੇਰੀਆਂ, ਕੁਝ ਮੇਰੀਆਂ' ਅਤੇ 'ਸੁੱਤੇ ਸ਼ਹਿਰ ਦਾ ਸਫ਼ਰ' ਕੋਵਿਡ-19 ਤੋਂ ਪਹਿਲਾਂ ਅਤੇ ਕੋਵਿਡ ਪੀਰੀਅਡ ਦੌਰਾਨ ਪ੍ਰਕਾਸ਼ਤ ਹੋਈਆਂ ਸਨ।






ਨਵੀਨਤਮ ਕਿਤਾਬ ਵਿੱਚ ਕੋਵਿਡ ਤੋਂ ਬਾਅਦ ਦੇ ਲੇਖ ਸ਼ਾਮਲ ਕੀਤੇ ਗਏ ਹਨ।

ਪ੍ਰੋ. ਜਸਵੰਤ ਸਿੰਘ ਗੰਡਮ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲੇਖਕ ਆਪਣੇ ਤਜ਼ਰਬੇ ਅਤੇ ਸਿਰਜਣਾਤਮਕ ਸ਼ਕਤੀ ਦੇ ਬਲਬੂਤੇ ਉਹ ਵਿਸ਼ੇ ਹੀ ਆਪਣੀਆਂ ਲਿਖਤਾਂ ਵਿੱਚ ਸ਼ਾਮਲ ਕਰਦਾ ਹੈ ਜੋ ਉਸ ਦੀ ਅੰਤਰ-ਆਤਮਾ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ ਦੇ ਰੂਪ ਵਿੱਚ ਉਸ ਦੇ ਆਲੇ-ਦੁਆਲੇ ਵਾਪਰਦੇ ਹਨ। ਉਹਨਾਂ ਸਾਹਿਰ ਲੁਧਿਆਣਵੀ ਦਾ ਇਹ ਸ਼ੇਅਰ ਵੀ ਪੜ੍ਹਿਆ ਕਿ ' ਦੁਨੀਆ ਨੇ ਤਜ਼ੁਰਬਾਤ-ਓ-ਹਵਾਦਿਤ ਕੀ ਸ਼ਕਲ ਮੇਂ, ਜੋ ਕੁਛ ਮੁਝੇ ਦੀਆ ਹੈ ਵੋਹ ਲੌਟਾ ਰਹਾ ਹੂੰ ਮੈਂ'। ਮੁੱਖ ਮਹਿਮਾਨ ਅਪਨੀਤ ਰਿਆਤ ਅਤੇ ਉਨ੍ਹਾਂ ਦੀ ਮਾਤਾ ਸ਼੍ਰੀਮਤੀ ਮਨਜੀਤ ਕੌਰ ਰਿਆਤ ਨੇ ਇਹ ਪੁਸਤਕ ਸਵ. ਸੀਤਲ ਸਿੰਘ ਰਿਆਤ ਨੂੰ ਸਮਰਪਿਤ ਕਰਨ ਲਈ ਲੇਖਕ ਦਾ ਧੰਨਵਾਦ ਕੀਤਾ। ਅਪਨੀਤ ਰਿਆਤ ਨੇ ਦੱਸਿਆ ਕਿ ਪ੍ਰੋ. ਗੰਡਮ ਅਤੇ ਉਸਦੇ ਪਿਤਾ ਦਾ ਪਿਛਲੇ 50 ਸਾਲਾਂ ਤੋਂ ਬਹੁਤ ਨਜ਼ਦੀਕੀ ਰਿਸ਼ਤਾ ਸੀ।

ਫੁੱਟਬਾਲਰ ਇੰਦਰ ਸਿੰਘ ਅਤੇ ਪ੍ਰੋ. ਧਰਮਜੀਤ ਸਿੰਘ ਤੋਂ ਇਲਾਵਾ ਯੂ.ਕੇ. ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਹਿਤਕਾਰ ਨਛੱਤਰ ਸਿੰਘ ਭੋਗਲ, ਪੰਜਾਬ ਫੁੱਟਬਾਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ, ਦੀਦਾਰ ਸ਼ੇਤਰਾ, ਟੀਡੀ ਚਾਵਲਾ ਆਦਿ ਨੇ ਵੀ ਪ੍ਰੋ. ਗੰਡਮ ਨੂੰ ਉਹਨਾਂ ਦੀ ਨਵੀਂ ਕਿਤਾਬ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਦੌਰਾਨ ਕਵੀ ਦਰਬਾਰ ਵੀ ਕਰਵਾਇਆ ਗਿਆ। ਜਿਸ ਵਿੱਚ ਜਸਵਿੰਦਰ ਕੌਰ, ਬਲਵੀਰ ਸੈਣੀ, ਕਮਲੇਸ਼ ਸੰਧੂ, ਮੋਨਿਕਾ ਬੇਦੀ ਅਤੇ ਸਿਮਰਤ ਕੌਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਮੁੱਖ ਮਹਿਮਾਨ ਅਪਨੀਤ ਰਿਆਤ ਅਤੇ ਮਨਜੀਤ ਕੌਰ ਰਿਆਤ ਨੂੰ ਪੰਜਾਬੀ ਵਿਰਸਾ ਟਰੱਸਟ ਦੀ ਤਰਫੋਂ ਦੁਸ਼ਾਲੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ, ਸਾਹਿਤਕਾਰ ਰਵਿੰਦਰ ਚੋਟ, ਐਸ.ਐਲ. ਵਿਰਦੀ, ਬਲਦੇਵ ਰਾਜ ਕੋਮਲ, ਲਸ਼ਕਰ ਢੰਡਵਾੜਵੀ, ਮਨੋਜ ਫਗਵਾੜਵੀ, ਪ੍ਰਦੀਪ ਸਿੰਘ ਬਸਰਾ, ਸੁਖਵਿੰਦਰ ਸਿੰਘ ਟੈਰੀ, ਪਰਵਿੰਦਰਜੀਤ ਸਿੰਘ, ਪ੍ਰਿੰਸੀਪਲ ਇੰਦਰਜੀਤ ਸਿੰਘ ਆਦਿ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ। ਪੰਜਾਬੀ ਵਿਰਸਾ ਟਰੱਸਟ ਵਲੋਂ ਪੁਸਤਕ ਛਾਪਣ ਵਿੱਚ ਸਹਾਇਤਾ ਦੇਣ ਲਈ ਮਿਸ ਬਬੀਤਾ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing
510- 733- 2222
1421 Industrial PKWY West#F Hay-ward, CA 94544



Harmandeep Singh

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਬੰਦੀ ਛੋੜ ਦਿਵਸ ਮਨਾਇਆ ਗਿਆ

**ਸੈਕਰਾਮੈਂਟੋ (ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 12 ਨਵੰਬਰ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਬੰਦੀ ਛੋੜ ਦਿਵਸ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਬੰਧਤ ਅਖੰਡ ਪਾਠ 10 ਨਵੰਬਰ 2023 ਨੂੰ ਆਰੰਭ ਹੋਏ ਅਤੇ 12 ਨਵੰਬਰ 2023 ਨੂੰ ਭੋਗ ਪਾਏ ਗਏ, ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਗੁਰਦੀਪ ਸਿੰਘ, ਭਾਈ ਮਨੋਹਰ ਸਿੰਘ, ਭਾਈ ਜੀਵਨ ਸਿੰਘ ਆਦਿ ਭਾਈ ਸਾਹਿਬਾਨ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬੰਦੀ ਛੋੜ ਦਿਵਸ ਮਨਾਏ ਜਾਣ ਦੀ ਸੇਵਾ ਸ੍ਰੀ ਜਤਿੰਦਰ ਸਿੰਘ ਥਿੰਦ, ਸ੍ਰੀ ਸੋਮਰਾਜ ਅਤੇ ਸ੍ਰੀ ਗੁਰਦਿਆਲ ਮੱਲ੍ਹ ਸਮੂਹ ਪਰਿਵਾਰਾਂ ਵੱਲੋਂ ਕੀਤੀ ਗਈ। ਕੀਰਤਨ ਦੀਵਾਨ ਅਤੇ ਅਰਦਾਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਗਿਆ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਲਾਈਵ, ਵੀਡੀਓ ਅਤੇ ਫੋਟੋਗ੍ਰਾਫੀ ਦੀ ਸੇਵਾ ਕੀਤੀ ਗਈ।







ਸ੍ਰੀ ਸੁੱਖਰਾਮ ਚੰਦੜ ਆਪਣੇ ਪਰਿਵਾਰ ਅਤੇ ਸੰਗਤ ਦੇ ਨਾਲ ਹਾਜ਼ਰੀਆਂ ਭਰਦੇ ਹੋਏ।












# ਸੀ ਪੀ ਆਈ ਐਮ ਐਲ ਵਲੋਂ ਕਾਮਰੇਡ ਸੰਘਾ ਦੀ ਬਰਸੀ ਮੌਕੇ ਸਿਆਸੀ ਕਾਨਫਰੰਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ -ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ 31ਵੀਂ ਬਰਸੀ ਮੌਕੇ ਸਿਆਸੀ ਕਾਨਫਰੰਸ ਕੀਤੀ ਗਈ। ਕਾਮਰੇਡ ਸੰਘਾ ਦੀ ਯਾਦਗਾਰ ਉੱਤੇ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਪਾਰਟੀ ਦੇ ਆਗੂ ਕਾਮਰੇਡ ਦਲਜੀਤ ਸਿੰਘ ਐਡਵੋਕੇਟ ਵਲੋਂ ਨਿਭਾਈ ਗਈ । ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਸ਼ਹੀਦ ਸਾਥੀ ਸੰਘਾ ਜੀ ਦੇ ਦਰਸਾਏ ਰਾਹ ਉੱਤੇ ਚੱਲਦਿਆਂ ਜਮਾਤੀ ਯੁੱਧ ਨੂੰ ਹੋਰ ਤੇਜ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸ ਵਾਰ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਯਾਦਗਾਰੀ ਅਵਾਰਡ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੂੰ ਦੇਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਸੂਬਾਈ ਆਗੂਆਂ ਕਾਮਰੇਡ ਦਰਸ਼ਨ ਸਿੰਘ ਖਟਕੜ ਅਤੇ ਕਾਮਰੇਡ ਅਜਮੇਰ ਸਿੰਘ ਸਮਰਾ ਨੇ ਆਖਿਆ ਕਿ ਸ਼ਹੀਦ ਸਾਥੀ ਸੰਘਾ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਉਹਨਾਂ ਕਿਹਾ ਕਿ ਦੁਨੀਆਂ ਵਿਚ ਆਰਥਿਕ ਮੰਦਵਾੜਾ ਵਧ ਰਿਹਾ ਹੈ ਜੋ ਕਿ ਸਾਮਰਾਜਵਾਦ ਦਾ ਸੰਕਟ ਹੈ। ਰੂਸ-ਯੂਕਰੇਨ ਜੰਗ ਅਤੇ ਇਸਰਾਇਲ -ਫਲਸਤੀਨ ਯੁੱਧ ਸਾਮਰਾਜਵਾਦ ਦੀ ਦੇਣ ਹੈ। ਸਾਮਰਾਜੀ ਤਾਕਤਾਂ ਦੂਸਰੇ ਦੇਸ਼ਾਂ ਨੂੰ ਆਪਣੇ ਹਿੱਤਾਂ ਅਨੁਸਾਰ ਚਲਾਉਣਾ ਚਾਹੁੰਦੀਆਂ ਹਨ। ਉਹਨਾਂ ਕਿਹਾ ਕਿ ਸੰਸਾਰ





ਹੁਣ ਅਮਰੀਕਾ ਦੀ ਚੌਧਰ ਵਾਲਾ ਇਕ ਧਰੁੱਵੀ ਸੰਸਾਰ ਨਹੀਂ ਰਿਹਾ। ਉਕਤ ਦੇਸ਼ਾਂ ਦਰਮਿਆਨ ਜੰਗਬੰਦੀ ਕਰਾਉਣ ਵਿਚ ਯੂ.ਐਨ.ਓ ਵੀ ਨਕਾਰਾ ਸਾਬਤ ਹੋਇਆ ਹੈ। ਉਹਨਾਂ ਕਿਹਾ ਕਿ ਅਮਰੀਕਾ ਦੀ ਸ਼ਹਿ ਨਾਲ ਇਜਰਾਇਲ ਫਲਸਤੀਨ ਵਿਚ ਤਬਾਹੀ ਮਚਾ ਰਿਹਾ ਹੈ। ਜਿਸ ਵਿਚ ਬੱਚਿਆਂ, ਔਰਤਾਂ ਅਤੇ ਹੋਰ ਨਾਗਰਿਕਾਂ ਦੀ ਵੱਡੀ ਪੱਧਰ ਉੱਤੇ ਤਬਾਹੀ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਅਸੀਂ ਨਿਗਾਹ ਮਾਰੀਏ ਤਾਂ ਕੇਂਦਰ ਦੀ ਮੋਦੀ ਸਰਕਾਰ ਇਕ ਦੇਸ਼- ਇਕ ਮੰਡੀ, ਇਕ ਦੇਸ਼-ਇਕ ਟੈਕਸ, ਇਕ ਦੇਸ਼-ਇਕ ਬੋਲੀ ਲਾਗੂ ਕਰਕੇ ਦੇਸ਼ ਦੀ ਵੰਨਸੁਵੰਨਤਾ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ।

ਮੋਦੀ ਸਰਕਾਰ ਦੇ ਰਾਜ ਕਰਨ ਦੇ ਤਰੀਕੇ ਆਮ ਨਹੀਂ ਖਾਸ ਹਨ, ਤਾਕਤ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਜਿਸ ਕਾਰਨ ਸੂਬਿਆਂ ਦੇ ਹੱਕਾਂ ਉੱਤੇ ਸੱਟ ਮਾਰੀ ਜਾ ਰਹੀ ਹੈ। ਘੱਟ ਗਿਣਤੀਆਂ ਖਾਸਕਰ ਮੁਸਲਮਾਨਾਂ ਖਿਲਾਫ ਨਫਰਤ ਫੈਲਾਈ ਜਾ ਰਹੀ ਹੈ।

ਨਵੀਂ ਕਿਸਮ ਦਾ ਕੌਮਵਾਦ ਉਭਾਰਿਆ ਜਾ ਰਿਹਾ ਹੈ ।ਨਵੀਂ ਵਿਦਿਆ ਨੀਤੀ ਰਾਹੀਂ ਸਿਰਫ ਇਕ ਵਿਚਾਰ ਲੈਕੇ ਆਂਦਾ ਜਾ ਰਿਹਾ । ਉਹਨਾਂ ਕਿਹਾ ਕਿ ਮੋਦੀ ਸਰਕਾਰ ਹਰ ਵਿਰੋਧੀ ਵਿਚਾਰਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ, ਪ੍ਰੈਸ ਦੀ ਆਜਾਦੀ ਨੂੰ ਕੁਚਲ ਰਹੀ ਹੈ।ਇਸ ਸਰਕਾਰ ਦੇ ਫਾਸ਼ੀ ਹੱਲੇ ਤੇਜੀ ਨਾਲ ਵਧ ਰਹੇ ਹਨ। ਮੋਦੀ ਸਰਕਾਰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਰਾਂ ਦੇ ਹਿੱਤ ਪੂਰਦੀਆਂ ਆਰਥਿਕ ਅਤੇ ਵਿੱਤੀ ਨੀਤੀਆਂ ਲਾਗੂ ਕਰ ਰਹੀ ਹੈ ਉਹਨਾਂ ਕਿਹਾ ਕਿ ਲੋਕ ਸੰਘਰਸ਼ਾਂ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦੀ ਹੱਲੇ ਵਿਰੁੱਧ ਸੇਧਤ ਕਰਨਾ ਚਾਹੀਦਾ ਹੈ। ਇਸ ਮੌਕੇ, ਬੀਬੀ ਗੁਰਬਖਸ਼ ਕੌਰ ਸੰਘਾ,ਹਰੀ ਰਾਮ ਰਸੂਲਪੁਰੀ ਕਮਲਜੀਤ ਸਨਾਵਾ ਅਤੇ ਅਵਤਾਰ ਸਿੰਘ ਤਾਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਗੂੰ ਨਿਕੰਮੀ ਸਾਬਤ ਹੋਈ ਹੈ। ਇਸ ਸਰਕਾਰ ਵੱਲੋਂ ਕੁਝ ਵੀ ਅਜਿਹਾ ਨਹੀਂ ਕੀਤਾ ਗਿਆ ਜਿਸ ਉੱਤੇ ਪੰਜਾਬ ਦੇ ਲੋਕ ਮਾਣ ਮਹਿਸੂਸ ਕਰ ਸਕਣ। ਉਹਨਾਂ ਕਿਹਾ ਕਿ ਦੇਸ਼ ਦੀ ਤਸਵੀਰ ਨਕਸਲਬਾੜੀ ਦੇ ਰਾਹ ਉੱਤੇ ਚੱਲਦਿਆਂ ਨਵਜਮਹੂਰੀ ਇਨਕਲਾਬ ਕਰਕੇ ਹੀ ਬਦਲ ਸਕਦੀ ਹੈ, ਇਹੀ ਰਾਹ ਹੈ ਜੋ ਸਾਥੀ ਸੰਘਾ ਨੇ ਸਾਨੂੰ ਦਿਖਾਇਆ ਹੈ। ਸਾਨੂੰ ਇਸ ਲੁੱਟ ਅਧਾਰਤ ਪ੍ਰਬੰਧ ਨੂੰ ਬਦਲਣ ਦੇ ਯਤਨ ਤੇਜ਼ ਕਰਨੇ ਚਾਹੀਦੇ ਹਨ। ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਦੀ ਨਾਟਕ ਟੀਮ ਵਲੋਂ ਇਨਕਲਾਬੀ ਨਾਟਕ ਅਤੇ ਕੋਰੀਓਗ੍ਰਫੀਆਂ ਪੇਸ਼ ਕੀਤੀਆਂ ਗਈਆਂ।

# ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਵੰਡੇ ਟਰੈਕ ਸੂਟ

**ਲੁਧਿਆਣਾ-** ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਜਿਸ ਦੀ ਪੰਜਾਬ ਦੀਆਂ ਖੇਡਾਂ ਵਿੱਚ ਇੱਕ ਵੱਖਰੀ ਪਹਿਚਾਣ ਹੈ ,ਉਸ ਅਕੈਡਮੀ ਦੇ ਟਰੇਨੀ ਬੱਚੇ ਜਿਨਾਂ ਨੇ ਮੋਗਾ ਵਿਖੇ ਕੱਲ ਤੋਂ ਹੋਣ ਵਾਲੀਆਂ ਸਕੂਲਾ ਦੀਆਂ ਰਾਜ ਪੱਧਰੀ ਖੇਡਾਂ ਵਿੱਚ ਅਤੇ ਹਾਕੀ ਇੰਡੀਆ ਵੱਲੋਂ ਕਰਵਾਈ ਜਾ ਰਹੀ ਦਿੱਲੀ ਵਿਖੇ ਹੋਣ ਵਾਲੀ ਕੌਮੀ ਜੂਨੀਅਰ ਹਾਕੀ ਚੈਂਪੀਅਨਸ਼ਿਪ ਹਿੱਸਾ ਲੈਣਾ ਹੈ, ਦੀਆਂ ਟੀਮਾਂ ਨੂੰ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਟਰੈਕ ਸੂਟ ਵੰਡੇ, ਰਾਜ ਪੱਧਰੀ ਸਕੂਲ ਖੇਡਾਂ ਵਿੱਚ ਮੁੱਕੇਬਾਜੀ ਵਿੱਚ ਤਮੰਗਾ ਜੇਤੂ ਬੱਚੇ ਅੰਜਲੀ ਗੁਪਤਾ ਅਤੇ ਤਰਜੋਤ ਸਿੰਘ ਜਰਖੜ ਨੂੰ ਵਿਸ਼ੇਸ਼ ਤੌਰ ਤੇ ਤਮਗੇ ਦੇ ਕੇ ਸਨਮਾਨਿਤ ਕੀਤਾ ਅਤੇ ਜਰਖੜ ਅਕੈਡਮੀ ਦੇ ਸਮੂਹ ਬੱਚਿਆਂ ਨੂੰ ਜਿੱਤ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਆਖਿਆ ਕਿ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਨੇ ਹਲਕਾ ਗਿੱਲ ਦੀ ਪੰਜਾਬ ਦੇ ਵਿੱਚ ਇੱਕ ਵਿਲੱਖਣ ਪਹਿਚਾਣ ਬਣਾਈ ਹੈ। ਜੋ ਸਾਡੇ ਲਈ ਇੱਕ ਮਾਣ ਵਾਲੀ ਗੱਲ ਹੈ।




ਉਹਨਾਂ ਆਖਿਆ ਜੇਤੂ ਬੱਚਿਆਂ ਨੂੰ ਪੰਜਾਬ ਸਰਕਾਰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰੇਗੀ। ਉਹਨਾਂ ਨੇ ਸਟੇਡੀਅਮ ਦੇ ਅਧੂਰੇ ਪਏ ਕਾਰਜਾਂ ਨੂੰ ਵੀ ਪੂਰਾ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੂੰ ਜੀ ਆਇਆ ਆਖਿਆ ਅਤੇ ਇਲਾਕੇ ਵਿੱਚ ਖੇਡਾਂ ਦੀਆਂ ਬੇਹਤਰੀ ਬਾਰੇ ਆਪਸੀ ਵਿਚਾਰ ਵਟਾਂਦਰਾ ਕੀਤਾ। ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਇਹ ਟਰੈਕ ਸੂਟ ਆਸਟਰੇਲੀਆ ਅਤੇ ਹੋਰ ਖੇਡਾਂ ਦਾ ਸਮਾਨ ਆਸਟਰੇਲੀਆ ਵਸਦੇ ਸਾਬਕਾ ਅੰਤਰਰਾਸ਼ਟਰੀ ਹਾਕੀ ਅੰਪਾਇਰ ਅਤੇ ਖੇਡ ਪ੍ਰਮੋਟਰ ਨਵਤੇਜ ਸਿੰਘ ਤੇਜਾ ਬਸਰਾ ਆਸਟਰੇਲੀਆ ਅਤੇ ਜਰਖੜ ਹਾਕੀ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਨੇ ਆਪਣੇ ਤਨ ਮਨ ਤਨ ਦੀ ਕਮਾਈ ਵਿੱਚੋਂ ਭੇਜੇ ਹਨ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਵੀ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੂੰ ਟਰੈਕ ਸੂਟ ਦੇ ਕੇ ਸਨਮਾਨਿਤ ਕੀਤਾ ਅਤੇ ਗਰਾਊਂਡ ਵਿੱਚ ਆਉਣ ਦਾ ਪ੍ਰਣ ਲਿਆ। ਇਸ ਮੌਕੇ ਸਾਬਕਾ ਸਰਪੰਚ ਦੇਪਿੰਦਰ ਸਿੰਘ ਡਿੰਪੀ ਜਰਖੜ ,ਸ਼ਿਗਾਰਾ ਸਿੰਘ ਜਰਖੜ, ਰਵੀ ਝਮਟ, ਸਾਹਿਬਜੀਤ ਸਿੰਘ ਸਾਬੀ ਜਰਖੜ, ਗੁਰਮੀਤ ਸਿੰਘ ਮੰਤਰੀ ਗੁਰਸਤਿੰਦਰ ਸਿੰਘ ਪਰਗਟ ਕੋਚ ਜਰਖੜ ਅਕੈਡਮੀ ,ਗੁਰਤੇਜ ਸਿੰਘ ਬਹੋਰਾਈ, ਗੁਰਮੀਤ ਸਿੰਘ ਰੰਗਾ ਮੈਦਾਨ ਲੁਧਿਆਣਾ, ਪਵਨਦੀਪ ਸਿੰਘ ਡੰਗੋਰਾ, ਰਘਵੀਰ ਸਿੰਘ ਡੰਗੋਰਾ, ਸਾਬਕਾ ਸਰਪੰਚ ਗੁਲਜ਼ਾਰ ਸਿੰਘ ਰਣੀਆ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਵਿਅੰਗ- ਰਿਸ਼ੀ ਮੁਨੀਆਂ ਦਾ ਦੇਸ

ਲਾਏ ਹੁੰਦੇ ਨੇ ਆਮ ਲੋਕਾਈ ਦੇ ਲਈ
ਕੋਈ ਫਰਕ ਨਾ ਚੋਰਾਂ ਨੂੰ ਤਾਲ਼ਿਆਂ ਦਾ।
ਰਿਹਾ ਕੋਈ ਵਿਸ਼ਵਾਸ ਨਾ ਲੀਡਰਾਂ 'ਤੇ
ਬਾਹਰੋਂ ਗੋਰਿਆਂ ਅੰਦਰੋਂ ਕਾਲ਼ਿਆਂ ਦਾ।
'ਦਲ' ਬਣਦਾ ਏ 'ਪੰਚ ਪ੍ਰਧਾਨਗੀ' 'ਤੇ
ਕਬਜਾ ਹੋ ਜਾਂਦਾ ਜੀਜੇ ਤੇ ਸਾਲ਼ਿਆਂ ਦਾ।
ਅਹੁਦੇਦਾਰ ਕੋਈ ਐਸਾ ਨਾ ਲੱਭਦਾ ਏ
ਜਿਸ'ਤੇ ਹੋਵੇ ਨਾ ਦਾਗ ਘੁਟਾਲ਼ਿਆਂ ਦਾ।
ਨਵਿਆਂ ਉੱਤੇ ਵੀ ਰੰਗ ਏ ਚੜ੍ਹਨ ਲਗਦਾ
ਖਿਝ ਕੇ 'ਕੁਰਸੀ' ਦੇ ਉੱਤੋਂ ਉਠਾਲ਼ਿਆਂ ਦਾ।
ਰਿਸ਼ੀਆਂ ਮੁਨੀਆਂ ਦਾ ਆਖਦੇ ਦੇਸ਼ ਸਾਡਾ
ਹੁਣ ਬਣ ਗਿਆ ਘਾਲ਼ਿਆਂ ਮਾਲ਼ਿਆਂ ਦਾ !

**-ਤਰਲੋਚਨ ਸਿੰਘ ਦੁਪਾਲ ਪੁਰ**

001-408-915-1268



## 'ਨਿਊਜ਼ੀਲੈਂਡ ਸਿੱਖ ਖੇਡਾਂ' ਮੌਕੇ ਜਾਰੀ ਹੋਵੇਗੀ ਪੰਜਾਬੀ ਵਿਚ ਤਿਆਰ ਡਾਕ ਟਿਕਟ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** 'ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ' 25 ਅਤੇ 26 ਦਸੰਬਰ ਨੂੰ ਬਰੂਸ ਪੁਲਮਨ ਪਾਰਕ ਟਾਕਾਨੀਨੀ (ਔਕਲੈਂਡ) ਵਿਖੇ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਲਗਪਗ ਸਾਰੀਆਂ ਤਿਆਰੀਆਂ ਮੁਕੰਮਲ ਹਨ ਅਤੇ ਰਹਿੰਦੇ ਕਾਰਜ ਸੈਟ ਕੀਤੇ ਜਾ ਰਹੇ ਹਨ। 25 ਨਵੰਬਰ ਨੂੰ ਵੱਡੀ ਸਟੇਜ ਉਤੇ ਵੱਡਾ ਉਦਘਾਟਨੀ ਸਮਾਰੋਹ ਹੋਣ ਵਾਲਾ ਹੈ ਅਤੇ ਇਸ ਮੌਕੇ ਨਿਊਜ਼ੀਲੈਂਡ ਸਿੱਖ ਖੇਡਾਂ ਅਤੇ ਪੰਜਾਬੀ ਭਾਸ਼ਾ ਹਫ਼ਤੇ ਨੂੰ ਸਮਰਪਿਤ ਇਕ ਵਿਸ਼ੇਸ਼ ਡਾਕ ਟਿਕਟ ਵੀ ਜਾਰੀ ਕੀਤੀ ਜਾ ਰਹੀ । ਪੰਜਾਬੀ ਭਾਸ਼ਾ ਵਿਚ 'ਨਿਊਜ਼ੀਲੈਂਡ ਸਿੱਖ ਖੇਡਾਂ' 25 ਅਤੇ 26 ਨਵੰਬਰ ਲਿਖ ਕੇ ਪੰਜਾਬੀ ਨੂੰ ਮਾਨ-ਸਨਮਾਨ ਦਿੱਤਾ ਗਿਆ ਹੈ ਅਤੇ ਸਿੱਖ ਖੇਡਾਂ ਦਾ ਲੋਗੋ ਲਗਾ ਕੇ ਨਿਊਜ਼ੀਲੈਂਡ ਸਿੱਖ ਖੇਡਾਂ ਦੇ ਪੰਜਵੇਂ ਸ਼ਾਨਦਾਰ ਸਾਲ ਦੇ ਸਫ਼ਰ ਨੂੰ ਦਰਸਾਇਆ ਗਿਆ ਹੈ। 2 ਡਾਲਰ ਦੀ ਇਹ ਟਿਕਟ ਯਾਦਗਾਰੀ ਟਿਕਟ ਹੋਵੇਗੀ। ਜਿਹੜੇ ਕਾਰੋਬਾਰੀ ਅਦਾਰੇ ਅਜਿਹੀਆਂ ਟਿਕਟਾਂ ਦੀ ਵਰਤੋਂ ਆਪਣੀ ਡਾਕ ਭੇਜਣ ਵਾਸਤੇ ਕਰਨਾ ਚਾਹੁੰਦੇ ਹੋਣਗੇ ਇਹ ਮੇਰੇ ਨਾਲ ਸੰਪਰਕ ਕਰ ਸਕਦੇ ਹਨ, ਤਾਂ ਕਿ ਆਰਡਰ ਕੀਤੀਆਂ ਜਾ ਸਕਣ। 'ਪੰਜਾਬੀ ਹੈਰਲਡ' ਦਾ ਇਹ ਉਦਮ ਹੈ। ਪੰਜਵਾਂ ਸਾਲ ਕਿਸੇ ਵੀ ਕਾਰਜ ਵਿਚ ਲਗਾਤਾਰ ਬਣੇ ਰਹਿਣਾ ਬੜਾ ਅਹਿਮ ਹੁੰਦਾ ਹੈ ਅਤੇ ਅਤੇ ਅਜਿਹੇ ਮੀਲ ਪੱਥਰ ਇਕ ਦਿਨ ਚਾਨਣ ਮੁਨਾਰਿਆ ਵਿਚ ਬਦਲ ਜਾਂਦੇ ਹਨ।



# ਨਿਊਯਾਰਕ 'ਚ ਜੋੜੀ ਨੰਬਰ ਵੰਨ "ਲੱਖਾ ਅਤੇ ਨਾਜ਼" ਦਾ ਸਵਾਗਤ

## ਜੀਤ ਰਿਕਾਰਡ ਮਿਊਜ਼ਿਕ ਕੰਪਨੀ ਵਲੋਂ ਸਨਮਾਨ



**ਕਨੇਡਾ/ ਵੈਨਕੂਵਰ, ( ਕੁਲਦੀਪ ਚੁੰਬਰ)–** ਪੰਜਾਬ ਦੀ ਸੁਪਰ ਹਿੱਟ ਅੰਤਰ-ਰਾਸ਼ਟਰੀ ਪੱਧਰ ਪ੍ਰਾਪਤ ਕਰ ਚੁੱਕੀ ਜੋੜੀ ਨੰਬਰ ਵੰਨ ਲੱਖਾ ਅਤੇ ਨਾਜ ਦਾ ਨਿਊਯਾਰਕ ਵਿਖੇ ਪਹਿਲੀ ਵਾਰ ਪੁੱਜਣ ਤੇ ਜੀਤ ਰਿਕਾਰਡ ਕੰਪਨੀ ਵਲੋਂ ਇੱਕ ਸਮਾਗਮ ਰੱਚ ਕੇ ਸਨਮਾਨ ਕੀਤਾ ਗਿਆ । ਇਸ ਮੌਕੇ ਜੀਤ ਰਿਕਾਰਡ ਮਿਊਜਿਕ ਕੰਪਨੀ ਦੇ ਮਾਲਿਕ ਮਨੋਜ ਸਿੰਘ ਹੈਪੀ ਅਤੇ ਜਸਵੰਤ ਬੰਗਾ ਨੇ ਕਿਹਾ ਕਿ ਲੱਖਾ-ਨਾਜ਼ ਅਜਿਹੀ ਜੋੜੀ ਹੈ, ਜਿਸ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆਂ ਬਹੁਤ ਸਾਰੇ ਪੰਜਾਬੀ ਧਾਰਮਿਕ ਅਤੇ ਸਮਾਜਿਕ ਗੀਤ ਪੰਜਾਬੀਆਂ ਦੀ ਝੋਲੀ ਪਾਏ।

ਅਜਿਹੀ ਜੋੜੀ ਦਾ ਸਨਮਾਨ ਸਤਿਕਾਰ ਕਰਨਾ ਸਾਡੇ ਲਈ ਭਾਗਸ਼ਾਲੀ ਹੈ। ਉਹਨਾਂ ਦੱਸਿਆ ਕਿ ਲੱਖਾ-ਨਾਜ ਦੀ ਜੋੜੀ ਨੰਬਰ ਵਨ ਪਹਿਲੀ ਵਾਰ ਨਿਊਯਾਰਕ ਅਮਰੀਕਾ ਵਿਖੇ ਆਪਣੀ ਫੇਰੀ ਪਾਉਣ ਆਏ ਹਨ ਇੱਥੇ ਉਹਨਾਂ ਦੇ ਪ੍ਰਸ਼ੰਸਕ ਅਤੇ ਚਾਹਵਾਨ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਵਾਗਤ ਕਰਨ ਲਈ ਪੁੱਜੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਤਿਕਾਰਯੋਗ ਵੀਰ ਚਰਨਜੀਤ ਝੱਲੀ, ਸੁਰਿੰਦਰਪਾਲ ਸਿੰਘ ਜੁਗਨੂੰ , ਬਿੱਟੂ ਸਪੀਡੋ, ਹਰਪਿੰਦਰ ਸਿੰਘ ਬਿੱਟੂ, ਅਸ਼ੋਕ ਮਾਹੀ, ਰਸ਼ਪਾਲ ਮਾਹੀ, ਮਠਾਰੂ ਸਾਬ, ਰਾਜੂ ਭਾਜੀ, ਪਿੰਟੂ ਜੌਹਲ ਹਾਜ਼ਰ ਸਨ। ਲੱਖਾ ਅਤੇ ਨਾਜ਼ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬੀਆਂ ਦੇ ਖੁੱਲੇ ਡੁੱਲੇ ਸੁਭਾਅ ਉਨਾਂ ਦੇ ਸੱਭਿਆਚਾਰ ਪ੍ਰਤੀ ਪ੍ਰੇਮ ਹੋਣ ਦਾ ਪ੍ਰਮਾਣ ਦਿੰਦੇ ਹਨ।

# ਪੰਜਾਬੀ ਸੱਥ ਸੁਲਤਾਨਪੁਰ ਲੋਧੀ ਬਾਰੇ 13000 ਪੁਸਤਕਾਂ ਵੰਡੇਗੀ




**ਨਡਾਲਾ–** ਯੂਰਪੀ ਪੰਜਾਬੀ ਸੱਥ, ਵਾਲਸਾਲ, ਯੂ. ਕੇ. ਵੱਲੋਂ ਡਾ. ਆਸਾ ਸਿੰਘ ਘੁੰਮਣ ਲਿਖਤ ਪੁਸਤਕ ''ਸੁਲਤਾਨਪੁਰ ਲੋਧੀ: ਇਤਿਹਾਸਕ ਗੁਰਧਾਮ'' ਸੁਲਤਾਨਪੁਰ ਲੋਧੀ ਵਿਖੇ 13000 ਦੀ ਗਿਣਤੀ ਵਿਚ ਵੰਡੀ ਜਾਵੇਗੀ ਤਾਂ ਕਿ ਇਸ ਪਵਿੱਤਰ ਨਗਰੀ ਵਿਖੇ ਨਤਮਸਤਕ ਹੋਣ ਆਉਂਦੀਆਂ ਸ਼ਖਸੀਅਤਾਂ ਨੂੰ ਇੱਥੇ ਸਥਿਤ ਇਤਿਹਾਸਕ ਗੁਰਧਾਮਾਂ ਬਾਰੇ ਸੰਗਤਾਂ ਨੂੰ ਸਹੀ ਜਾਣਕਾਰੀ ਦਿੱਤੀ ਜਾ ਸਕੇ। ਇੰਗਲੈਂਡ ਤੋਂ ਫੋਨ ਰਾਹੀਂ ਜਾਣਕਾਰੀ ਦਿੰਦਿਆਂ ਯੂਰਪੀ ਪੰਜਾਬੀ ਸੱਥ, ਵਾਲਸਾਲ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੇ ਦੱਸਿਆ ਕਿ ਇਹ ਸੁਚਿੱਤਰ ਕਿਤਾਬ ਗੁਰੂ ਜੀ ਦੇ 554ਵੇਂ ਪ੍ਰਕਾਸ਼ ਪੁਰਬ ਤੇ ਰਿਲੀਜ਼ ਕੀਤੀ ਜਾਵੇਗੀ ਅਤੇ ਹਰ ਸੰਗਰਾਂਦ ਤੇ ਇਹ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਵਿਚ ਪਿਆਰ-ਸਤਿਕਾਰ ਸਹਿਤ ਵੰਡੀ ਜਾਵੇਗੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਡਾ. ਘੁੰਮਣ ਦੀ ਪੁਸਤਕ ''ਦਰੀਚਾ-ਏ-ਦਸਤਾਰ'' ਵੀ ਪੰਜਾਬੀ ਸੱਥ ਵੱਲੋਂ ਵੱਡੀ ਗਿਣਤੀ ਵਿਚ ਦੇਸ਼ਾਂ-ਵਿਦੇਸ਼ਾਂ ਵਿਚ ਪਿਆਰ ਸਹਿਤ ਵੰਡੀ ਜਾ ਰਹੀ ਹੈ।

# ਬੀਕੇਯੂ ਉਗਰਾਹਾਂ ਵੱਲੋਂ ਟੀਐੱਸਯੂ ਪੰਜਾਬ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਾਂ ਦੇ ਸੰਘਰਸ਼ਾਂ ਦੀ ਹਮਾਇਤ

**ਚੰਡੀਗੜ (ਦਲਜੀਤ ਕੌਰ)–** ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਬਿਜਲੀ ਕਾਮਿਆਂ ਦੀ ਜਥੇਬੰਦੀ ਟੀ ਐੱਸ ਯੂ ਦੁਆਰਾ 7 ਦਸੰਬਰ ਨੂੰ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ 30 ਨਵੰਬਰ ਨੂੰ ਆਪਣੀਆਂ ਚਿਰਾਂ ਤੋਂ ਲਟਕਦੀਆਂ ਜਾਇਜ਼ ਤੇ ਹੱਕੀ ਮੰਗਾਂ ਮੰਨਵਾਉਣ ਲਈ ਕੀਤੇ ਜਾ ਰਹੇ ਪੰਜਾਬ ਪੱਧਰ ਦੇ ਸੰਘਰਸ਼ਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਹੈ ਕਿ ਜਥੇਬੰਦੀ ਵੱਲੋਂ ਇਨ੍ਹਾਂ ਸੰਘਰਸ਼ ਪ੍ਰੋਗਰਾਮਾਂ ਵਿੱਚ ਸਥਾਨਕ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਹੈ ਕਿ ਸਾਲਾਂ ਬੱਧੀ ਨਿਗੂਣੀਆਂ ਤਨਖਾਹਾਂ ਉੱਤੇ ਕੰਮ



ਕਰਾਉਣ ਮਗਰੋਂ ਵੀ ਵਾਰ ਵਾਰ ਵਾਅਦਾ ਖਿਲਾਫੀ ਕਰਕੇ ਪੂਰੀਆਂ ਤਨਖਾਹਾਂ 'ਤੇ ਪੱਕੇ ਕਰਨ ਤੋਂ ਲਗਾਤਾਰ ਟਾਲਮਟੋਲ ਕਰਨ ਵਾਲੀ ਆਪ ਸਰਕਾਰ ਪਹਿਲੀਆਂ ਸਰਕਾਰਾਂ ਵਾਲੀਆਂ ਲੋਕ ਵਿਰੋਧੀ ਨੀਤੀਆਂ ਹੀ ਲਾਗੂ ਕਰ ਰਹੀ ਹੈ।

ਵੱਡੀ ਗਿਣਤੀ ਕਿਸਾਨ ਮਜ਼ਦੂਰ ਤੇ ਹੋਰ ਕਿਰਤੀ ਪਰਵਾਰਾਂ ਦੇ ਜੰਮਪਲ਼ ਇਨ੍ਹਾਂ ਠੇਕਾ ਮੁਲਾਜ਼ਮਾਂ ਨਾਲ ਅਜਿਹੀ ਬੇਇਨਸਾਫ਼ੀ ਤੋਂ ਇਲਾਵਾ ਕਿਸਾਨਾਂ ਨਾਲ ਪਰਾਲ਼ੀ ਸਾੜਨ ਦੇ ਮੁੱਦੇ 'ਤੇ ਵੀ ਅਤੇ ਸਮੇਂ ਤੋਂ ਪਹਿਲਾਂ ਮੰਡੀਆਂ ਬੰਦ ਕਰਨ ਰਾਹੀਂ ਵੀ ਸਰਾਸਰ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ 26 ਤੋਂ 28 ਨਵੰਬਰ ਤੱਕ ਕੇਂਦਰ ਸਰਕਾਰ ਵਿਰੁੱਧ ਚੰਡੀਗੜ੍ਹ ਮੋਰਚੇ ਦੀਆਂ ਤਿਆਰੀਆਂ ਸਮੇਂ ਠੇਕਾ ਕਾਮਿਆਂ ਦੀ ਹਮਾਇਤ ਬਾਰੇ ਵੀ ਪ੍ਰਚਾਰ ਕੀਤਾ ਜਾਵੇ।






# ਡਾ. ਅੰਬੇਡਕਰ ਸ਼ਰਧਾਂਜਲੀ ਸਮਾਗਮ ਅੰਬੇਡਕਰ ਭਵਨ ਵਿਖੇ ਸੁਸ਼ੀਲ ਰਿੰਕੂ ਐਮ.ਪੀ. ਹੋਣਗੇ ਮੁੱਖ ਮਹਿਮਾਨ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੀ ਇੱਕ ਅਹਿਮ ਮੀਟਿੰਗ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਭੂਮੀ



ਅੰਬੇਡਕਰ ਭਵਨ, ਜਲੰਧਰ ਵਿਖੇ ਸ੍ਰੀ ਸੋਹਨ ਲਾਲ ਰਿਟਾਇਰ ਡੀ.ਪੀ.ਆਈ. (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਡਾ. ਅੰਬੇਡਕਰ ਜੀ ਦੇ 68ਵੇਂ ਪ੍ਰੀਨਿਰਵਾਣ ਦਿਵਸ 'ਤੇ 6 ਦਸੰਬਰ 2023 ਨੂੰ ਇੱਕ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਆਯੋਜਿਤ ਕਰਨ ਦਾ ਫੈਸਲਾ ਕੀਤਾ ਗਿਆ । ਇਸ ਸਮਾਗਮ ਵਿੱਚ ਸ੍ਰੀ ਸੁਸ਼ੀਲ ਕੁਮਾਰ ਰਿੰਕੂ ਮੈਂਬਰ ਲੋਕ ਸਭਾ ਮੁੱਖ ਮਹਿਮਾਨ ਅਤੇ ਤਥਾਗਤ ਬੁੱਧ ਅਤੇ ਡਾ। ਅੰਬੇਡਕਰ ਜੀ ਦੀ ਵਿਚਾਰਧਾਰਾ ਤੇ ਦਰਜਣਾ ਪੁਸਤਕਾਂ ਲਿਖਣ ਵਾਲੇ ਉੱਘੇ ਵਿਦਵਾਨ ਅਤੇ ਸਮਾਜਿਕ ਚਿੰਤਕ ਪ੍ਰੋ. (ਡਾ.) ਸੁਰਿੰਦਰ ਅਜਨਾਤ ਪ੍ਰਮੁੱਖ ਬੁਲਾਰੇ ਵੱਜੋਂ ਸ਼ਿਰਕਤ ਕਰਨਗੇ। ਇਸ ਮੌਕੇ ਤੇ ਅੰਬੇਡਕਰ ਭਵਨ ਵਿਖੇ ਨਵੇਂ ਉਸਾਰੇ ਗਏ ਰਮਾ ਬਾਈ ਅੰਬੇਡਕਰ ਯਾਦਗਾਰ ਹਾਲ ਦਾ ਉਦਘਾਟਨ ਮੁੱਖ ਮਹਿਮਾਨ ਸ੍ਰੀ ਸੁਸ਼ੀਲ ਰਿੰਕੂ ਜੀ ਵੱਲੋਂ ਕੀਤਾ ਜਾਵੇਗਾ।

ਇਸ ਹਾਲ ਦੀ ਉਸਾਰੀ ਵਿੱਚ ਸ੍ਰੀ ਸੁਸ਼ੀਲ ਰਿੰਕੂ ਐਮ.ਪੀ. ਅਤੇ ਸ੍ਰੀ ਸ਼ਮਸ਼ੇਰ ਸਿੰਘ ਦੂਲੋ ਸਾਬਕਾ ਮੈਂਬਰ ਰਾਜ ਸਭਾ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੈ । ਇਸ ਸ਼ਰਧਾਂਜਲੀ ਸਮਾਗਮ ਵਿੱਚ ਹੋਰ ਬੁੱਧੀਜੀਵੀ ਬੁਲਾਰੇ ਵੀ ਬਾਬਾ ਸਾਹਿਬ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੁਆਰਾ ਦੇਸ਼ ਦੀ ਨਵ ਉਸਾਰੀ ਲਈ ਪਾਏ ਗਏ ਮਹੱਤਵਪੂਰਨ ਯੋਗਦਾਨ ਤੇ ਵਿਚਾਰ ਚਰਚਾ ਕਰਨਗੇ। ਅੰਬੇਡਕਰ ਭਵਨ ਟਰੱਸਟ ਦੀ ਅੱਜ ਦੀ ਮੀਟਿੰਗ ਵਿੱਚ ਡਾ. ਜੀ. ਸੀ. ਕੌਲ, ਡਾ।ਸੁਰਿੰਦਰ ਅਜਨਾਤ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ, ਡਾ. ਰਾਹੁਲ ਬਾਲੀ, ਚਰਨ ਦਾਸ ਸੰਧੂ ਅਤੇ ਤਰਸੇਮ ਲਾਲ ਸਾਗਰ ਹਾਜਰ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਪੰਜਾਬੀ ਗੀਤਕਾਰੀ ਦੀ ਵਿਲੱਖਣ ਪ੍ਰਵਾਜ਼ - ਗੀਤਕਾਰ "ਸਾਧ ਬੋਦਲਾਂ ਵਾਲਾ"

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬੀ ਗੀਤਕਾਰੀ ਵਿੱਚ ਅਨੇਕਾਂ ਅਜਿਹੇ ਨਾਮ ਹਨ ਜੋ ਆਪਣੇ ਕਾਰਜ ਵਿੱਚ ਨਿਪੁੰਨ ਹੋਣ ਦੇ ਬਾਵਜੂਦ ਵੀ ਪ੍ਰੈਸ ਮੀਡੀਆ ਜਾਂ ਸੋਸ਼ਲ ਗਤੀਵਿਧੀਆਂ ਤੋਂ ਹਮੇਸ਼ਾ ਆਪਣੀ ਦੂਰੀ ਬਣਾ ਕੇ ਰੱਖਦੇ ਹਨ ਜਾਂ ਇੰਝ ਕਹਿ ਲਓ ਕਿ ਉਹ ਸੁਰਖੀਆਂ ਵਿੱਚ ਨਹੀਂ ਆਉਂਦੇ। ਅਜਿਹੇ ਹੀ ਗੀਤਕਾਰਾਂ ਦੇ ਵਿੱਚ ਇੱਕ ਵਿਲੱਖਣ ਦਰਜੇ ਦੀਆਂ ਪੈੜਾਂ ਪਾਉਣ ਵਾਲਾ ਪੰਜਾਬੀ ਗੀਤਕਾਰ ਹੈ "ਸਾਧ ਬੋਦਲਾਂ ਵਾਲਾ"। ਸਾਧ ਬੋਦਲ ਨੇ ਪੰਜਾਬੀ ਗੀਤਕਾਰੀ ਦੀਆਂ ਬਾਰੀਕੀਆਂ ਉਸਤਾਦ ਸ਼ਾਇਰ ਸੁਪਰਸਿੱਧ ਗੀਤਕਾਰ ਜਨਾਬ ਚਰਨ ਸਿੰਘ ਸਫਰੀ ਜੀ ਤੋਂ ਪ੍ਰਾਪਤ ਕੀਤੀਆਂ । ਜੇਕਰ ਇਸ ਗੀਤਕਾਰ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਇਸ ਨੇ 15 ਸਾਲ ਇੰਡੀਅਨ ਨੇਵੀ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ । ਇਸ ਤੋਂ ਬਾਅਦ ਮਰਚੈਂਟ ਨੇਵੀ ਵਿੱਚ ਸੈਕਿੰਡ ਇੰਜੀਨੀਅਰ ਦੀ ਪੋਸਟ ਤੇ ਆਪਣੀਆਂ ਸੇਵਾਵਾਂ ਦਿੱਤੀਆਂ । ਇਸ ਦੇ ਨਾਲ ਨਾਲ ਇਸ ਗੀਤਕਾਰ ਨੇ ਗੀਤਕਾਰੀ ਦੇ ਨਾਲ ਨਾਲ ਗਾਉਣਾ ਵੀ ਆਰੰਭਿਆ ਅਤੇ ਅਨੇਕਾਂ ਮਹਿਫਲਾਂ ਸਜਾ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ । ਉਸ ਦੀ ਪਹਿਲੀ ਕੈਸਟ ਕੇਸਰ ਸਿੰਘ ਨਰੂਲਾ ਦੇ ਸੰਗੀਤ ਵਿੱਚ ਟੈਕਸਲਾ ਕੰਪਨੀ ਨੇ 1978 ਵਿੱਚ ਰਿਲੀਜ਼ ਕੀਤੀ , ਜਿਸ ਨੂੰ ਗਾਇਕ ਪ੍ਰਵੀਨ ਧੀਰ ਨੇ ਆਪਣੀ ਆਵਾਜ਼ ਦਿੱਤੀ ਸੀ। ਉਸ ਦੇ ਲਿਖੇ ਅਨੇਕਾਂ ਗੀਤਾਂ ਨੂੰ ਪੰਜਾਬ ਦੇ ਵੱਖ-ਵੱਖ ਗਾਇਕਾਂ ਨੇ ਆਵਾਜ਼ਾਂ ਦਿੱਤੀਆਂ, ਜਿਨਾਂ ਵਿੱਚ ਸਨਮ ਦੀਪ , ਸੁਰਿੰਦਰ ਲਾਡੀ, ਕੁਲਤਾਰ ਬਾਜਵਾ ਭੁਪਿੰਦਰ ਗਿੱਲ, ਮਦਨ ਸ਼ੌਂਕੀ, ਰਾਏ ਝੁਜਾਰ, ਰਾਜੇਸ਼ ਕੁਮਾਰ ਤੇ ਨਾਮ ਜਿਕਰਯੋਗ ਹਨ । ਇਸ ਤੋਂ ਇਲਾਵਾ ਉਸਦੇ ਲਿਖੇ ਗੀਤ ਪੰਜਾਬੀ ਫਿਲਮ "ਰਾਜਨੀਤੀ" ਦੇ ਵਿੱਚ ਵੀ ਆਏ । ਅੱਜਕੱਲ੍ਹ ਗਾਇਕ ਤਾਜ ਨਗੀਨਾ ਦੇ ਗਰੁੱਪ ਤੇ ਦਲਵੀਰ ਦੋਸਾਂਝ ਦੇ ਨਾਲ ਉਕਤ ਗੀਤਕਾਰ ਸਾਧ ਬੋਦਲ ਕਾਰਜਸ਼ੀਲ ਹੈ । ਜਲਦੀ ਹੀ ਸੂਫ਼ੀ ਗਾਇਕ ਤਾਜ ਨਗੀਨਾ ਤੇ ਓਹਨਾ ਦੇ ਬੇਟੇ ਮਿਲਨ ਤੇ ਸ਼ਹਰਾਜ ਵੀ ਉਸਦੇ ਲਿਖੇ ਹੋਏ ਗੀਤਾਂ ਨੂੰ



ਆਵਾਜ਼ ਦੇ ਰਹੇ ਹਨ। ਮਲਕੀਤ ਬੁੱਲ੍ਹਾ ਦੀ ਬੇਟੀ ਸਿੰਮੀ ਸੋਤਲਾ, ਤਾਜ ਨਗੀਨਾ, ਦਲਵੀਰ ਦੁਸਾਂਝ ਵੀ ਧਾਰਮਿਕ ਗੀਤ ਨੂੰ ਆਵਾਜ਼ ਦੇ ਰਹੇ ਨੇ, ਜੋ ਜਲਦੀ ਹੀ ਰਿਲੀਜ਼ ਕਰ ਦਿੱਤੇ ਜਾਣਗੇ। ਸਾਧ ਬੋਦਲਾਂ ਵਾਲਾ ਪੰਜਾਬੀ ਗੀਤਕਾਰੀ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦਾ ਪੰਜਾਬੀ ਮਾਂ ਬੋਲੀ, ਸੱਭਿਆਚਾਰ, ਸਾਹਿਤ ਦੀ ਸੇਵਾ ਕਰਦਾ ਰਹੇ, ਸਾਡੀ ਇਹੀ ਦਿਲੀ ਦੁਆ ਹੈ।

# ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਤਹਿਤ ਇੱਕ ਰੋਜ਼ਾ ਸਿਖਲਾਈ ਵਰਕਸ਼ਾਪ ਦਾ ਆਯੋਜਨ

**ਸੰਗਰੂਰ, (ਦਲਜੀਤ ਕੌਰ)–** ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਸੰਗਰੂਰ ਵਿਖੇ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਤਹਿਤ ਤੀਜੇ ਪੜਾਅ ਦੀ ਤਿਆਰੀ ਲਈ ਜੀ। ਆਰ। ਐੱਸ। ਨਰੇਗਾ ਅਤੇ ਐਕਟਿਵ ਵੋਮੈਨ ਐਨ। ਆਰ। ਐੱਲ। ਐਮ। ਦੀ ਇੱਕ ਰੋਜ਼ਾ ਸਿਖਲਾਈ ਪ੍ਰਿੰਸੀਪਲ ਸ੍ਰੀਮਤੀ ਵਰਿੰਦਰ ਕੌਰ ਵਲੋਂ ਕਰਵਾਈ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੁੰਦਿਆਂ ਸਿੱਖਿਆ ਦੇ ਪਸਾਰ ਅਤੇ ਅੱਜ ਦੇ ਸਮੇਂ ਵਿੱਚ ਹਰ ਕਿਸੇ ਦੇ ਸਿੱਖਿਅਤ ਹੋਣ ਦੀ ਅਹਿਮ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ ਨੇ ਕਿਹਾ ਕਿ ਸਰਕਾਰ ਵੱਲੋਂ ਇਹ ਬਹੁਤ ਹੀ ਵਧੀਆ ਕਦਮ ਉਠਾਇਆ ਗਿਆ ਹੈ ਜੋ ਕਿ ਹਰ ਘਰ ਵਿੱਚ ਸਿੱਖਿਆ



ਦੀ ਪਹੁੰਚ ਨੂੰ ਯਕੀਨੀ ਬਣਾਏਗਾ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਘਈ ਅਤੇ ਪ੍ਰਿੰਸੀਪਲ ਵਰਿੰਦਰ ਕੌਰ ਨੇ ਕਿਹਾ ਕਿ ਜਿਹੜੀਆਂ ਔਰਤਾਂ ਸਮਾਜਿਕ ਜਾਂ ਪਰਿਵਾਰਕ ਕਾਰਨਾਂ ਕਰਕੇ ਪੜ੍ਹਾਈ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਉਹ ਇਸ ਪ੍ਰੋਜੈਕਟ ਦਾ ਲਾਭ ਉਠਾ ਕੇ ਖੁਦ ਸਿਖਿਆ ਹਾਸਲ ਕਰ ਸਕਦੀਆਂ ਹਨ ਅਤੇ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਸਮੇਂ ਦਾ ਹਾਣੀ ਬਣ ਸਕਦੀਆਂ ਹਨ। ਇਸ ਮੌਕੇ ਪ੍ਰਵੀਨ ਮਨਚੰਦਾ ਪ੍ਰਿੰਸੀਪਲ ਸਰਕਾਰੀ ਸੀਨੀ। ਸੈਕੰ। ਸਕੂਲ ਥਲੇਸ, ਪ੍ਰਿੰਸੀਪਲ ਬਿਪਿਨ ਚਾਵਲਾ, ਹੈੱਡ ਮਾਸਟਰ ਹਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਇਹ ਸਿਖਲਾਈ ਪਰਮਿੰਦਰ ਸਿੰਘ ਅਤੇ ਰਵਿੰਦਰ ਸਿੰਘ ਸਟੇਟ ਰੀਸੋਰਸ ਪਰਸਨ ਦੁਆਰਾ ਦਿੱਤੀ ਗਈ।

# ਭਾਅ ਨਾ ਵਧਾ



ਕਿਸੇ ਦਾ ਤੂੰ ਭਾਅ ਨਾ ਵਧਾ, ਐਵੇਂ ਸੱਜਣਾ
ਕਿਸੇ ਦਾ ਤੂੰ ਭਾਅ ਨਾ ਵਧਾ
ਬੈਠ ਜਾਊਗਾ ਸਿਰ ਤੇਰੇ ਆ, ਐਵੇਂ ਸੱਜਣਾ
ਬੈਠ ਜਾਊਗਾ ਸਿਰ ਤੇਰੇ ਆ

ਦੇਖੀ ਕਿਤੇ ਸੋਹਣਿਆ ਨਾ ਐਵੇਂ ਧੋਖਾ ਖਾ ਲਵੀਂ
ਐਵੇਂ ਜਣੇ ਖਣੇ ਨੂੰ ਨਾ ਸਿਰ ਤੇ ਚੜ੍ਹਾ ਲਵੀ
ਜਾਵੀਂ ਐਵੇਂ ਭੱਚੇ "ਚ ਨਾ ਆ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਭੁੱਖੇ ਨੇ ਤਾਰੀਫ ਦੇ ਤੇ ਭੱਲ ਬੜੀ ਛੱਕਦੇ
ਅੱਗ ਵਾਂਗ ਸੋਹਣਿਆਂ ਏਹ ਲੋਕ ਰਹਿਣ ਤੱਪਦੇ
ਜ਼ਿੰਦਗੀ ਨੂੰ ਲਾ ਨਾ ਬੈਠੀ ਦਾਅ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਜਿਹਦੀ ਥੋੜ੍ਹੀ ਬਹੁਤੀ ਕਿਤੇ ਗੱਲ ਲਈ ਮੰਨ ਸੀ
ਉਹੀ ਬਣ ਬੈਠ ਜਾਂਦਾ ਅੰਬਰਾਂ ਦਾ ਚੰਨ ਸੀ
ਐਵੇਂ ਸੁੱਟੀ ਜਾਊ ਲਾਹ ਲਾਹ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਆਪਣੀਆਂ ਸੋਚਾਂ ਨਾਲ ਰਹੀਂ ਅੱਗੇ ਵੱਧਦਾ
ਕਿਸੇ ਵੱਲ ਇੱਥੇ ਨਾ ਬਕਾਇਆ ਕੋਈ ਛੱਡਦਾ
ਦੁੱਖਾਂ ਦਾ ਨਾ ਪਾ ਲਈਂ ਐਵੇਂ ਗਾਹ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਆਪਣੇ ਹੀ ਬਲਬੂਤੇ ਖੜ੍ਹਾ ਹੋਣਾ ਸਿੱਖ ਲੈ
ਦਰਦ ਗਮਾਂ ਨੂੰ ਛੋਟੀ ਲੈਚੀ ਵਾਂਗ ਚਿੱਥ ਲੈ
ਐਵੇਂ ਨਾ ਲਵਾ ਕੇ ਬਹਿ ਜਾਈਂ ਤਾਅ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਓਨਾਂ ਥੱਲੇ ਲਾਈ ਜਾਂਦੇ ਜਿੰਨਾ ਕੋਈ ਲੱਗ ਜਾਏ
ਮੋਹ ਪਿਆਰ ਪਲਾਂ ਵਿੱਚ ਕੱਚ ਵਾਂਗ ਭੱਜ ਜਾਏ
ਫੋਕੀ ਕਰਵਾਉਂਦੈ ਵਾਹ ਵਾਹ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਜਿਹਨੂੰ ਮਾਣ ਦੇਵੇਂਗਾ ਤੂੰ ਉਹੀ ਭੁੱਲ ਜਾਊਗਾ
ਮਹਾਂ ਦੇ ਆਟੇ ਦੇ ਵਾਂਗ ਸੁਝ ਫੁੱਲ ਜਾਊਗਾ
ਬੜੇ ਮਿਲ ਜਾਣਗੇ ਗਵਾਹ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਹੱਥਾਂ ਨਾਲ ਬੀਜੇ ਪੈਂਦੇ ਅੱਖਾਂ ਨਾਲ ਚੁੱਗਣੇ
ਕਹਾਉਂਦੇ ਖੱਬੀ ਖਾਨ ਸੱਪ ਬਣ ਜਾਂਦੇ ਉੱਡਣੇ
ਲੱਗੇ ਜਦੋਂ ਬਾਹਰਲੀ ਹਵਾ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

ਹੋਣਾ ਜੇ ਤੂੰ ਕਾਮਯਾਬ ਪੈਰੀਂ ਤੁਰੀਂ ਆਪਣੇ
ਇੱਕੋ ਜਿਹੇ ਲੋਕ ਪਿੰਡਾਂ ਸ਼ਹਿਰਾਂ ਵਾਲੇ ਜਾਪਣੇ
ਰਾਹ ਛੱਡ ਪੈ ਜਾਈਂ ਨਾ ਕੁਰਾਹ ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

"ਚੁੰਬਰਾ" ਪਰ੍ਹੇ ਤੋਂ ਪਰ੍ਹੇ ਜੱਗ ਇਥੇ ਵੱਸਦਾ
ਹੁੰਦਾ ਬੱਸ ਸੋਹਣਿਆਂ ਭੁਲੇਖਾ ਇਕ ਅੱਖ ਦਾ
ਮਾਰ ਲਈਂ ਨਾ ਆਪਣੇ ਤੂੰ ਚਾਅ, ਕਿਤੇ ਸੱਜਣਾ
ਕਿਸੇ ਦਾ ਨਾ ਭਾਅ ਤੂੰ ਵਧਾ ....

**– ਕੁਲਦੀਪ ਚੁੰਬਰ ਕਨੇਡਾ**
**604-902-3237**

# ਪੁਲ ਜਨਤਾ ਨੂੰ ਸਮਰਪਿਤ, ਹਜਾਰਾਂ ਲੋਕਾਂ ਨੂੰ ਹੋਵੇਗਾ ਲਾਭ- ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਅੰਦਰ ਇਤਿਹਾਸਿਕ ਗੁਰੂਦੁਆਰਾ ਸ੍ਰੀ ਬਾਰਠ ਸਾਹਿਬ ਜੀ ਨੂੰ ਜਾਂਦੇ ਮਾਰਗ ਤੇ ਪੈਂਦੇ ਪੁਲ ਜੋ ਕਿ 7 ਕਰੋੜ 29 ਲੱਖ ਰੁਪਏ ਦੀ ਲਾਗਤ ਨਾਲ ਸਟੀਲ ਬ੍ਰਿਜ ਤਿਆਰ ਕੀਤਾ ਗਿਆ ਹੈ ਅੱਜ ਜਨਤਾ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ, ਜਿਸ ਦੇ ਗੁਰੂ ਘਰ ਜਾਣ ਵਾਲੀ ਹਜਾਰਾਂ ਸੰਗਤਾਂ ਅਤੇ ਹੋਰ ਖੇਤਰ ਦੇ ਲੋਕਾਂ ਵਿੱਚ ਖੁਸੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਹ ਪ੍ਰਗਟਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਅੱਜ ਬਾਰਠ ਸਾਹਿਬ ਨੂੰ ਜਾਣ ਵਾਲੇ ਮਾਰਗ ਤੇ ਪੁਲ ਦਾ ਉਦਘਾਟਣ ਕਰਨ ਮਗਰੋਂ ਕੀਤਾ। ਇਸ ਮੋਕੇ ਤੇ



ਹੋਰਨਾਂ ਤੋਂ ਇਲਾਵਾ ਉਨ੍ਹਾ ਨਾਲ ਸਰਵ ਸ੍ਰੀ ਰਜਿੰਦਰ ਸਿੰਘ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ ਪਠਾਨਕੋਟ, ਰਾਘਵ ਖਜੂਰੀਆ, ਰਾਜ ਕੁਮਾਰ ਸਹਾਇਕ ਇੰਜੀਨੀਅਰ, ਬਲਾਕ ਪ੍ਰਧਾਨ ਬਲਜਿੰਦਰ ਕੌਰ, ਸੰਦੀਪ ਕੁਮਾਰ, ਰਵੀ ਫੋਜੀ, ਕੈਪਟਨ ਸੁਭਾਸ ਚੰਦਰ, ਬਲਾਕ ਪ੍ਰਧਾਨ ਰਜਿੰਦਰ ਸਿੰਘ ਭਿੱਲਾ,ਵੀਰੋ ਅਤੇ ਹੋਰ ਪਾਰਟੀ ਆਗੂ, ਮੈਬਰ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਨੂੰ ਇਹ ਪੁਲ ਨਾ ਹੋਣ ਕਰਕੇ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਸਟੀਲ ਬ੍ਰਿਜ ਵਾਲੇ ਪੁਲ ਦੀ ਲੰਬਾਈ 61।5 ਮੀਟਰ ਅਤੇ ਚੋੜਾਈ 16।5 ਮੀਟਰ ਹੈ ਅਤੇ ਇਸ ਪੁਲ ਨੂੰ ਜੀ।ਟੀ। ਰੋਡ ਨਾਲ ਜੋੜਨ ਦੇ ਲਈ 1।6 ਕਿਲੋਮੀਟਰ ਸੜਕ ਦਾ ਵੀ ਨਵ ਨਿਰਮਾਣ ਕੀਤਾ ਗਿਆ ਹੈ ਅਤੇ ਪੁਲ ਤੋਂ ਹੀ 2 ਕਿਲੋਮੀਟਰ ਰੋਡ ਦਾ ਨਿਰਮਾਣ ਨਰੋਟ ਮਹਿਰਾ ਨੂੰ ਜੋੜਨ ਲਈ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲ ਭਾਵੇਂ ਕੁਝ ਸਮਾਂ ਪਹਿਲਾ ਤਿਆਰ ਕਰ ਲਿਆ ਗਿਆ ਸੀ ਅਤੇ ਲੋਕਾਂ ਦੀ ਸੁਵਿਧਾ ਦੇ ਲਈ ਖੋਲ ਦਿੱਤਾ ਗਿਆ ਸੀ ਅਤੇ ਅੱਜ ਪੂਰਨ ਤੋਰ ਤੇ ਇਸ ਪੁਲ ਦੇ ਨਿਰਮਾਣ ਤੋਂ ਬਾਅਦ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਉਪਰਾਲਿਆਂ ਸਦਕਾ ਇਸ ਪੁਲ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਜਨਤਾਂ ਨੂੰ ਭਰੋਸਾ ਦਿੱਤਾ ਜਾਂਦਾ ਹੈ ਕਿ ਆਉਂਣ ਵਾਲੇ ਸਮੇਂ ਦੇ ਦੋਰਾਨ ਖੇਤਰ ਦੀਆਂ ਜੋ ਵੀ ਸਮੱਸਿਆਵਾਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੈਗਾ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਉਹ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜੋ ਲੋਕਾਂ ਦੇ ਲਈ ਸੁਪਨਾ ਸਨ ਅਤੇ ਲੋਕਾਂ ਨੂੰ ਉਨ੍ਹਾਂ ਕਾਰਜਾਂ ਦੇ ਪੂਰਾ ਹੋਣ ਦੀ ਕੋਈ ਵੀ ਉਮੀਦ ਨਹੀਂ ਸੀ ਪਰ ਹੁਣ ਉਹ ਵਿਕਾਸ ਕਾਰਜ ਹੋ ਰਹੇ ਹਨ ਅਤੇ ਲੋਕਾਂ ਦੀਆਂ ਪ੍ਰੇਸਾਨੀਆਂ ਵੀ ਘੱਟ ਹੋ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਜਨ ਭਲਾਈ ਸਕੀਮਾਂ ਨੂੰ ਧਿਆਨ ਵਿੱਚ ਰੱਖਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਕਾਰਜ ਮੁਕੰਮਲ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਵਾਅਦਾ ਸੀ ਕਿ ਬੇਰੁਜਗਾਰਾਂ ਨੂੰ ਨੋਕਰੀਆਂ ਦਿੱਤੀਆਂ ਜਾਣਗੀਆਂ ਅਤੇ ਸਰਕਾਰ ਨੇ ਅਪਣੇ 19 ਮਹੀਨਿਆ ਦੇ ਕਾਰਜਕਾਲ ਦੋਰਾਨ ਹੁਣ ਤੱਕ ਕਰੀਬ 37 ਹਜ਼ਾਰ ਨੋਜਵਾਨਾਂ ਨੂੰ ਨੋਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰੇਕ ਪਰਿਵਾਰ ਬਿਨ੍ਹਾਂ ਕਿਸੇ ਭੇਦਭਾਵ ਦੇ 600 ਬਿਜਲੀ ਯੂਨਿਟ ਫ੍ਰੀ ਦਾ ਲਾਭ ਪ੍ਰਾਪਤ ਕਰ ਰਿਹਾ ਹੈ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕ ਬਣਾਏ ਹਨ ਭੋਆ ਖੇਤਰ ਨੂੰ ਵੀ ਹੋਰ 6 ਨਵੇਂ ਆਮ ਆਦਮੀ ਕਲੀਨਿਕ ਮਿਲੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਭੋਆ ਖੇਤਰ ਅੰਦਰ ਹੋਰ ਵੀ ਵਿਕਾਸ ਦੀ ਲਹਿਰ ਦੇਖਣ ਨੂੰ ਮਿਲੇਗੀ।

# ਗ਼ਦਰੀ ਬਾਬਿਆਂ ਦੇ ਮੇਲੇ ’ਤੇ ਮਾਰੀ ਪੜਚੋਲਵੀਂ ਝਾਤ





**ਜਲੰਧਰ–** ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਉਪਰ ਉਸਾਰੂ, ਆਲੋਚਨਾਤਮਕ ਦ੍ਰਿਸ਼ਟੀ ਤੋਂ ਪਿਛਲ ਝਾਤ ਮਾਰਨ ਅਤੇ ਅਗਲੇ ਮੇਲੇ ਨੂੰ ਹਰ ਪੱਖੋਂ ਹੋਰ ਵੀ ਬੁਲੰਦੀਆਂ ’ਤੇ ਪਹੁੰਚਾਉਣ ਲਈ ਰਾਵਾਂ, ਸੁਝਾਅ ਜਾਨਣ ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਨਾਲ ਜੁੜੇ ਪਰਿਵਾਰ ਅਤੇ ਮੇਲੇ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਕਾਮਿਆਂ ਦੀ ਮੀਟਿੰਗ ਸ਼ਾਨਦਾਰ ਨਤੀਜੇ ਹਾਸਲ ਕਰਨ ’ਚ ਸਫ਼ਲ ਰਹੀ।

ਮੀਟਿੰਗ ਦਾ ਆਗਾਜ਼ ਸ਼ਹੀਦ ਕਰਤਾਰ ਸਿੰਘ ਸਰਾਭਾ, ਉਸਦੇ ਨਾਲ ਫਾਂਸੀ ਦਾ ਰੱਸਾ ਚੁੰਮਣ ਵਾਲੇ ਛੇ ਸਾਥੀਆਂ ਅਤੇ ਨਵੰਬਰ ਮਹੀਨੇ ਦੇ ਸਮੂਹ ਸੰਗਰਾਮੀਆਂ ਨੂੰ ਖੜ੍ਹੇ ਹੋ ਕੇ ਸਿਜਦਾ ਕਰਨ ਅਤੇ ਉਹਨਾਂ ਦੇ ਅਧੂਰੇ ਕਾਰਜ਼ ਨੇਪਰੇ ਚਾੜ੍ਹਨ ਦਾ ਹਲਫ਼ ਲੈਣ ਨਾਲ ਹੋਇਆ। ਇਹਨਾਂ ਨਾਇਕਾਂ ਸਬੰਧੀ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਜੀਵਨ ਰੇਖ ਚਿੱਤਰ ਸਾਂਝਾ ਕੀਤਾ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੇਲੇ ਵੱਲੋਂ ਗ਼ਦਰੀ ਬਾਬਿਆਂ ਦੀ ਵਿਰਾਸਤ ਅਜੋਕੀਆਂ ਚੁਣੌਤੀਆਂ ਦੇ ਕੇਂਦਰੀ ਨੁਕਤਾ ਨਜ਼ਰ ਤੋਂ ਉਲੀਕੀ, ਨੇਪਰੇ ਚੜ੍ਹੀ ਰੂਪ-ਰੇਖਾ ਅਤੇ ਵਿਉਂਤਬੰਧੀ ਲਈ ਹਰ ਪੱਖੋਂ ਦੇਸ਼-ਬਦੇਸ਼ ਦੀਆਂ ਸੰਸਥਾਵਾਂ ਅਤੇ ਲੋਕਾਂ ਦੁਆਰਾ ਮਿਲੇ ਭਰਵੇਂ ਸਹਿਯੋਗ ’ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਮੀਟਿੰਗ ’ਚ ਹਾਜ਼ਰ ਸਭਿਆਚਾਰਕ ਕਾਮਿਆਂ ’ਚੋਂ ਇੰਦਰਜੀਤ ਸਿੰਘ ਆਰਟਿਸਟ, ਵਰੁਣ ਟੰਡਨ, ਨਰਿੰਦਰਪਾਲ, ਸੁਖਦੀਪ, ਪਰਮਜੀਤ ਕਡਿਆਣਾ, ਰਾਜਿੰਦਰ ਬੈਂਸ ਯੂ.ਕੇ., ਜੋਗਿੰਦਰ ਕੌਰ ਯੂ.ਕੇ., ਲਵਪ੍ਰੀਤ ਸਿੰਘ ਮਾੜੀਮੇਘਾ, ਗੁਰਬਿੰਦਰ ਮਲੋਟ ਨੇ ਮੇਲੇ ਦੇ ਪ੍ਰਭਾਵਸ਼ਾਲੀ ਸੁਨੇਹੇ, ਨੌਜਵਾਨ ਪੀੜ੍ਹੀ ਦੀ ਜੋਸ਼-ਖਰੋਸ਼ ਭਰੀ ਹਾਜ਼ਰੀ ਅਤੇ ਜ਼ਿੰਮੇਵਾਰੀਆਂ ਅਦਾ ਕਰਨ, ਕਲਾ ਵੰਨਗੀਆਂ ਦੀਆਂ ਪੇਸ਼ਕਾਰੀਆਂ, ਸਾਹਿਤ, ਰੰਗ ਮੰਚ, ਪੁਸਤਕ ਸਭਿਆਚਾਰ, ਲੰਗਰ ਅਤੇ ਵਿਚਾਰ-ਚਰਚਾਵਾਂ ਆਦਿ ਬਾਰੇ ਬੋਲਦਿਆਂ ਅਗਲੇ ਵਰ੍ਹੇ 33ਵੇਂ ਮੇਲੇ ’ਚ ਹੋਰ ਨਿਖ਼ਾਰ ਲਿਆਉਣ ਲਈ ਅਮੁੱਲੇ ਸੁਝਾਅ ਦਿੱਤੇ।

ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸਭਨਾਂ ਪ੍ਰਬੰਧਕੀ ਕਮੇਟੀਆਂ ਵੱਲੋਂ ਤਨਦੇਹੀ ਨਾਲ ਜ਼ਿੰਮੇਵਾਰੀਆਂ ਨਿਭਾਉਣ ਅਤੇ ਭਵਿੱਖ਼ ਵਿੱਚ ਹੋਰ ਬੁਲੰਦੀਆਂ ’ਤੇ ਮੇਲਾ ਪਹੁੰਚਾਉਣ ਲਈ ਪੇਸ਼ ਸੁਝਾਵਾਂ ਬਾਰੇ ਕਮੇਟੀ ਤਰਫ਼ੋਂ ਭਰੋਸਾ ਦੁਆਇਆ ਕਿ ਇਹਨਾਂ ਉਪਰ ਗੰਭੀਰਤਾ ਨਾਲ ਗੌਰ ਕੀਤਾ ਜਾਇਗਾ।

ਮਿਊਜ਼ੀਅਮ ਅੰਦਰ ਬਣੇ ਥੀਏਟਰ ਵਿਚ ਸੁਖਦੀਪ ਵੱਲੋਂ ਨਿਭਾਈਆਂ ਸੇਵਾਵਾਂ ਲਈ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇੰਗਲੈਂਡ ਤੋਂ ਆਏ ਰਾਜਿੰਦਰ ਬੈਂਸ ਅਤੇ ਜੋਗਿੰਦਰ ਕੌਰ ਦਾ ਵੀ ਸਨਮਾਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਧੰਨਵਾਦ ਦੇ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਮੇਲੇ ਦੀਆਂ ਪ੍ਰਾਪਤੀਆਂ ਨੂੰ ਪੱਕੇ ਪੈਰੀਂ ਕਰਨਾ ਅਤੇ ਸੀਮਾਵਾਂ, ਊਣਤਾਈਆਂ ਦੀ ਪੂਰਤੀ ਕਰਨਾ ਮੇਲੇ ਨੂੰ ਭਵਿੱਖ਼ ’ਚ ਨਵੀਂ ਊਰਜ਼ਾ ਦੇਵੇਗਾ।

## ਗਾਇਕਾ ਮਨਜੀਤ ਸਾਇਰਾ ਆਪਣੇ ਨਵੇਂ ਗੀਤਾਂ ਨਾਲ ਹੋਵੇਗੀ ਸਰੋਤਿਆਂ ਦੇ ਜਲਦ ਰੂ-ਬ-ਰੂ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਸੁਰ ਤਾਲ ਵਿੱਚ ਨਿਪੁੰਨ ਕਲਾਕਾਰ ਜਦ ਆਪਣੀ ਗਾਇਕੀ ਦਾ ਪ੍ਰਦਰਸ਼ਨ ਸਟੇਜ ਤੇ ਆਪਣੇ ਸਰੋਤਿਆਂ ਵਿੱਚ ਕਰਦੇ ਹਨ ਤਾਂ ਸਰੋਤੇ ਉਹਨਾਂ ਦੀ ਗਾਇਕੀ ਤੋਂ ਕਾਇਲ ਹੋ ਕੇ ਅਸ਼ ਅਸ਼ ਕਰ ਉੱਠਦੇ ਹਨ । ਅਜਿਹੇ ਹੀ ਸੁਰੀਲੇ ਫਨਕਾਰਾਂ ਦੀ ਕੜੀ ਵਿੱਚ ਇੱਕ ਨਾਂਅ ਆਉਂਦਾ ਹੈ ਪੰਜਾਬੀ ਗਾਇਕਾ ਮਨਜੀਤ ਸਾਇਰਾ ਦਾ , ਜੋ ਕਿ ਪਿਛਲੇ ਲੰਬੇ ਅਰਸੇ ਤੋਂ ਪੰਜਾਬੀ ਸੱਭਿਆਚਾਰ ਮਾਂ ਬੋਲੀ, ਵਿਰਸਾ, ਵਿਰਾਸਤ ਵਿੱਚ ਆਪਣਾ ਯੋਗਦਾਨ ਆਪਣੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਗੀਤਾਂ ਰਾਹੀਂ ਪਾਉਂਦੀ ਆ ਰਹੀ ਹੈ। ਉਸ ਦੇ ਅਨੇਕਾਂ ਗੀਤ ਅਜਿਹੇ ਹਨ ਜੋ ਉਸਦੀ ਸਫਲਤਾ ਦੇ ਚਿੰਨ ਬਿੰਦੂ ਬਣ ਕੇ ਉਸ ਦੀ ਜ਼ਿੰਦਗੀ ਵਿੱਚ ਉਕਰੇ ਹਨ । ਕਹਿੰਦੇ ਨੇ ਕਲਾਕਾਰ ਜਾਂ ਖਬਰਾਂ ਵਿੱਚ ਜਾਂ ਨਜ਼ਰਾਂ ਵਿੱਚ ਹੋਣਾ ਚਾਹੀਦਾ ਹੈ, ਪਰ ਮਨਜੀਤ ਸਾਇਰਾ ਭਾਵੇਂ ਖਬਰਾਂ ਵਿੱਚ ਘੱਟ ਰਹੀ ਪਰ ਲੋਕ ਨਜ਼ਰਾਂ ਵਿੱਚ ਉਸ ਦੇ ਗੀਤਾਂ ਨੂੰ ਪ੍ਰਵਾਨਗੀ ਮਿਲੀ। ਉਸਨੇ 1998 ਵਿੱਚ ਗਾਇਕੀ ਸ਼ੁਰੂ ਕੀਤੀ ਅਤੇ ਗਾਇਕੀ ਦੀਆਂ ਬਰੀਕੀਆਂ ਉਸਨੇ ਉਸਤਾਦ ਗੁਲੂਕਾਰਾ ਸਤਿਕਾਰਯੋਗ ਸਈਦਾ ਬੇਗਮ ਜੀ ਪਾਸੋਂ ਪ੍ਰਾਪਤ ਕੀਤੀਆਂ ਅਤੇ ਪਟਿਆਲਾ ਘਰਾਣੇ ਦੀ ਗਾਇਕਾ ਵਿੱਚ ਆਪਣਾ ਨਾਮ ਸ਼ੁਮਾਰ ਕੀਤਾ । 2004 ਵਿੱਚ ਉਸ ਨੇ ਆਪਣੇ ਗੀਤਾਂ ਦੀ ਝੜੀ ਹੀ ਲਗਾ ਦਿੱਤੀ। ਜਿਸ ਵਿੱਚ ਉਸ ਦੇ ਉਗਲਾਂ ਦੇ ਗਿਣੇ ਜਾਣ ਵਾਲੇ ਹਿੱਟ ਸੌਂਗ "ਵੇ ਸਰਦਾਰਾ ਇੱਕ ਥਾਲੀ ਵਿੱਚ ਹੋਣਾ ਨਹੀਂ ਗੁਜ਼ਾਰਾ", "ਹਾਏ ਸੋਹਣਿਆ ਇੱਕ ਬੂਟਾ ਗੁੱਲਮੋਹਰ ਦਾ," "ਤੇਰੀ ਮਾਂ ਨੇ ਵੰਡ ਲਏ ਭਾਂਡੇ," ਕਣਕ ਵੇਚ ਕੇ ਮਾਹੀਆ ਕੋਠੀ ਪਾਉਣੀ ਆ," ਮਾਂ ਦਿਆ ਰਾਜ ਕੁਮਾਰਾ, "ਸੰਧੂਰੀ ਪੱਗ ਵਾਲਿਆ, "ਨੀ ਕੈਂਠੇ ਵਾਲਾ ਗੱਭਰੂ, ਜੋ ਕਿ ਅਮਰੀਕਾ ਵਿੱਚ ਲਾਂਚ ਕੀਤਾ ਗਿਆ, ਬੇਹੱਦ ਪ੍ਰਸਿੱਧੀ ਖੱਟ ਗਿਆ। ਉਸ ਦੇ ਅਨੇਕਾਂ ਗੀਤ ਗਾਇਕ ਰਾਏ ਜੁਝਾਰ ਨਾਲ ਦੋਗਾਣਿਆਂ ਦੇ ਰੂਪ ਵਿੱਚ ਆਏ। ਜਿਸ ਵਿੱਚ "ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ," ਐਤਵਾਰ ਨੂੰ ਦੱਸ ਕਿਹੜਾ ਤੇਰਾ ਕਾਲਜ ਲੱਗਦਾ ਨੀ, " ਗੱਭਰੂ ਦੇ ਮੰਗ ਲਿਆ ਦਿਲ ਸਖੀਓ ਹੁਣ ਮੈਂ ਕੀ ਕਰਾਂ," ਵੀ ਲੋਕ ਜੁਬਾਨ ਤੇ ਚੜ੍ਹੇ ਰਹਿਣ ਵਾਲੇ ਗੀਤਾਂ ਵਿੱਚੋਂ ਇੱਕ ਸਨ । ਗਾਇਕਾਂ ਮਨਜੀਤ ਸਾਇਰਾ ਦਾ ਜਦੋਂ ਇੱਕ ਗੀਤ ਜਲੰਧਰ ਦੂਰਦਰਸ਼ਨ ਤੇ ਦੋਗਾਣੇ ਦੇ ਰੂਪ ਵਿੱਚ "ਹਾਏ ਸੋਹਣਿਆਂ ਵੇ ਇਕ ਬੂਟਾ ਗੁੱਲਮੋਹਰ ਦਾ" ਵੱਜਿਆ ਤਾਂ ਚਾਰ ਚੁਫੇਰੇ ਗਾਇਕਾ ਮਨਜੀਤ ਸਾਇਰਾ ਦੇ ਨਾਮ ਦੀ ਧੁੰਮ ਪੈ ਗਈ ਸੀ। ਆਪਣੇ ਪਰਿਵਾਰ ਸਮੇਤ ਖੁਸ਼ਹਾਲ ਜੀਵਨ ਬਤੀਤ ਕਰਦੀ ਕਪੂਰਥਲਾ ਚ ਰਹਿੰਦੀ ਇਸ ਗਾਇਕਾ ਨੂੰ ਤੁਸੀਂ ਸੋਸ਼ਲ ਮੀਡੀਏ ਤੇ ਵੀ ਵੱਖ-ਵੱਖ ਪੁਰਾਣੇ ਗੀਤਾਂ ਜਿਵੇਂ "ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ," ਬੱਤੀ ਬਾਲ ਕੇ ਬਨੇਰੇ ਉੱਤੇ ਰੱਖਦੀ ਹਾਂ ,ਜਿਸ ਵਿੱਚ ਉਸਦਾ ਸਾਥ ਤਰਨਮਪ੍ਰੀਤ ਕੌਰ ਨੇ ਦਿੱਤਾ ਹੈ, ਨੂੰ ਆਮ ਹੀ ਦੇਖਿਆ ਜਾ ਸਕਦਾ ਹੈ । ਉਸ ਦੇ ਇਹਨਾਂ ਵੀਡੀਓਜ਼ ਨੂੰ ਵੀ ਸਰੋਤੇ ਕਾਫੀ ਮੁਹੱਬਤ ਦੇ ਕੇ ਨਿਵਾਜ ਰਹੇ ਹਨ। ਗਾਇਕਾ ਮਨਜੀਤ ਸਾਇਰਾ ਨੇ ਕਈ ਧਾਰਮਿਕ ਪ੍ਰੋਜੈਕਟ ਜਿਵੇਂ "ਮੂਲ ਮੰਤਰ", "ਸਤਿਗੁਰੂ ਜੀ ਦਾ ਧਿਆਨ" ਆਦਿ ਕੀਤੇ, ਜਿਨਾਂ ਨੂੰ ਸਰੋਤਿਆਂ ਨੇ ਭਰਵਾਂ ਪਿਆਰ ਦਿੱਤਾ ਗਿਆ। ਉਸਨੇ ਦੱਸਿਆ ਕਿ "ਬੰਬ ਬੋਲੇ" ਅਤੇ "ਸਾਈਆਂ" ਜੋ ਕਿ ਸੂਫੀ /ਧਾਰਮਿਕ ਟਰੈਕ ਹਨ , ਜਲਦ ਹੀ ਉਹ ਰਿਲੀਜ਼ ਕਰ ਰਹੀ ਹੈ। ਉਕਤ ਗਾਇਕਾ ਨੇ ਦੱਸਿਆ ਕਿ ਉਹ ਜਲਦ ਹੀ "ਹੁੰਗਾਰਾ" ਅਤੇ "ਸਾਂਝ" ਜੋ ਕਿ ਲਵ ਸੌਂਗ ਹਨ ਵੀ ਰਿਲੀਜ਼ ਕਰੇਗੀ। ਜਿਸ ਦੀ ਤਕਰੀਬਨ ਰਿਕਾਰਡਿੰਗ ਹੋ ਚੁੱਕੀ ਹੈ । ਉਸਦੇ ਪਤੀ ਸੰਗੀਤ ਦੀ ਅੰਤਰਰਾਸ਼ਟਰੀ ਪੱਧਰ ਦੀ ਪੰਜਾਬ ਤੋਂ ਅਕੈਡਮੀ ਚਲਾ ਰਹੇ ਹਨ ਅਤੇ ਬਿਹਤਰੀਨ ਗਿਟਾਰਿਸਟ ਹਨ। ਦੁਆ ਕਰਦੇ ਹਾਂ ਕਿ ਗਾਇਕਾ ਮਨਜੀਤ ਸਾਇਰਾ ਪਹਿਲਾਂ ਵਾਂਗ ਆਪਣੇ ਨਵੇਂ ਗੀਤਾਂ ਨਾਲ ਸਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪਾਂ ਛੱਡਦੀ ਹੋਈ ਗਾਇਕੀ ਖੇਤਰ ਨੂੰ ਹੋਰ ਵੀ ਚਾਰ ਚੰਦ ਲਾਏਗੀ ਅਤੇ ਆਪਣਾ ਬਣਦਾ ਯੋਗਦਾਨ ਪੰਜਾਬੀ ਸੱਭਿਆਚਾਰ ਖੇਤਰ ਵਿੱਚ ਪਾਵੇਗੀ। ਪਰਮਾਤਮਾ ਉਸ ਨੂੰ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਬਖਸ਼ੇ।



## ਸ਼ਹੀਦ ਗਿਆਨ ਸਿੰਘ ਸੰਘਾ ਦੀ ਯਾਦ ਵਿਚ ਚਿੱਤਰਕਲਾ ਮੁਕਾਬਲੇ ਕਰਵਾਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਨਵਾਂਸ਼ਹਿਰ ਦੇ ਨਜਦੀਕੀ ਪਿੰਡ ਸ਼ਹਾਬ ਪੁਰ ਵਿਖੇ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਯਾਦਗਾਰੀ ਕਮੇਟੀ ਵਲੋਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸਹਿਯੋਗ ਨਾਲ ਸੰਘਾ ਜੀ ਦੀ 31ਵੀਂ ਬਰਸੀ ਮੌਕੇ ਉਹਨਾਂ ਦੀ ਯਾਦਗਾਰ ਉੱਤੇ ਬੱਚਿਆਂ ਦੇ ਚਿੱਤਰਕਲਾ ਮੁਕਾਬਲੇ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ ਜਿਸ ਵਿਚ 27 ਸਕੂਲਾਂ ਦੇ 351 ਬੱਚਿਆਂ ਨੇ ਭਾਗ ਲਿਆ। ਜੱਜਾਂ ਦੀ ਭੂਮਿਕਾ ਬਗੀਚਾ ਸਿੰਘ ਸਹੂੰਗੜਾ, ਮਾਸਟਰ ਸ਼ਾਦੀ ਰਾਮ, ਤਿਲਕ ਰਾਜ ਅਤੇ ਅਮਰਜੀਤ ਸਿੰਘ ਨੇ ਨਿਭਾਈ। ਜੇਤੂ ਬੱਚਿਆਂ ਨੂੰ ਇਨਾਮਾਂ ਦੀ ਵੰਡ ਦਲਜੀਤ ਸਿੰਘ ਐਡਵੋਕੇਟ, ਬੀਬੀ ਗੁਰਬਖਸ਼ ਕੌਰ ਸੰਘਾ ਅਤੇ ਜਸਬੀਰ ਦੀਪ ਨੇ ਕੀਤੀ।

ਪਹਿਲੇ ਵਰਗ ਵਿਚ ਹਰਚੇਤਨ ਸਿੰਘ ਸ.ਹ.ਸ. ਸਕੂਲ ਜਾਡਲਾ ਪਹਿਲਾ, ਭਾਵਨਾ ਦੂਜਾ, ਯਸ਼ਪ੍ਰੀਤ ਸਕੌਲਰਜ਼ ਪਬਲਿਕ ਸਕੂਲ ਜਾਡਲਾ ਤੀਜਾ ਅਤੇ ਆਯੂਸ਼ੀ ਸ.ਸ. ਰਾਹੋਂ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਦੂਜੇ ਵਰਗ ਵਿਚ ਅੰਸ਼ਿਕਾ ਸੱਭਰਵਾਲ ਸ. ਸ. ਰਾਹੋਂ ਨੇ ਪਹਿਲਾ, ਗੁਰਕਮਲ ਕੌਰ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਦੂਜਾ, ਮਿਨਾਕਸ਼ੀ ਚੁੰਬਰ ਸ ਸ ਨਵਾਂਸ਼ਹਿਰ ਨੇ ਤੀਜਾ ਅਤੇ ਮਨਜਿੰਦਰ ਸਿੰਘ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਨੇ ਚੌਥਾ ਸਥਾਨ ਹਾਸਲ ਕੀਤਾ। ਤੀਜੇ ਵਰਗ ਵਿਚ ਇੰਦਰਜੀਤ ਕੌਰ ਸਕੌਲਰਜ਼ ਪਬਲਿਕ ਸਕੂਲ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਪਹਿਲਾ, ਜੋਤੀ ਸ਼ਰਮਾ ਸ ਸ ਉਸਮਾਨ ਪੁਰ ਨੇ ਦੂਜਾ, ਮਿਅੰਕ ਰੰਗੜ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਤੀਜਾ ਅਤੇ ਜਸਪ੍ਰੀਤ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਨੇ ਚੌਥਾ ਸਥਾਨ ਹਾਸਲ ਕੀਤਾ।

ਚੌਥੇ ਵਰਗ ਵਿਚ ਦਵਿੰਦਰ ਕੁਮਾਰ ਐਮ ਏ ਪਬਲਿਕ ਸਕੂਲ ਜਾਡਲਾ ਨੇ ਪਹਿਲਾ, ਬਬਲੀਨ ਕੌਰ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਦੂਜਾ, ਰਜਿਤ ਕੁਮਾਰ ਐਮ ਏ ਪਬਲਿਕ ਸਕੂਲ ਜਾਡਲਾ ਨੇ ਤੀਜਾ ਅਤੇ ਏਕਮਪ੍ਰੀਤ ਕੌਰ ਪੀ ਐਸ ਪਬਲਿਕ ਸਕੂਲ ਰਾਹੋਂ ਨੇ ਚੌਥਾ ਸਥਾਨ ਹਾਸਲ ਕੀਤਾ।

ਸੁੰਦਰ ਲਿਖਾਈ ਵਿਚ ਉਮਾ ਅਰਿਵਾਰ ਸ ਮਿ ਸ ਕੁਲਾਮ ਪਹਿਲੇ, ਪ੍ਰਿਆ ਸ ਹ ਸ ਮਜਾਰਾ ਖੁਰਦ ਦੂਜੇ ਅਤੇ ਪ੍ਰਿਆ ਕੁਮਾਰੀਸ ਸ ਸ ਸ ਨਵਾਂਸ਼ਹਿਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਅਜੈ ਕੁਮਾਰ ਚਾਹੜ ਮਜਾਰਾ, ਵਿਨਾਇਕ ਲਖਣਪਾਲ, ਸਤਨਾਮ ਸਿੰਘ ਮੀਰਪੁਰੀ, ਮਨੋਹਰ ਲਾਲ, ਗੁਰਦੀਪ ਸਿੰਘ ਦੁਪਾਲਪੁਰੀ, ਸ਼ੰਕਰ ਦਾਸ ਬੰਗਾ, ਭੁਪਿੰਦਰ ਸਿੰਘ ਵੜੈਚ, ਸੁਰਜੀਤ ਕੌਰ ਉਟਾਲ, ਬਲਵੀਰ ਕੁਮਾਰ, ਸਰਬਜੀਤ ਮੰਗੂਵਾਲ, ਸਤਨਾਮ ਸਿੰਘ ਰਾਹੋਂ, ਗੁਰਮੀਤ ਸਿੰਘ ਰਾਹੋਂ, ਪਰਵਿੰਦਰ ਸਿੰਘ, ਨਰਿੰਦਰ ਸਿੰਘ ਉੜਾਪੜ, ਸੁਰਜੀਤ ਸਿੰਘ ਉੜਾਪੜ, ਪੀ.ਐਸ. ਯੂ ਆਗੂਆਂ ਬਲਜੀਤ ਸਿੰਘ ਧਰਮਕੋਟ, ਰਾਜੂ ਬਰਨਾਲਾ, ਜਸ਼ਨ ਸਜਾਵਲ ਪੁਰ, ਰੋਹਿਨ ਨਵਾਂਸ਼ਹਿਰ, ਨਵੀਨ ਨਵਾਂਸ਼ਹਿਰ ਨੇ ਜ਼ਿੰਮੇਵਾਰੀਆਂ ਨਿਭਾਈਆਂ। ਗੁਰਚੇਤਨ ਸ ਸ ਜਾਡਲਾ ਨੇ ਪਹਿਲੇ ਵਰਗ ਵਿਚੋਂ ਲਗਾਤਾਰ ਤੀਜੇ ਸਾਲ ਪਹਿਲਾ ਸਥਾਨ ਪ੍ਰਾਪਤ ਕੀਤਾ।





## ਪੁਲਿਸ ਨੇ 3 ਗੰਭੀਰ ਮਾਮਲਿਆਂ ਵਿੱਚ ਕੁੱਲ 11 ਮੁਲਜ਼ਮ ਕੀਤੇ ਕਾਬੂ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਅਟੁੱਟ ਵਚਨਬੱਧਤਾ ਦੇ ਤਹਿਤ ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਦੀ ਅਗਵਾਈ ਹੇਠ ਪਠਾਨਕੋਟ ਪੁਲਿਸ ਨੇ ਪਿਛਲੇ 24 ਘੰਟਿਆਂ ਵਿੱਚ ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਕੁੱਲ 11 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

### ਪਠਾਨਕੋਟ ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਕੋਸ਼ਿਸ਼ ਨੂੰ ਕੀਤਾ ਨਾਕਾਮ

ਪਠਾਨਕੋਟ ਪੁਲਿਸ ਨੇ ਕੱਲ੍ਹ ਇੱਕ ਨਿਰਣਾਇਕ ਕਾਰਵਾਈ ਕਰਦਿਆਂ ਨਸ਼ੀਲੇ ਪਦਾਰਥਾਂ ਦੀ ਇੱਕ ਖੇਪ ਨੂੰ ਕਾਬੂ ਕੀਤਾ ਹੈ। ਰੂਟੀਨ ਚੈਕਿੰਗ ਦੌਰਾਨ ਯੂਸਫ ਉਰਫ ਸੀਪੂ ਨੂੰ 10 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਕਾਬੂ ਕੀਤਾ ਗਿਆ। ਕਾਲੇ ਰੰਗ ਦੇ ਪਲਸਰ ਮੋਟਰਸਾਈਕਲ (ਪੀਬੀ-65-ਕੇ-7085) ’ਤੇ ਸਵਾਰ ਸ਼ੱਕੀ ਵਿਅਕਤੀ ਨੇ ਜਾਂਚ ਤੋਂ ਬਚਣ ਦੀ ਕੋਸ਼ਿਸ਼ ਕੀਤੀ ਪਰ ਏਐਸਆਈ ਸੁਸ਼ੀਲ ਕੁਮਾਰ ਮਾਮੂਨ ਕੈਂਟ ਵੱਲੋਂ ਉਸ ਨੂੰ ਕਾਬੂ ਕਰ ਲਿਆ ਗਿਆ। ਮੁਲਜ਼ਮ ਹੁਣ ਹਿਰਾਸਤ ਵਿੱਚ ਹੈ ਅਤ 21, 22-61-85 ਐਨ ਡੀ ਪੀ ਐਸ ਐਕਟ ਦੇ ਤਹਿਤ ਦੋਸ਼ਾਂ ਦਾ ਸਾਹਮਣਾ ਕਰੇਗਾ। ਪਠਾਨਕੋਟ ਪੁਲਿਸ ਖੇਤਰ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਉਣ ਲਈ ਵਚਨਬੱਧ ਹੈ।

### ਗੋਸਾਈਪੁਰ ਪੈਲੇਸ ਤੇ ਹਮਲਾ, 8 ਨੂੰ ਕਾਬੂ ਕੀਤਾ ਗਿਆ

ਪਠਾਨਕੋਟ ਪੁਲਿਸ ਨੇ ਗੋਸਾਈਪੁਰ ਪੈਲੇਸ 'ਚ ਹੋਏ ਕੁੱਟਮਾਰ ਦੇ ਮਾਮਲੇ 'ਚ ਅਹਿਮ ਤਰੱਕੀ ਕੀਤੀ ਹੈ। ਹਰਪ੍ਰੀਤ ਸਿੰਘ ਉਰਫ ਜੱਗਾ ਅਤੇ ਸਾਥੀਆਂ ਨੂੰ ਆਈ।ਪੀ।ਸੀ। ਦੀ ਧਾਰਾ 323, 341, 506, 148 ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਪੀੜਤ ਬਲਵਿੰਦਰ ਸਿੰਘ ਨੇ ਇੱਕ ਸ਼ਿਕਾਇਤ ਦਰਜ ਕਰਵਾਈ ਜਿਸ ਵਿੱਚ ਜ਼ਬਰਦਸਤੀ ਹਿਰਾਸਤ ਵਿੱਚ ਲਏ ਜਾਣ ਅਤੇ ਸਰੀਰਕ ਹਮਲੇ ਦਾ ਵੇਰਵਾ ਦਿੱਤਾ ਗਿਆ। ਹਰਪ੍ਰੀਤ ਸਿੰਘ ਉਰਫ ਜੱਗਾ ਸਮੇਤ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

### ਪਠਾਨਕੋਟ ਪੁਲਿਸ ਨੇ ਨਜਾਇਜ਼ ਸ਼ਰਾਬ ਦੇ ਧੰਦੇ ਨੂੰ ਬਣਾਇਆ ਨਿਸ਼ਾਨਾ, 1 ਕਾਬੂ

ਪਠਾਨਕੋਟ ਪੁਲਿਸ ਨੇ ਨਜਾਇਜ਼ ਸ਼ਰਾਬ ਦੇ ਕਾਰੋਬਾਰ ਦੇ ਖਿਲਾਫ ਇੱਕ ਰਣਨੀਤੀ ਤਹਿਤ ਤੰਵਾਲ ਰੋਡ 'ਤੇ ਛਾਪੇਮਾਰੀ ਕੀਤੀ। ਇਤਲਾਹ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਪਾਰਟੀ ਨੇ ਨਜਾਇਜ਼ ਸ਼ਰਾਬ ਵੇਚਣ ਦੇ ਧੰਦੇ 'ਚ ਸ਼ਾਮਿਲ ਇੱਕ ਸ਼ੱਕੀ ਦੋਸ਼ੀ ਨੂੰ ਕਾਬੂ ਕਰ ਲਿਆ ਹੈ । ਸ਼ੱਕੀ ਵਿਅਕਤੀ ਦੇ ਫਰਾਰ ਹੋਣ ਦੇ ਬਾਵਜੂਦ 22,500 ਮਿਲੀਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। 61-1-14 ਐਕਸਾਈਜ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# 100 ਸਾਲ ਪਹਿਲਾਂ ਘਰ-ਦੁਆਰੇ ਛੱਡ ਫੀਜ਼ੀ 'ਚ ਕੰਮ ਕਰਦਿਆਂ ਬਣਾ ਗਏ ਗੁਰਦੁਆਰੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਪੰਜਾਬ ਤੋਂ ਲਗਪਗ 12000 ਕਿਲੋਮੀਟਰ ਦੂਰ ਸਮੁੰਦਰੀ ਟਾਪੂ ਫੀਜ਼ੀ ਦੇ ਵਿਚ ਜਦੋਂ ਪਹਿਲੀ ਵਾਰ 463 ਭਾਰਤੀਆਂ ਨੇ 15 ਮਈ 1879 ਨੂੰ ਲੀਓਨੀਦਾਸ ਸਮੁੰਦਰੀ ਜ਼ਹਾਜ਼ ਦੇ ਰਾਹੀਂ ਪੈਰ ਧਰਿਆ ਤਾਂ ਸੋਚ ਕੇ ਵੇਖੋ ਕਿ ਕਿਹੜੇ ਸੁਪਨੇ ਲੈ ਕੇ ਬੇਗਾਨੇ ਮੁਲਕ, ਬਿਨਾਂ ਕਿਸੇ ਰੈਣ ਬਸੇਰੇ ਦੇ ਪਹੁੰਚੇ ਹੋਣਗੇ। ਫਿਰ 11 ਨਵੰਬਰ 1916 ਤੱਕ ਇਹ ਵਰਤਾਰਾ ਸਮੁੰਦਰੀ ਜਹਾਜ਼ਾਂ ਰਾਹੀਂ ਚੱਲਿਆ, ਕਿਉਂਕਿ ਉਥੇ ਕਾਮੇ ਚਾਹੀਦੇ ਸਨ ਅਤੇ 60,000 ਤੋਂ ਵੱਧ ਭਾਰਤੀ ਲੋਕ ਫਿਰ ਸਮੁੰਦਰੀ ਰਸਤੇ ਪਹੁੰਚੇ। ਇਨ੍ਹਾਂ ਦੇ ਵਿਚ ਸਿੱਖਾਂ ਦੀ ਗਿਣਤੀ ਵੀ ਵੱਡੀ ਮਾਤਰਾ ਵਿਚ ਸ਼ਾਮਿਲ ਹੋ ਗਈ। ਅਖੀਰ ਵੇਲੇ ਤੱਕ ਸਮੁੰਦਰੀ ਜ਼ਹਾਜਾਂ ਦੇ ਨਾਂਅ ਵੀ ਫਾਜ਼ਿਲਕਾ, ਸਤਲੁਜ ਅਤੇ ਚਨਾਬ ਆਦਿ ਰੱਖ ਲਏ ਗਏ ਸਨ। ਸਿੱਖ ਰੁਜ਼ਗਾਰ ਵਾਸਤੇ ਘਰੋਂ ਬਾਹਰ ਨਿਕਲ ਕੇ ਜਿੱਥੇ ਮਿਹਨਤ ਮੁਸ਼ੱਕਤ ਨਾਲ ਆਪਣਾ ਰੈਣ ਬਸੇਰਾ ਬਣਾ ਲੈਂਦੇ ਹਨ, ਉਥੇ ਉਦਮ ਕਰਕੇ ਨਾਲ ਹੀ ਸੰਗਤ ਦੇ ਸਹਿਯੋਗ ਨਾਲ ਗੁਰੂ ਰਾਮਦਾਸ ਪਾਤਿਸ਼ਾਹ ਦੀ ਬਖਸ਼ਿਸ਼ ਕਿ ਸਿੱਖ ਦਾ ਘਰ ਭਾਵੇਂ ਕੱਚਾ ਰਹਿ ਜਾਏ, ਪਰ ਉਹ ਗੁਰੂ ਦਾ ਘਰ ਪੱਕਾ ਸੁੰਦਰ ਅਤੇ ਵੱਡਾ ਵੇਖਣਾ ਚਾਹੁੰਦਾ ਹੈ, ਦੇ ਜ਼ਜਬੇ ਨੂੰ ਵੀ ਅਮਲੀ ਰੂਪ ਦੇ ਦਿੰਦੇ ਹਨ। ਅਜਿਹੇ ਹੀ ਜ਼ਜਬਿਆਂ ਦੇ ਵਿਚੋਂ ਫੀਜ਼ੀ ਵਿਖੇ ਉਸ ਵੇਲੇ ਗਏ ਸਿੱਖਾਂ ਨੇ 1923 ਦੇ ਵਿਚ ਪਹਿਲਾ ਗੁਰਦੁਆਰਾ ਸਾਹਿਬ ਦੇਸ਼ ਦੀ ਰਾਜਧਾਨੀ ਸੁਵਾ ਵਿਖੇ ਸ਼ਹਿਰ ਸਾਮਾਬੁੱਲਾ ਦੀ ਇਕ ਟੀਸੀ ਉਤੇ ਸਥਾਪਿਤ ਕਰ ਲਿਆ ਸੀ। ਵਾਹ! ਵਾਹ!! ਮੂੰਹੋਂ ਨਿਕਲਦਾ ਹੈ, ਇਨ੍ਹਾਂ ਸਿੱਖਾਂ ਲਈ। ਕੈਸੀ ਕਮਾਲ ਕੀਤੀ ਇਨ੍ਹਾਂ ਸਿੱਖਾਂ ਨੇ ਕਿ ਆਪਣੇ ਘਰ-ਦੁਆਰੇ ਛੱਡ ਕੇ ਫੀਜ਼ੀ ਗਏ ਅਤੇ ਉਥੇ ਜਾ ਕੇ ਨਿਸ਼ਾਨ ਸਾਹਿਬ ਝੁਲਾਅ ਦਿੱਤੇ ਆਲੀਸ਼ਾਨ ਗੁਰਦੁਆਰੇ ਬਣਾ ਦਿੱਤੇ।


ਫੀਜ਼ੀ ਮੰਤਰੀ ਸ੍ਰੀ ਚਰਨਜੀਥ ਸਿੰਘ ਨਾਲ ਪੱਤਰਕਾਰ


ਸਾਮਾਬੁਲਾ ਗੁਰਦੁਆਰਾ ਸਾਹਿਬ ਸੁਵਾ (ਫੀਜ਼ੀ) ਵਿਖੇ ਨਗਰ ਕੀਰਤਨ ਦੀਆਂ ਰੌਣਕਾਂ

**ਸੰਖੇਪ ਇਤਿਹਾਸ ਗੁਰਦੁਆਰਾ ਸਾਹਿਬ ਬਾਰੇ:** ਗੁਰਦੁਆਰਾ ਸਾਹਿਬ ਦਾ ਮੁੱਢਲਾ ਰੂਪ ਗ੍ਰੀਕ ਡਿਜ਼ਾਈਨ ਨਾਲ ਤਿਆਰ ਕੀਤਾ ਗਿਆ ਸੀ ਅਤੇ ਇਹ ਲੱਕੜ ਦਾ ਸੀ। ਦੇਸ਼ ਦੇ ਮੁਖੀ ਦੇ ਨਾਂਅ ਬੋਲਣ ਵਾਲੀ ਇਹ ਜ਼ਮੀਨ ਪਹਿਲਾਂ ਪਟੇ 'ਤੇ ਲਈ ਸੀ ਜੋ ਬਾਅਦ ਵਿਚ ਇਕ ਪੌਂਡ ਦੇ ਕੇ ਗੁਰਦੁਆਰਾ ਸਾਹਿਬ ਦੇ ਨਾਂਅ 'ਤੇ ਕੀਤੀ ਗਈ। ਇਹ ਜਗ੍ਹਾ ਸਮੁੰਦਰੀ ਤੱਟ ਤੋਂ ਨੇੜੇ ਅਤੇ ਟੀਸੀ ਉਤੇ ਹੋਣ ਕਰਕੇ ਸਾਰਾ ਸੀਮਿੰਟ, ਇੱਟਾਂ ਅਤੇ ਹੋਰ ਸਾਮਾਨ ਸੇਵਾਦਾਰਾਂ ਨੇ ਸਿਰਾਂ 'ਤੇ ਅਤੇ ਪਿੱਠਾਂ ਉਤੇ ਢੋਅ ਕੇ ਨਿਰਮਾਣ ਕਾਰਜ ਪੂਰੇ ਕੀਤੇ। ਸੰਗਤ ਨੇ ਉਗਰਾਹੀ ਵੀ ਕੀਤੀ ਅਤੇ ਇਕ ਲੰਬੀ ਚੜ੍ਹਾਈ ਚੜ੍ਹਦੀਆਂ ਪੌੜੀਆਂ ਦਾ ਨਿਰਮਾਣ ਕੀਤਾ। ਸ਼ਾਮ ਤੱਕ ਕੰਮ ਕਰਕੇ ਸਾਰੇ ਸੇਵਾਦਾਰ ਦੂਰ-ਦੁਰਾਡੇ ਆਪਣੇ ਘਰਾਂ ਵਿਚ ਜਾਂਦੇ ਸਨ। 1960 ਦੇ ਵਿਚ ਗੁਰਦੁਆਰਾ ਸਾਹਿਬ ਦਾ ਵਿਸਥਾਰ ਕੀਤਾ ਗਿਆ। ਲਗਪਗ 1200 ਪੌਂਡ ਦਾ ਖਰਚਾ ਹੋਇਆ। 1990 ਦੇ ਵਿਚ ਲੰਗਰ ਹਾਲ ਬਣਾਇਆ ਗਿਆ। 1950 ਅਤੇ 60 ਵੇਲੇ ਜਦੋਂ ਹੜ੍ਹ ਅਤੇ ਤੁਫਾਨ ਆਦਿ ਨਾਲ ਵੱਡੇ ਨੁਕਸਾਨ ਹੋਏ ਤਾਂ ਗੁਰਦੁਆਰਾ ਸਾਹਿਬ ਦੀ ਬਾਉਲੀ ਤੋਂ ਪਾਣੀ ਦੀ ਵਰਤੋਂ ਨਾਲ ਲਗਦੇ ਖੇਤਰਾਂ ਤੱਕ ਕੀਤੀ ਗਈ। 1947 ਵੇਲੇ ਇਥੇ ਦੇ ਸਿੱਖਾਂ ਨੇ ਭਾਰਤ ਦੇ ਸਿੱਖਾਂ ਦੀ ਮਦਦ ਵਾਸਤੇ ਮਾਇਕ ਸਹਾਇਤਾ ਵੀ ਭੇਜੀ। ਜਦੋਂ ਭਾਰਤ ਤੋਂ ਸਮੁੰਦਰੀ ਜਹਾਜ਼ਾਂ ਵਿਚ ਭਾਰਤੀ ਆਉਂਦੇ ਤਾਂ, ਨਾ ਤਾਂ ਉਨ੍ਹਾਂ ਕੋਲ ਪੈਸਾ ਹੁੰਦਾ ਅਤੇ ਨਾ ਹੀ ਰਹਿਣ ਲਈ ਥਾਂ। ਉਸ ਵੇਲੇ ਗੁਰਦੁਆਰਾ ਸਾਹਿਬ ਨੇ ਭੋਜਨ ਅਤੇ ਰਿਹਾਇਸ਼ ਦਿੱਤੀ। 1922 ਦੇ ਵਿਚ ਅਸਥਾਈ ਗੁਰਦੁਆਰਾ ਸਾਹਿਬ ਵਿਖੇ ਜਦੋਂ 500 ਭਾਰਤੀ ਸਮੁੰਦਰੀ ਜਹਾਜ਼ ਰਾਹੀਂ ਆਏ ਤਾਂ ਇਨ੍ਹਾਂ ਵਿਚ ਭਾਈ ਚੰਨਣ ਸਿੰਘ ਵੀ ਸਨ ਜੋ ਪਹਿਲੇ ਗ੍ਰੰਥੀ ਸਿੰਘ ਅਖਵਾਏ। ਸ। ਸੰਪੂਰਨ ਸਿੰਘ ਨਿੱਜਰ ਪਿੰਜ ਭਾਰਾਪੁਰ ਵਾਲੇ ਉਸ ਵੇਲੇ ਪ੍ਰਬੰਧਕ ਸਨ। ਦੂਸਰੀ ਵਿਸ਼ਵ ਜੰਗ (1942-44) ਦੌਰਾਨ ਜਦੋਂ ਫੀਜ਼ੀ ਅਤੇ ਪੈਸੇਫਿਕ ਲੋਕ ਲੜਾਈ ਲੜ ਰਹੇ ਸਨ ਤਾਂ ਜਾਪਾਨੀ ਫੌਜਾਂ ਨੇ ਆਧੁਨਿਕਾਂ ਹਥਿਆਰਾਂ ਦੀ ਵਰਤੋਂ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਥੇ ਰਹਿੰਦੇ ਸਿੱਖਾਂ ਦੀ ਸੁਰੱਖਿਆ ਲਈ ਬੰਕਰ (ਬੰਬ ਸ਼ੈਲਟਰ) ਬਣਾਇਆ ਗਿਆ। 1990 ਦੇ ਵਿਚ ਰਸਮੀ ਤੌਰ ਉਤੇ ਫੀਜ਼ੀ ਸਿੱਖ ਐਸੋਸੀਏਸ਼ਨ ਬਣਾਈ ਗਈ। ਅੱਜ ਗੁਰਦੁਆਰਾ ਸਾਹਿਬ ਸਾਮਾਬੁੱਲਾ ਦੀ 100ਵੀਂ ਵਰ੍ਹੇਗੰਢ (ਸ਼ਤਾਬਦੀ) ਸਮ-ਾਗਮਾਂ ਦੀ ਸ਼ੁਰੂਆਤ ਮੌਕੇ ਬਹੁਤ ਹੀ ਸੁੰਦਰ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਇਹ ਸ਼ਤਾਬਦੀ ਸਮਾਗਮ 26 ਨਵੰਬਰ ਤੱਕ ਜਾਰੀ ਰਹਿਣੇ ਹਨ।



ਤਸਵੀਰ: ਹਰਜਿੰਦਰ ਸਿੰਘ ਬਸਿਆਲਾ

ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਸੰਦੀਪ ਸਿੰਘ ਖਾਲਸਾ, ਸਾਥੀ ਭਾਈ ਗੋਬਿੰਦ ਸਿੰਘ ਅਤੇ ਭਾਈ ਰਣਜੀਤ ਸਿੰਘ ਹੋਰਾਂ ਨੇ ਬੀਤੇ 6 ਮਹੀਨਿਆਂ ਤੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਮਾਲ ਦੀਆਂ ਤਿਆਰੀਆਂ ਕੀਤੀਆਂ ਅਤੇ ਨਗਰ ਕੀਰਤਨ ਦੌਰਾਨ ਕੀਰਤਨ ਨਾਲ ਸੰਗਤ ਨੂੰ ਨਿਹਾਲ ਵੀ ਕੀਤਾ। ਸੁੰਦਰ ਸੋਵੀਨਰ ਜਾਰੀ ਕੀਤੇ ਗਏ। ਪ੍ਰਧਾਨ ਬਲਬੀਰ ਸਿੰਘ ਖਾਨਪੁਰ ਅਤੇ ਉਪ ਪ੍ਰਧਾਨ ਅਜੇਸ਼ ਸਿੰਘ ਸੁੱਜੋਂ ਅਤੇ ਸਾਰੇ ਟ੍ਰਸਟੀ ਸ। ਬਲਬੀਰ ਸਿੰਘ ਰਟੈਂਡਾ, ਸ।ਬਲਦੇਵ ਸਿੰਘ ਖਾਨਪੁਰ, ਸੱਚਾ ਸਿੰਘ, ਬਲਜੀਤ ਸਿੰਘ ਹੇਅਰ ਅਤੇ ਚਰਨਜੀਥ ਸਿੰਘ ਗੋਸਲ (ਮੌਜੂਦਾ ਮੰਤਰੀ) 100 ਸਾਲਾ ਜਸ਼ਨਾਂ ਦੇ ਲਈ ਕਾਫੀ ਸਮੇਂ ਤੋਂ ਲੱਗੇ ਹੋਏ ਸਨ। ਪਿੰਡ ਰਟੈਂਡਾ (ਨਵਾਂਸ਼ਹਿਰ) ਨਾਲ ਸਬੰਧ ਰੱਖਦਾ ਇਕ ਪਰਿਵਾਰ ਦਾ 20 ਫਰਵਰੀ 1938 ਨੂੰ ਕਲਕੱਤਾ ਤੋਂ 'ਗੇਂਜਸ' ਨਾਂਅ ਦੇ ਸਮੁੰਦਰੀ ਜਹਾਜ਼ ਰਾਹੀਂ ਫਿਜ਼ੀ ਲਈ ਚੱਲਿਆ, ਤਿੰਨ ਦਿਨ ਦੇ ਸਫ਼ਰ ਬਾਅਦ ਉਨ੍ਹਾਂ ਦੇ ਬੇਟੇ ਜਗਿੰਦਰਾ ਸਿੰਘ ਦਾ ਜਨਮ ਸਮੁੰਦਰੀ ਜਹਾਜ਼ ਵਿਚ ਹੀ ਹੋਇਆ ਅਤੇ 16 ਮਾਰਚ 1938 ਨੂੰ ਇਹ ਸ਼ਿੱਪ ਕੰਢੇ ਲੱਗਿਆ। ਇਸ ਵੇਲੇ ਜਗਿੰਦਰਾ ਸਿੰਘ ਦੇ ਨਾਂਅ ਉਤੇ ਸਕੂਲ ਹੈ ਅਤੇ ਉਹ ਵੱਡੇ ਕਾਰੋਬਾਰ ਦਾ ਮਾਲਕ ਹੈ।

ਨਿਊਜ਼ੀਲੈਂਡ ਤੋਂ ਕੁਝ ਮਹੀਨੇ ਖੋਜ ਕਾਰਜਾਂ ਲਈ ਨਿਕਲੇ ਸ। ਰਘਬੀਰ ਸਿੰਘ ਸ਼ੇਰਗਿੱਲ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ੍ਰੀ ਅਰਵਿੰਦ ਕੁਮਾਰ, ਸ. ਹਰਜੋਤ ਸਿੰਘ ਅਤੇ ਸ. ਹਰਜਿੰਦਰ ਸਿੰਘ ਬਸਿਆਲਾ ਹੋਰਾਂ ਨੂੰ ਉਨ੍ਹਾਂ ਬਹੁਤ ਸਾਰੇ ਪੁਰਾਣੇ ਪੰਜਾਬੀ ਪਰਿਵਾਰ ਮਿਲਾਏ, ਜੋ ਕਿ ਕਮਾਲ ਦਾ ਇਤਹਾਸ ਸਾਂਭੀ ਬੈਠੇ ਹਨ। ਇਥੇ ਸਥਾਪਿਤ ਮਾਇਆ ਹੋਟਲ ਵਾਲੇ ਸ. ਹਰਮਿੰਦਰ ਸਿੰਘ ਹੁਸ਼ਿਆਰਪੁਰ ਦੇ ਹਨ ਅਤੇ ਪੰਜਾਬੀਆਂ ਨੂੰ ਵੇਖ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਹੈ। ਇਸ ਵੇਲੇ ਵੱਡੀ ਬੱਸ ਕੰਪਨੀ (80 ਬੱਸਾਂ) 'ਟੈਕੀਰੂਆ ਬੱਸ ਟ੍ਰਾਂਸਪੋਰਟ' ਦੇ ਮਾਲਕ ਸਵ। ਦਲੀਪਾ ਮਹਾਜਨ (ਜਲੰਧਰ) 1914 ਦੇ ਵਿਚ ਫੀਜ਼ੀ ਪਹੁੰਚੇ ਸਨ। 1940 ਦੇ ਵਿਚ ਜੀਵਨ ਸਿੰਘ ਨਾਂਅ ਦੇ ਸਿੱਖ ਨੇ ਪੁਲਿਸ ਦੇ ਵਿਚ ਨੌਕਰੀ ਕਰ ਲਈ ਸੀ ਤੇ ਪੁਲਿਸ ਕੋਰਪੋਰਲ ਦੇ ਅਹੁਦੇ ਤੱਕ ਰਹੇ ਅਤੇ 2 ਡਾਲਰ ਨੋਟ ਉਤੇ ਫੋਟੋ ਛਪੀ। ਇਸ ਵੇਲੇ ਲਗਪਗ 1500 ਦੇ ਕਰੀਬ ਸਿੱਖ ਗੁਰ ਅਸਥਾਨਾਂ ਨਾਲ ਜੁੜੇ ਹੋਏ ਹਨ।

ਇਸ ਵੇਲੇ ਫੀਜ਼ੀ ਦੇ ਵਿਚ ਕੁੱਲ ਪੰਜ ਗੁਰਦੁਆਰਾ ਸਾਹਿਬ ਵੱਖ-ਵੱਖ ਸ਼ਹਿਰਾਂ (ਸਾਮਬੁੱਲਾ, ਤਾਗੀ-ਤਾਗੀ, ਲਾਉਟੋਕਾ, ਲਾਬਾਸਾ ਅਤੇ ਨਸੀਨੂ) ਹਨ। ਖਾਲਸਾ ਕਾਲਜ ਅਤੇ ਸਕੂਲਾਂ ਦੀ ਇਕ ਲੜੀ ਹੈ। ਜੋ 50 ਸਾਲਾ ਡਾਇਮੰਡ ਜੁਬਲੀ (1959 ਤੋਂ 2019) ਵੀ ਮਨਾ ਚੁੱਕੀ ਹੈ। ਸ. ਜੋਗਿੰਦਰ ਸਿੰਘ ਕੰਵਲ ਪਿੰਡ ਝਿੱਕਾ ਵਾਲੇ ਇਥੇ ਲੰਬਾ ਸਮਾਂ ਪ੍ਰਿੰਸੀਪਲ ਰਹੇ। ਸਥਾਨਕ ਮੰਤਰੀਆਂ ਅਤੇ ਹਾਈ ਕਮਿਸ਼ਨਰ ਵੱਲੋਂ ਵੀ 100 ਸਾਲਾ ਜਸ਼ਨਾਂ ਉਤੇ ਵਧਾਈ ਸੰਦੇਸ਼ ਦਿੱਤੇ ਗਏ ਹਨ।

ਸੋ, ਅਗਲੇ ਇਕ ਹਫ਼ਤੇ ਤੱਕ ਫੀਜ਼ੀ ਵਿਖੇ ਸ਼ਤਾਬਦੀ ਸਮਾਗਮ ਚੱਲ ਰਹੇ ਹਨ ਅਤੇ ਇਥੇ ਜਾਣ ਵਾਸਤੇ ਕਿਸੇ ਵੀਜ਼ੇ ਦੀ ਲੋੜ ਨਹੀਂ ਹੁੰਦੀ ਅਤੇ ਪਹੁੰਚਣ ਉਤੇ ਭਾਰਤੀਆਂ ਨੂੰ ਵੀਜ਼ਾ ਮਿਲ ਜਾਂਦਾ ਹੈ।










'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰੂ ਨਾਨਕ ਦਾ ਸਮਾਜਵਾਦ

ਪੰਜਾਬ ਵਾਸੀਆਂ ਦੀ ਇਹ ਵੱਡੀ ਖੁਸ਼ਕਿਸਮਤੀ ਹੈ ਜਿੰਨਾਂ ਨੂੰ ਕੁਦਰਤ ਨੇ ਗੁਰੂ ਨਾਨਕ ਵਰਗਾ ਮਹਾਨ ਰਹਿਬਰ ਦਿੱਤਾ। ਜਿਹਨਾਂ ਦੀ ਰਹਿਨੁਮਾਈ ਸਦਕਾ ਝੁਲਸੀ ਅਤੇ ਮਧੋਲੀ ਜਾ ਚੁੱਕੀ ਮਾਨਵਤਾ ਦੇ ਚਿਹਰੇ ਤੇ ਉਮਾਹ ਅਤੇ ਖੇੜਾ ਉੱਮੜ ਆਇਆ। ਨਾ ਕੇਵਲ ਧਾਰਮਕ ਸਗੋਂ ਸਮਾਜਕ ਅਤੇ ਰਾਜਸੀ ਪਖੋਂ ਵੀ ਮਨੁੱਖਤਾ ਨੂੰ ਮਜ਼ਬੂਤ ਬਣਾਉਣ ਲਈ ਗੁਰੂ ਜੀ ਨੇ ਆਪਣਾ ਸਮੁੱਚਾ ਜੀਵਨ ਅਰਪਣ ਕਰ ਦਿੱਤਾ। ਉਹਨਾਂ ਦੇ ਆਦਰਸ਼ਾਂ ਦੀ ਅਗਵਾਈ ਵਿਚ ਕੁੱਝ ਮਨੁੱਖ ਬਰਾਬਰਤਾ, ਸਮਾਨਤਾ ਅਤੇ ਭਾਈਚਾਰੇ ਵਾਲਾ ਸਮਾਜਵਾਦ ਲਿਆਉਣ ਲਈ ਯਤਨਸ਼ੀਲ ਹਨ ਗੁਰੂ ਨਾਨਕ ਨੇ ਅੱਜ ਤੋਂ 550 ਸਾਲ ਪਹਿਲਾਂ ਸਮਾਜ ਦੀ ਕਾਣੀ ਵੰਡ, ਆਰਥਕ ਨਾ ਬਰਾਬਰੀ ਅਤੇ ਫਿਰਕੂ ਵੰਡ ਵਿਤਕਰਿਆਂ ਦੀ ਜੋਰਦਾਰ ਨਿਖੇਧੀ ਕੀਤੀ। ਉਹਨਾਂ ਨੇ ਬਰਾਬਰੀ, ਇਨਸਾਨੀ ਹਮਦਰਦੀ, ਸਾਂਝੀਵਾਲਤਾ ਅਤੇ ਹਰ ਇਕ ਲਈ ਕਿਰਤ ਕਰਕੇ ਵੰਡ ਛਕਣ ਦਾ ਨਾਅਰਾ ਬੁਲੰਦ ਕਰਕੇ ਸਮਾਜਵਾਦ ਦੀ ਨੀਂਹ ਰੱਖੀ।

ਬੇਸ਼ੱਕ ਮਾਰਕਸ, ਲੈਨਿਨ, ਸਟਾਲਿਨ ਆਦਿ ਨੇ ਸਮਾਜਵਾਦ ਲਿਆਉਣ ਲਈ ਜਦੋ- ਜਹਿਦ ਕੀਤੀ ਪਰ ਲੈਨਿਨ ਦਾ ਸਮਾਜਵਾਦੀ ਚੋਗਾ ਚੀਨ ਵਾਲਿਆਂ ਦੇ ਰਾਸ ਨਹੀਂ ਆਇਆ ਅਤੇ ਚੀਨ ਵਾਲਿਆਂ ਨੇ ਜਿਸ ਤਰ੍ਹਾਂ ਦਾ ਸਮਾਜਵਾਦ ਉਸਾਰਿਆ ਹੈ ਉਹ ਤੌਰ ਤਰੀਕੇ ਭਾਰਤ ਵਿਚ ਆਕੇ ਖੁੰਢੇ ਅਤੇ ਘਸੇ ਹੋਏ ਪ੍ਰਤੀਤ ਹੁੰਦੇ ਹਨ। ਰੂਸ ਅਤੇ ਚੀਨ ਨੇ ਆਪਣੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਤੋੜ ਕੇ ਚੂਰ ਚੂਰ ਕਰ ਦਿੱਤਾ।ਪਰ ਗੁਰੂ ਨਾਨਕ ਨੇ ਆਪਣੇ ਦੀਰਘ ਅਨੁਭਵ ਦੁਆਰਾ ਜਾਂਚ ਕੇ ਪਰੰਪਰਾ ਦਾ ਸਨਮਾਨ ਕਰਦਿਆਂ ਐਸੀ ਸਮਾਜਵਾਦੀ ਸੇਧ ਬਖਸ਼ੀ ਕਿ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਵੀ ਖਤਮ ਹੋਣੋਂ ਬਚਾ ਲਿਆ।

ਗੁਰੂ ਜੀ ਨੇ ਧਨ, ਦੌਲਤ, ਜਾਇਦਾਦ ਅਤੇ ਹੁਕਮ ਹਾਸਲ ਕਰਨ ਲਈ ਹਰ ਇਕ ਨੂੰ ਧਰਮ ਦੀ ਕਿਰਤ ਕਰਕੇ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਉਪਦੇਸ਼ ਬੜੇ ਪਿਆਰ ਨਾਲ ਦਿੱਤਾ।

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
(ਗੁਰੂ ਗਰੰਥ ਸਾਹਿਬ ਅੰਗ1245)

ਅਜੋਕੇ ਆਗੂਆਂ ਦਾ ਸਮਾਜਵਾਦ ਨਾਅਰੇਬਾਜ਼ੀ ਤਕ ਹੀ ਸੀਮਤ ਹੈ ਪਰ ਗੁਰੂ ਜੀ ਨੇ ਆਪਣੇ ਅਮਲੀ ਜੀਵਨ ਵਿਚ ਪੇਸ਼ ਕੀਤਾ। ਕਿਸੇ ਦਾ ਹਕ ਮਾਰਨ ਧਨ ਦੌਲਤ ਦੀ ਖਾਤਰ ਪਾਪ ਕਰਕੇ ਅਮੀਰ ਬਣਨ ਦੀ ਹਵਸ ਤੇ ਦੁਨਿਆਵੀ ਸੁੱਖਾਂ ਦੀ ਪਰਾਪਤੀ ਲਈ ਕੀਤੀ ਜਾਂਦੀ ਲੁੱਟ ਖਸੁੱਟ ਦੀ ਉਹਨਾਂ ਨੇ ਰਜ ਕੇ ਨਿਖੇਧੀ ਕੀਤੀ। ਉਹਨਾਂ ਨੇ ਮਾਇਆ ਦੀ ਖਾਤਰ ਧਰਮ ਈਮਾਨ ਵੇਚਣ ਵਾਲੇ ਮਾਇਆਧਾਰੀਆਂ ਨੂੰ ਝੰਜੋੜਿਆ

ਇਸ ਜਰੁ ਕਾਰਣਿ ਘਣੀ ਵਿਗੁਤੀ
ਇਸ ਜਰ ਘਣੀ ਖੁਆਈ।।
ਪਾਪਾਂ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ।।
(ਆਸਾ ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ417)

ਜਾਤਪਾਤ, ਛੂਤ ਛਾਤ, ਊਚ ਨੀਚ, ਫਿਰਕਾਪ੍ਰਸਤੀ ਸਮਾਜਵਾਦ ਦੇ ਰਾਹ ਵਿਚ ਬੜੀ ਵੱਡੀ ਰੁਕਾਵਟ ਹੈ। ਮਕਖਖਬਜ਼ਹਬਾਂ ਤੇ ਵੇਦਾਂ ਦੇ ਵਖਰੇਵੇਂ ਮਾਨਵ ਏਕਤਾ ਲਈ ਬੰਧਨ ਹਨ।ਇਹਨਾਂ ਦਾ ਜਕੜਿਆ ਮਨੁੱਖ ਮਾਨਵ ਹਿੱਤ ਤੇ ਇਨਸਾਨੀ ਹਮਦਰਦੀ ਤੋਂ ਦੂਰ ਚਲਾ ਜਾਂਦਾ ਹੈ।ਜਾਤੀ ਉਚਤਾ ਅਤੇ ਫਿਰਕੂ ਵਿਤਕਰੇ ਮਨੁੱਖ ਨੂੰ ਮਨੁੱਖ ਦਾ ਵੈਰੀ ਬਣਾਕੇ ਇਨਸਾਨੀਅਤ ਤੋਂ ਕੋਹਾਂ ਦੂਰ ਲਿਜਾ ਕੇ ਪਥਰ ਦਿਲ ਜਾਲਮ ਤੇ ਨਿਰਦਈ ਬਣਾ ਦਿੰਦੇ ਹਨ। ਗੁਰੂ ਜੀ ਨੇ ਸਭੇ ਸਾਂਝੀਵਾਲ ਰਸਾਇਣ ਏਕ ਪਿਤਾ ਏਕਸ ਕੇ ਹਮ ਬਾਰਿਕ ਅਤੇ ਸਭਨਾ ਜੀਆ ਕਾ ਇਕ ਦਾਤਾ ਕਹਿ ਕੇ ਮਨੁੱਖਤਾ ਨੂ ਇਕ ਲੜੀ ਵਿਚ ਪਰੋਣ ਦਾ ਉਪਰਾਲਾ ਕੀਤਾ। ਮਨੁੱਖੀ ਬਰਾਬਰੀ ਅਤੇ ਤਰੱਕੀ ਦੇ ਇਕੋ ਜਿਹੇ ਮੌਕੇ ਹਰ ਇਕ ਨੂੰ ਦੇਣ ਲਈ ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਬੜੀ ਜਰੂਰੀ ਹੈ। ਇਸ ਲਈ ਉਹਨਾਂ ਨੇ ਫਕੜ ਜਾਤੀ ਫਕੜ ਨਾਉ ਕਹਿ ਕੇ ਜਾਤ ਪਾਤ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਸਦੀਆਂ ਤੋ ਲਤਾੜੇ ਤੇ ਦੁਰਕਾਰੇ ਜਾਂਦੇ ਮਨੁੱਖਾਂ ਨੂੰ ਪਿਆਰ ਕਲਾਵੇ ਚ ਲੈ ਕੇ ਆਪਣੇ ਮਾਨਵਤਾ ਵਾਦੀ ਹੋਣ ਦਾ ਸਬੂਤ ਦਿੱਤਾ। ਉਹਨਾਂ ਨੇ -

ਨੀਚਾਂ ਅੰਦਰਿ ਨੀਚ ਜਾਤਿ
ਨੀਚੀ ਹੂੰ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ।।
ਜਿੱਥੇ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ।।
(ਸਿਰੀ ਰਾਗੁ ਮਹਲਾ 1 ਗੁਰੂ ਗ੍ਰੰਥ ਸਾਹਿਬ ਅੰਗ 15)

ਕਹਿਕੇ ਅਖੌਤੀ ਉੱਚ ਜਾਤੀ ਖੱਤਰੀ ਹੋਣ ਦੇ ਬਾਵਜੂਦ ਮਰਦਾਨੇ ਮਰਾਸੀ ਲਾਲੋ ਤਰਖਾਣ ਅਤੇ ਕੌਡੇ ਭਲੀ ਆਦਿ ਵਰਗੇ ਦਲਿਤ ਨੂੰ ਸਾਥੀ ਤੇ ਭਾਈ ਬਣਾਕੇ ਉਹਨਾਂ ਨੂੰ ਸਮਾਜਕ ਬਰਾਬਰੀ ਲਈ ਲਾਮਬੰਦ ਕਰਨਾ ਗੁਰੂ ਜੀ ਦੇ ਸਮ-



ਾਜਵਾਦੀ ਦ੍ਰਿਸ਼ਟੀ ਕੋਣ ਦੀ ਸਰਬੋਤਮ ਮਿਸਾਲ ਹੈ। ਉਸ ਸਮੇਂ ਦੇ ਇਤਿਹਾਸ ਵਿਚ ਉਹਨਾ ਦਾ ਇਹ ਕਦਮ ਫਿਰਕੂ ਅਗ ਤੇ ਜਾਤ ਅਭਿਮਾਨ ਵਿਚ ਗਰਸੇ ਲੋਕਾਂ ਸਾਹਮਣੇ ਬਗਾਵਤ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ। ਗੁਰੂ ਨਾਨਕ ਨੇ ਗਰੀਬਾਂ ਦਲਿਤਾਂ ਕਿਰਤੀਆਂ ਕਾਮਿਆਂ ਮਿਹਨਤਕਸ਼ਾਂ ਮਜ਼ਦੂਰਾਂ ਨੂ ਪਿਆਰ ਕਲਾਵੇ ਚ ਲੈਕੇ ਕਿਰਤੀ ਗੁਲਸ਼ਨ ਨੂ ਖੇੜਾ ਪਰਦਾਨ ਕੀਤਾ ਤੇ ਜਗੀਰਦਾਰਾਂ ਤੇ ਰਜਵਾੜਿਆਂ ਦੀਆਂ ਨੀਹਾਂ ਹਿਲਾ ਕੇ ਰੱਖ ਦਿਤੀਆਂ। ਉਹਨਾਂ ਨੇ ਭਾਈ ਲਾਲੋ ਦੀ ਕਿਰਤ ਨੂੰ ਵਡਿਆ ਕੇ ਵੱਢੀਖੋਰਾਂ, ਵਿਹਲੜਾਂ ਅਤੇ ਮੁਨਾਫਾਖੋਰਾਂ ਦੀ

ਰਾਜੇ ਸ਼ੀਹ ਮੁਕਦਮ ਕੁਤੇ।।
ਜਾਇ ਜਾਗਾਇਨ ਬੈਠੇ ਸੁਤੇ।।

ਕਹਿ ਕੇ ਜੋਰਦਾਰ ਸ਼ਬਦਾਂ ਚ ਨਿਖੇਧੀ ਕੀਤੀ ਅਤੇ ਹਰਾਮ ਦੀ ਖਾਣ ਤੋਂ ਨਕਾਰਾਤਮਿਕ ਢੰਗ ਨਾਲ ਸਖਤ ਸ਼ਬਦ ਚ ਵਰਜਿਆ-

ਹਕੁ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।।
ਗੁਰੁ ਪੀਰੁ ਹਾਮਾ ਤਾਂ ਭਰੇ
ਜਾ ਮੁਰਦਾਰ ਨ ਖਾਇ।।
(ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ 141)

ਸਮਾਜਵਾਦ ਇਸਤਰੀ ਮਰਦ ਲਈ ਇੱਕੋ ਜਿਹੇ ਮੌਕੇ ਪਰਦਾਨ ਕਰਦਾ ਹੈ ਅਤੇ ਦੋਹਾਂ ਲਈ ਬਰਾਬਰੀ ਦੀ ਹਾਮੀ ਭਰਦਾ ਹੈ। ਗੁਰੂ ਨਾਨਕ ਤੋਂ ਪਹਿਲਾਂ ਵਿਹੜੇ ਦਾ ਸ਼ਿੰਗਾਰ ਮਰਦ ਦਾ ਇਮਾਨ ਮਾਨਵ ਪਨੀਰੀ ਦੀ ਰੱਖਿਅਕ ਤੇ ਅਰਧ ਸਰੀਰੀ ਮੋਗਾ ਦੁਆਰਾ ਇਸਤਰੀ ਦੀ ਰਜ ਕੇ ਨਿੰਦਾ ਕੀਤੀ ਜਾਂਦੀ ਸੀ।

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ।
ਇਹ ਸਭ ਤਾੜਨਾ ਕੇ ਅਧਿਕਾਰੀ।
(ਤੁਲਸੀ ਦਾਸ )

ਤੇ ਇਸਤਰੀ ਨੂੰ ਸ਼ੂਦਰ ਕਹਿਣ ਵਾਲੇ ਲੋਕਾਂ ਦਾ ਬੋਲਬਾਲਾ ਸੀ। ਮੱਛੀ ਮੱਖੀ ਇਸਤਰੀ ਤਿੰਨੇ ਜਾਤ ਕੁਜਾਤ ਪੈਰ ਦੀ ਜੁੱਤੀ ਤੇ ਪਾਪ ਜੋਨੀ ਕਹਿਕੇ ਇਸਰਤੀ ਦੀ ਨਿੰਦਾ ਕੀਤੀ ਜਾਂਦੀ ਸੀ। ਔਰਤ ਨੂੰ ਹੋਣੀ ਅਬਲਾ ਭੰਡਾਰ ਨੀਵੀਂ ਤੇ ਨਖਿਧ ਕਹਿ ਕੇ ਮਿਲਿਆ ਕੁਚਲਿਆ ਤੇ ਭੰਡਿਆ ਜਾਂਦਾ ਸੀ। ਮਾਨਵ ਇਸ਼ਕ ਵਿਚ ਸਰਸ਼ਾਰ ਗੁਰੂ ਜੀ ਨੇ-

ਮ :1 ਭੰਡਿ ਜੰਮੀਐ ਭੰਡਿ ਨਿਮੀਐ
ਭੰਡਿ ਮੰਗਣੀ ਵੀਆਹੁ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡ ਭਾਲੀਐ
ਭੰਡਿ ਹੋਵੈ ਬੰਧਾਨੁ।।
ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।।
(ਆਸਾ ਦੀ ਵਾਰ ਗੁਰੂ ਗ੍ਰੰਥ ਸਾਹਿਬ ਅੰਗ473)

ਕਹਿਕੇ ਔਰਤ ਨੂੰ ਨਖਿਧ ਤੇ ਨੀਵੀਂ ਆਖਣ ਵਾਲੇ ਅਖੌਤੀ ਧਰਮ ਤੇ ਸਮਾਜ ਦੇ ਠੇਕੇਦਾਰਾਂ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਅਤੇ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹੇ ਕਰਨ ਦਾ ਮਹਾਨ ਪਰ ਉਪਕਾਰ ਕੀਤਾ।



ਲਾਲ ਸਿੰਘ ਸੁਲਹਾਣੀ
91-98721-55120

ਗੁਰੂ ਜੀ ਨੇ ਜਾਤ ਪਾਤ, ਨਸਲੀ ਵੰਡ ਵਿਤਕਰੇ, ਮਜ਼ਬੀ ਪੱਖਪਾਤ ਅਤੇ ਧੜੇਬੰਦੀਆਂ ਵਿਰੁੱਧ ਜੋਰ ਦਾਰ ਸੰਘਰਸ਼ ਕੀਤਾ। ਊਚ ਨੀਚ ਤੇ ਛੂਤ ਛਾਤ ਦੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਬਿਮਾਰੀ ਦਾ ਸੁਯੋਗ ਵੈਦ ਬਾਬੇ ਨਾਨਕ ਨੇ "ਸੰਗਤ ਤੇ ਪੰਗਤ" ਤੇ ਗੁਰਭਾਈ ਦਾ ਪਵਿੱਤਰ ਰਿਸ਼ਤਾ ਸਿਰਜ ਕੇ ਇਲਾਜ ਕੀਤਾ। ਉਹਨਾਂ ਨੇ "ਸਾ ਜਾਤ ਸਾ ਪਤਿ ਹੈ, ਜੇਵੇਹੇ ਕਰਮ ਕਮਾਇ" ਕਹਿਕੇ ਜਾਤ ਅਭਿਮਾਨੀਆਂ ਦਾ ਹੰਕਾਰ ਤੋੜਿਆ ਅਤੇ ਮਨੁੱਖਤਾ ਨੂੰ ਪਰੇਮ ਸੂਤਰ ਵਿਚ ਪਰੋਣ ਦਾ ਮਹਾਨ ਉਪਰਾਲਾ ਕੀਤਾ।

ਗੁਰੂ ਜੀ ਨੇ ਸਮਕਾਲੀ ਜੀਵਨ ਦੀ ਉਸਾਰੂ ਆਲੋਚਨਾ ਕੀਤੀ। ਮਾਨਵ ਪ੍ਰੇਮ ਅਤੇ ਮਨੁੱਖੀ ਹਮਦਰਦੀ ਲਈ ਸੁਚੱਜੀ ਆਧੁਨਿਕ ਤੇ ਵਿਗਿਆਨਕ ਸੇਧ ਦੇਕੇ ਗੁਰੂ ਨਾਨਕ ਨੇ "ਗਾਡੀ ਰਾਹ ਚਲਾਇਆ" ਤੇ ਸਮਾਜਵਾਦ ਦੀ ਨੀਂਹ ਰੱਖੀ।

ਗੁਰੂ ਨਾਨਕ ਨੇ ਗੁਰੂ ਰਵਿਦਾਸ ਦੇ ਚਿਤਵੇ ਬੇਗਮਪੁਰੇ ਦੀ ਸਿਰਜਣਾ ਲਈ ਮਹੌਲ ਤਿਆਰ ਕੀਤਾ। ਉਹਨਾਂ ਨੇ "ਸ਼ੀਂਹ ਤੇ ਬਘਿਆੜ ਬਿਰਤੀ ਦੇ ਹੁਕਮਰਾਨਾਂ ਨੂੰ ਨਕਾਰ ਦਿਆਂ ਉਹਨਾਂ ਨੂੰ ਬਦਲ ਕੇ ਮਾਨਵ ਪਰੇਮ ਵਿਚ ਸਰਸ਼ਾਰ ਰਾਜੇ ਹੀ ਤਖਤ ਤੇ ਬੈਠਣ ਦੇ ਲਾਇਕ ਹੋਣ ਵਾਲੀ ਮਾਨਵੀ ਸੋਚ ਦਾ ਬੁਲੰਦ ਬਾਂਗ ਇਜ਼ਹਾਰ ਕੀਤਾ। ਗੁਰੂ ਨਾਨਕ ਦੀ ਪੰਜਵੀਂ ਜੋਤ ਨੇ "ਸਭ ਸੁਖਾਲੀ ਵੁਠੀਆਂ ਇਹ ਹੋਆ ਹਲੇਮੀ ਰਾਜ ਜੀਉ" ਕਹਿ ਕੇ ਇਸ ਮਾਨਵਤਾ ਵਾਦੀ ਵਿਚਾਰ ਧਾਰਾ ਨੂੰ ਅਗੇਰੇ ਤੋਰਿਆ।

ਤਾਂ ਹੀ ਦਸਵੇਂ ਨਾਨਕ ਸਾਹਿਬ ਇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਤੇ ਗਰੀਬ ਗੁਰਬਿਆਂ ਨੂੰ "ਸਰਦਾਰ ਤੇ ਪਾਤਸ਼ਾਹ" ਬਣਾਉਣ ਵਾਲੇ ਸੰਕਲਪ ਦੀ ਪੂਰਤੀ ਲਈ ਆਪਣਾ ਸਰਬੰਸ ਤਕ ਦਾਅ ਤੇ ਲਾ ਦਿੱਤਾ।

ਵੀਹਵੀਂ ਸਦੀ ਦੇ ਮਹਾਨ ਵਿਚਾਰਵਾਨ ਤੇ ਮਾਨਵਵਾਦੀ ਚਿੰਤਕ ਭਾਰਤੀ ਸੰਵਿਧਾਨ ਦੇ ਸਿਰਜਕ ਤੇ ਆਧੁਨਿਕ ਭਾਰਤ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਵਲੋਂ ਗੁਰੂ ਨਾਨਕ ਦੇ ਸੁਪਨਿਆਂ ਦਾ ਸਮਤਾ ਸਮਾਨਤਾ ਭਾਈਚਾਰੇ ਤੇ ਮਨੁੱਖੀ ਆਜ਼ਾਦੀਆਂ ਵਾਲਾ ਸਮਾਜ ਸਿਰਜਣ ਲਈ ਸੰਵਿਧਾਨਕ ਉਪਰਾਲਾ ਕੀਤਾ ਗਿਆ ਜੋ ਅਜੇ ਤੱਕ ਸਾਕਾਰ ਨਹੀਂ ਹੋ ਸਕਿਆ। ਜਿਸਨੂੰ ਸਾਕਾਰ ਕਰਨ ਲਈ ਸਾਂਝੇ ਯਤਨ ਤੇ ਜ਼ੋਰਦਾਰ ਸੰਘਰਸ਼ ਦੀ ਸਖਤ ਲੋੜ ਹੈ।

# ਸਰਕਾਰੀ ਬੱਸਾਂ ਦੀ ਦੁਰਵਰਤੋਂ ਕਰਕੇ ਕੀਤੀ ਸਰਕਾਰੀ ਰੈਲੀ ਨੇ ਬਦਲਾਓ ਦੀ ਗਾਰੰਟੀ ਫੇਲ੍ਹ ਕੀਤੀ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 18 ਨਵੰਬਰ-** ਬਹੁਜਨ ਸਮਾਜ ਪਾਰਟੀ ਵਲੋਂ ਵਿਧਾਨ ਸਭਾ ਭੁਲੱਥ ਦੀ ਮੀਟਿੰਗ ਵਿੱਚ ਪਰਮੁੱਖ ਲੀਡਰਸ਼ਿਪ ਨੂੰ ਸੰਬੋਧਨ ਕਰਦਿਆ ਬਸਪਾ ਪੰਜਾਬ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸੂਬੇ ਦੇ ਗਰੀਬ ਸਮਾਜ ਤੇ ਪੰਜਾਬੀਆਂ ਨੂੰ ਬਦਲਾਓ ਦੇ ਨਾਮ ਤੇ ਗੁੰਮਰਾਹ ਕਰਕੇ ਬਣੀ ਸਰਕਾਰ ਦੀ ਬਲਦਾਓ ਦੀ ਗਾਰੰਟੀ ਫੇਲ੍ਹ ਹੋ ਚੁੱਕੀ ਹੈ, ਜਿਸਦੀ ਉਦਾਹਰਨ ਹੁਸ਼ਿਆਰਪੁਰ ਦੀ ਪੰਜਾਬ ਸਰਕਾਰ ਵੱਲੋਂ ਕੀਤੀ ਰੈਲੀ ਹੈ ਜਿਸ ਵਿਚ ਪੰਜਾਬ ਵਿੱਚੋਂ ਵੱਡੇ ਪੱਧਰ ਤੇ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਦੀਆਂ ਸਰਕਾਰੀ ਬੱਸਾਂ ਦੀ ਦੁਰਵਰਤੋਂ ਕਰਕੇ ਲੋਕਾਂ ਦਾ ਇਕੱਠ ਕੀਤਾ ਗਿਆ। ਜਦੋਂਕਿ ਭਿਰਿਸ਼ਟਾਚਾਰ ਮੁਕਤ ਪੰਜਾਬ, ਧਰਨਾ ਮੁਕਤ ਪੰਜਾਬ, ਨਸ਼ਾ ਮੁਕਤ ਪੰਜਾਬ ਆਦਿ ਗਾਰੰਟੀਆਂ ਫੇਲ੍ਹ ਹੋ ਚੁੱਕੀਆਂ ਹਨ। ਧਰਨਾ ਮੁਕਤ ਗਾਰੰਟੀ ਇਸ ਕਦਰ ਫੇਲ੍ਹ ਹੋ ਚੁੱਕੀ ਹੈ ਕਿ 8847 ਅਧਿਆਪਕ ਯੂਨੀਅਨ, ਕੰਪਿਊਟਰ ਅਧਿਆਪਕ ਯੂਨੀਅਨ ਭਾਵ ਨੇਸ਼ਨ ਬਿਲਡਰ ਦੀਆਂ ਦਸਤਾਰਾਂ ਤੇ ਸ਼ਾਨਦਾਰ ਸਿੱਖਿਆ ਦੀਆਂ ਚੁੰਨੀਆਂ ਸਰਕਾਰ ਨੇ ਸੰਗਰੂਰ ਦੀਆਂ ਸੜਕਾਂ ਪੰਜਾਬ ਸਰਕਾਰ ਦੇ ਹੁਕਮਾਂ ਤੇ ਪੰਜਾਬ ਪੁਲਿਸ ਨੇ ਬੇਪੱਤ ਕੀਤੀਆ। ਤਿੰਨ ਮਹੀਨਿਆਂ ਚ ਨਸ਼ਾ ਮੁਕਤ ਪੰਜਾਬ ਦੀ ਗਾਰੰਟੀ ਇਸ ਕਦਰ ਫੇਲ੍ਹ ਹੋ ਚੁੱਕੀ ਹੈ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਹਾਲੀ ਵੀ ਲੁਧਿਆਣਾ ਚ ਬੱਚਿਆਂ ਨਾਲ ਸਾਇਕਲ ਤੇ ਪੈਡਲ਼ ਮਾਰਕੇ ਪੰਜਾਬੀਆਂ ਦਾ ਸਮਾਂ ਕੱਟੀ



ਕਰ ਰਿਹਾ ਹੈ। ਸ. ਗੜ੍ਹੀ ਨੇ ਕਿਹਾ ਕਿ ਬਸਪਾ ਵਲੋਂ 9 ਅਕਤੂਬਰ ਨੂੰ ਸੰਵਿਧਾਨ ਬਚਾਓ ਮਹਾਂ ਪੰਚਾਇਤ ਮਹਾਰੈਲੀ ਦੇ ਨਾਮ ਤੇ ਵਿਸ਼ਾਲ ਇਕੱਠ ਹੁਸ਼ਿਆਰਪੁਰ ਵਿਖੇ ਕੀਤਾ ਗਿਆ ਸੀ, ਜਿਸਤੋਂ ਘਬਰਾਕੇ ਪੰਜਾਬ ਸਰਕਾਰ ਨੇ ਅੱਜ ਸਰਕਾਰੀ ਬੱਸਾਂ ਦੀ ਦੁਰਵਰਤੋਂ ਕਰਕੇ ਵੱਡਾ ਇਕੱਠ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਜੋਕਿ ਅੱਜ ਪੂਰੀ ਤਰ੍ਹਾਂ ਅਸਫ਼ਲ ਸਿੱਧ ਹੋਈ ਹੈ ਕਿ ਬਸਪਾ ਰੈਲੀ ਤੋਂ ਅੱਧਾ ਇਕੱਠ ਵੀ ਸਰਕਾਰ ਸਾਰੀਆਂ ਕੋਸ਼ਿਸ਼ ਕਰਨ ਤੋਂ ਬਾਅਦ ਵੀ ਨਹੀਂ ਕਰ ਸਕੀ ਹੈ। ਬਹੁਜਨ ਸਮਾਜ ਦੀ ਹੁਸ਼ਿਆਰਪੁਰ ਵਿਖੇ ਕੀਤੀ ਲਾਮਬੰਦੀ ਤੋਂ ਘਬਰਾਕੇ ਸ਼੍ਰੀ ਖੁਰ-ਾਲਗੜ੍ਹ ਸਾਹਿਬ ਵਿਖੇ ਕਰੋੜਾਂ ਦਾ ਫੰਡ ਜਾਰੀ ਕਰਨ ਦਾ ਬਸਪਾ ਵਲੋਂ ਸਵਾਗਤ ਕੀਤਾ ਜਾਂਦਾ ਹੈ। ਸ. ਗੜ੍ਹੀ ਨੇ ਜਾਣਕਾਰੀ ਦਿ-ਦਿਆ ਕਿਹਾ ਕਿ ਸਰਕਾਰ ਖ਼ਿਲਾਫ਼ ਬਸਪਾ ਨੂੰ ਹੋਰ ਮਜ਼ਬੂਤ ਕਰਨ ਲਈ 20ਨਵੰਬਰ ਨੂੰ ਸੂਬਾ ਪੱਧਰੀ ਮੀਟਿੰਗ ਬੁਲਾਈ ਹੈ ਜਿਸ ਵਿਚ ਕੇਂਦਰੀ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਪੁੱਜ ਰਹੇ ਹਨ। ਇਸ ਮੌਕੇ ਸੂਬਾ ਜਨਰਲ ਸਕੱਤਰ ਸ਼੍ਰੀ ਗੁਰਨਾਮ ਚੌਧਰੀ, ਸੂਬਾ ਸਕੱਤਰ ਰਾਕੇਸ਼ ਦਾਤਾਰਪੁਰ, ਹਲਕਾ ਪ੍ਰਧਾਨ ਜਗਤਾਰ ਸਿੰਘ ਬਿੱਟੂ, ਗੁਰਇਕਬਾਲ ਸਿੰਘ, ਬਿੰਦਰ ਮਸੀਹ, ਕੁਲਦੀਪ ਸਿੰਘ, ਪਰਗਟ ਸੰਧੂ, ਸਰਦਾਰ ਮਸੀਹ, ਸੁਖਦੇਵ ਸਿੰਘ ਬੱਬੀ, ਸਰਬਜੀਤ ਸਿੰਘ, ਸੁਖਵਿੰਦਰ ਕੌਰ ਆਦਿ ਹਾਜ਼ਰੀ ਸਨ।

## 26 ਨਵੰਬਰ ਲਈ ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼


# ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ



ਕੁਲਦੀਪ ਚੰਦ
91-9417563054

26 ਨਵੰਬਰ ਨੂੰ ਅਸੀਂ ਭਾਰਤੀ ਸੰਵਿਧਾਨ ਦਿਵਸ ਮਨਾ ਰਹੇ ਹਾਂ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਜੇਕਰ ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਅੰਤਰ-ਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। 1940 ਵਿੱਚ ਬਰਤਾਨੀਆ ਸਰਕਾਰ ਨੇ ਇੱਕ ਪ੍ਰਸਤਾਵ ਪੇਸ ਕੀਤਾ ਜਿਸਨੂੰ ਅਗਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭਾਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦ ਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ ਸਨ। ਭਾਰਤੀ ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਭਾਰਤ ਦੇ ਸੰਵਿਧਾਨ ਨੇ ਭਾਰਤੀ ਲੋਕਾਂ ਦੀ ਰੱਖਿਅਕਾਂ ਤੋਂ ਘੱਟ ਨਹੀਂ ਹਾਂ ਜੋ ਇਸ ਦੀਆਂ ਵਿਵਸਥਾਵਾਂ ਦੇ ਅੰਦਰ ਧੜਕਦੀਆਂ ਹਨ। ਭਾਰਤੀ ਸੰਵਿਧਾਨ ਸਿਰਫ ਕਾਗਜ਼ ਨਹੀਂ ਹੈ ਇਹ ਜੀਵਨ ਜਿਊਣ ਦਾ ਤਰੀਕਾ ਹੈ। ਇਸਦੇ ਰੱਖਿਅਕ ਕੇਵਲ ਲੋਕ ਹਨ। ਸੰਵਿਧਾਨ ਲਾਗੂ ਹੋਣ ਬਾਦ ਇਸ ਵਿੱਚ ਹੁਣ ਤੱਕ 106 ਵਾਰ ਸੋਧਾਂ ਕੀਤੀਆਂ ਗਈਆਂ। ਪਹਿਲੀ ਸੋਧ 18 ਜੂਨ 1951 ਨੂੰ ਕੀਤੀ ਗਈ ਸੀ ਅਤੇ ਹੁਣ ਤੱਕ ਆਖਰੀ ਸੋਧ 28 ਸਤੰਬਰ 2023 ਨੂੰ




ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਸਰਦਾਰ ਹੁਕਮ ਸਿੰਘ ਅਪ੍ਰੈਲ 1948 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਸੰਵਿਧਾਨ ਸਭਾ ਲਈ ਚੁਣੇ ਗਏ ਸਨ। ਚੁਣੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਉਸਨੇ ਸੰਵਿਧਾਨ ਦੇ ਅਨੁਛੇਦ ਜੋ ਅਨੁਸੂਚਿਤ ਜਾਤੀਆਂ ਦਾ ਹਵਾਲਾ ਦਿੰਦੇ ਹਨ ਵਿੱਚ ਸੋਧ ਕਰਨ ਲਈ ਇੱਕ ਮਤਾ ਪੇਸ਼ ਕੀਤਾ ਜਿਸ ਵਿੱਚ ਸ਼ਬਦ ਅਨੁਸੂਚਿਤ ਜਾਤੀਆਂ ਨੂੰ ਕਿਸੇ ਵੀ ਵਰਗ ਜਾਂ ਧਰਮ ਦੇ ਪੱਛੜੇ ਭਾਈਚਾਰੇ ਸ਼ਬਦਾਂ ਨਾਲ ਬਦਲਿਆ ਗਿਆ। ਉਹ ਸੰਵਿਧਾਨ ਵਿੱਚ ਸਿੱਖ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਅਨੁਸੂਚਿਤ ਜਾਤੀਆਂ ਦੇ ਹਿੱਸੇ ਵਜੋਂ ਸ਼ਾਮਲ ਕਰਨ ਅਤੇ ਭਾਈਚਾਰੇ ਨੂੰ ਇੱਕ ਵੱਖਰਾ ਧਾਰਮਿਕ ਦਰਜਾ ਨਾ ਦੇਣ ਦੇ ਵਿਰੁੱਧ ਸੀ। ਇੱਕ ਹੋਰ ਸਿੱਖ ਨੁਮਾਇੰਦੇ ਭੁਪਿੰਦਰ ਸਿੰਘ ਮਾਨ ਦੇ ਨਾਲ ਹੁਕਮ ਸਿੰਘ ਨੇ ਸੰਵਿਧਾਨ ਦੇ ਖਰੜੇ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਅਤੇ ਸਿੱਖਾਂ ਨੂੰ ਅਣਗੌਲਿਆ ਕੀਤਾ ਗਿਆ ਹੈ ਅਤੇ ਇਸ ਵਿੱਚ ਸਿੱਖਾਂ ਦੀ ਵਖਰੀ ਪਹਿਚਾਣ ਅਤੇ ਅਧਿਕਾਰ ਸੁਰੱਖਿਅਤ ਨਹੀਂ ਹਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾ ਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਆਈ ਸੀ ਐਸ ਅਧਿਕਾਰੀ ਸਰ ਬੈਨੇਗਲ ਨਾਰਸਿੰਗ ਰਾਓ ਜੋਕਿ ਬੰਗਾਲ ਹਾਈ ਕੌਰਟ ਦੇ ਜੱਜ ਰਹੇ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਦੀ ਮੋਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਮੀਟਿੰਗਾਂ ਕੀਤੀਆਂ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਡਰਾਫਟ ਸਬੰਧੀ ਸੰਵਿਧਾਨ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ ਲੱਗਭੱਗ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। 26 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਸਬੰਧੀ ਸਾਰੀ ਕਾਰਵਾਈ ਮੁਕੰਮਲ ਹੋ ਗਈ ਸੀ ਅਤੇ ਸੰਵਿਧਾਨ ਸਭਾ ਨੇ ਭਾਰਤੀ ਸੰਵਿਧਾਨ ਨੂੰ ਸਵਿਕਾਰ ਕਰ ਲਿਆ ਸੀ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤੀ ਸੰਵਿਧਾਨ ਅਸਲ ਵਿੱਚ ਅੰਗਰੇਜ਼ੀ ਵਿੱਚ ਲਿਖਿਆ ਗਿਆ ਸੀ ਅਤੇ ਅੰਗਰੇਜ਼ੀ ਤੋਂ ਇਲਾਵਾ ਹਿੰਦੀ ਵਿੱਚ ਵੀ ਹੈ ਜੋ 1950 ਵਿੱਚ ਸੰਵਿਧਾਨ ਸਭਾ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਲੱਗਭੱਗ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਵਿੱਚ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ।

ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦੇ ਆਰਟੀਕਲ 5,6,7,8,9,60,324,366, 367, 379, 380, 388, 391,392,393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖੱਤ ਕੀਤੇ ਅਤੇ ਸੰਵਿਧਾਨ ਬਣਾਉਣ ਬਿਹਤਰੀ ਲਈ ਬਹੁਤ ਸਾਰੇ ਨਿਯਮ ਬਣਾਏ ਹਨ। ਭਾਰਤ ਰਾਜਾਂ ਦਾ ਸੰਘ ਹੈ। ਇਹ ਸਰਕਾਰ ਦੀ ਸੰਸਦੀ ਪ੍ਰਣਾਲੀ ਦੇ ਨਾਲ ਇੱਕ ਪ੍ਰਭੂਸੱਤਾ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਹੈ। ਸੰਵਿਧਾਨ ਜਿਸਨੂੰ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ ਅਤੇ 26 ਜਨਵਰੀ, 1950 ਨੂੰ ਲਾਗੂ ਹੋਇਆ ਦੇ ਅਨੁਸਾਰ ਭਾਰਤ ਵਿੱਚ ਸ਼ਾਸਨ ਕੀਤਾ ਜਾਂਦਾ ਹੈ। ਭਾਰਤੀ ਸੰਵਿਧਾਨ ਸਰਕਾਰ ਦੇ ਸੰਸਦੀ ਰੂਪ ਦੀ ਵਿਵਸਥਾ ਕਰਦਾ ਹੈ ਜੋ ਕੁਝ ਇਕਸਾਰ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਢਾਂਚੇ ਵਿੱਚ ਸੰਘੀ ਹੈ। ਸੰਘ ਦੀ ਕਾਰਜਕਾਰਨੀ ਦਾ ਸੰਵਿਧਾਨਕ ਮੁਖੀ ਪ੍ਰਧਾਨ ਹੁੰਦਾ ਹੈ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 79 ਦੇ ਅਨੁਸਾਰ ਸੰਸਦ ਦੀ ਪ੍ਰੀਸ਼ਦ ਵਿਚ ਰਾਸ਼ਟਰਪਤੀ ਅਤੇ ਰਾਜ ਸਭਾ ਅਤੇ ਲੋਕ ਸਭਾ ਵਜੋਂ ਜਾਣੇ ਜਾਂਦੇ ਦੋ ਸਦਨ ਸ਼ਾਮਲ ਹੁੰਦੇ ਹਨ। ਸੰਵਿਧਾਨ ਦਾ ਅਨੁਛੇਦ 74(1) ਉਪਬੰਧ ਕਰਦਾ ਹੈ ਕਿ ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਦੇਣ ਲਈ ਪ੍ਰਧਾਨ ਮੰਤਰੀ ਦੇ ਨਾਲ ਹੀ ਇੱਕ ਪਰਿਸ਼ਦ ਹੋਵੇਗੀ। ਇਸ ਤਰ੍ਹਾਂ ਅਸਲ ਕਾਰਜਕਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਮੁਖੀ ਵਜੋਂ ਮੰਤਰੀ ਮੰਡਲ ਵਿੱਚ ਨਿਸ਼ਚਿਤ ਹੁੰਦੀ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ।

ਤੇਲੰਗਣਾ, ਉਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਆਦਿ ਰਾਜਾਂ ਵਿੱਚ ਇੱਕ ਉੱਪਰੀ ਸਦਨ ਹੈ, ਜਿਸਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪਰਿਸ਼ਦ ਜਿਸਦਾ ਪ੍ਰਮੁੱਖ ਮੁੱਖ ਮੰਤਰੀ ਹੈ ਰਾਜਪਾਲ ਨੂੰ ਉਸਦੇ ਕਾਰ-ਜਕਾਰੀ ਕੰਮਾਂ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੀ 7ਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਭਾਰਤ ਦੇ ਸੰਵਿਧਾਨ ਦੁਆਰਾ ਲੋਕਾਂ ਦੀ ਭਲਾਈ ਲਈ ਅਧਿਕਾਰ ਮਿਲੇ ਹਨ। ਭਾਰਤ ਦਾ ਸੰਵਿਧਾਨ ਵਿਆਪਕ ਅਤੇ ਲਿਖਤੀ ਹੈ, ਭਾਰਤ ਦੇ ਸੰਵਿਧਾਨ ਵਿੱਚ ਚੁਣੇ ਗਏ ਮੈਬਰਾਂ ਦੀ ਲੋਕਤੰਤਰੀ ਸਰਕਾਰ ਸ਼ਾਮਲ ਹੈ, ਭਾਰਤ ਦਾ ਸੰਵਿਧਾਨ ਲੋਕਾਂ ਨੂੰ ਰਹਿਣ-ਸਹਿਣ, ਭਾਸ਼ਣ, ਸਿੱਖਿਆ, ਯਾਤਰਾ, ਧਰਮ ਆਦਿ ਦੀ ਆਜ਼ਾਦੀ ਦਿੰਦਾ ਹੈ। ਭੂਟਾਨ ਜੋ ਕਿ ਭਾਰਤ ਦਾ ਗੁਆਂਢੀ ਦੇਸ਼ ਹੈ ਨੇ ਭਾਰਤੀ ਲੋਕਤੰਤਰੀ ਪ੍ਰਣਾਲੀ ਨੂੰ ਸਵੀਕਾਰ ਕਰ ਲਿਆ ਹੈ। ਆਰਟੀਕਲ 368 ਸੰਵਿਧਾਨਕ ਸੋਧਾਂ ਦੀ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਸਾਲ 2000 ਵਿੱਚ ਸੰਵਿਧਾਨ ਦੀ ਜਾਂਚ ਪੜਤਾਲ ਕਰਨ ਲਈ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਕਮਿਸ਼ਨ ਨੇ 31 ਮਾਰਚ 2002 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਹੈ ਹਾਲਾਂਕਿ ਇਸ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਸਰਕਾਰਾਂ ਨੇ ਸਵੀਕਾਰ ਨਹੀਂ ਕੀਤਾ।

ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਹੰਸ ਰਾਜ ਖੰਨਾ ਨੇ ਆਪਣੀ ਕਿਤਾਬ ਮੇਕਿੰਗ ਆਫ਼ ਇੰਡੀਆਜ਼ ਕੰਸਟੀਟਿਊਸ਼ਨ ਦੇ ਅੰਤ ਵਿੱਚ ਲਿਖਿਆ ਹੈਕਿ ਜੇਕਰ ਭਾਰਤੀ ਸੰਵਿਧਾਨ ਸਾਡੀ ਵਿਰਾਸਤ ਹੈ ਜੋ ਸਾਨੂੰ ਸੌਂਪਿਆ ਗਿਆ ਹੈ ਤਾਂ ਅਸੀਂ ਭਾਰਤ ਦੇ ਲੋਕ ਉਨ੍ਹਾਂ ਕਦਰਾਂ-ਕੀਮਤਾਂ ਦੇ ਟਰੱਸਟੀ ਅਤੇ ਕੀਤੀ ਗਈ। ਸਭ ਤੋਂ ਵੱਧ ਸੋਧਾਂ ਐਮਰਜੈਂਸੀ ਦੌਰਾਨ ਕੀਤੀਆਂ ਗਈਆਂ ਹਨ।

ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ ਸੰਵਿਧਾਨ ਦਿਵਸ ਦੇ ਤੋਰ ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਭਾਰਤੀ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ 26 ਨਵੰਬਰ 2015 ਨੂੰ ਭਾਰਤੀ ਸੰਸਦ ਦਾ ਵਿਸ਼ੇਸ਼ ਸ਼ੈਸ਼ਨ ਹੋਇਆ ਅਤੇ ਸੰਸਦ ਭਵਨ ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ। ਖੇਡ ਵਿਭਾਗ ਨੇ ਰੱਨ ਫਾਰ ਇਕੁਆਲਿਟੀ ਦਾ ਆਯੋਜਨ ਕੀਤਾ। ਵਿਦੇਸ਼ ਮੰਤਰਾਲਿਆ ਨੇ ਵੀ ਸਮੂਹ ਵਿਦੇਸ਼ੀ ਭਾਰਤੀ ਸਕੂਲਾਂ ਨੂੰ ਵੀ ਸੰਵਿਧਾਨ ਦਿਵਸ ਮਨਾਉਣ ਦੀ ਹਦਾਇਤ ਕੀਤੀ ਅਤੇ ਸਮੂਹ ਦੂਤਘਰਾਂ ਨੂੰ ਵੀ ਭਾਰਤੀ ਸੰਵਿਧਾਨ ਨੂੰ ਉਸ ਦੇਸ਼ ਦੀ ਸਥਾਨਕ ਭਾਸ਼ਾ ਵਿੱਚ ਅਨੁਵਾਦ ਕਰਨ ਅਤੇ ਇਸਨੂੰ ਵੱਖ ਵੱਖ ਅਕੈਡਮੀਆਂ, ਲਾਇਬ੍ਰੇਰੀਆਂ ਆਦਿ ਵਿੱਚ ਵੰਡਣ ਲਈ ਕਿਹਾ ਹੈ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਇਹ ਕੰਮ ਤੇਜੀ ਨਾਲ ਚੱਲ ਰਿਹਾ ਹੈ। "ਨਿਆਂ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ; ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ; ਰੁਤਬੇ ਅਤੇ ਮੌਕੇ ਦੀ ਸਮਾਨਤਾ, ਅਤੇ ਉਹਨਾਂ ਵਿੱਚ ਸਾਰੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਵਿਅਕਤੀ ਦੀ ਸ਼ਾਨ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਹੈ। ਸੰਵਿਧਾਨ ਦਿਵਸ ਨੂੰ ਰਾਸ਼ਟਰੀ ਕਾਨੂੰਨ ਦਿਵਸ ਵੀ ਕਿਹਾ ਜਾਂਦਾ ਹੈ। ਸੰਵਿਧਾਨ ਦਿਵਸ 2023 ਤੇ ਸਿੱਖਿਆ ਅਤੇ ਸਾਖਰਤਾ ਵਿਭਾਗ ਸਾਰੇ ਵਿਦਿਆਰਥੀਆਂ ਦੁਆਰਾ ਸਾਰੇ ਸਕੂਲਾਂ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਜਾਵੇਗੀ। ਇਸ ਤੋਂ ਇਲਾਵਾ, ਭਾਰਤ ਦੇ ਸੰਵਿਧਾਨ ਦੇ ਵਿਸ਼ੇ ਤੇ ਔਨਲਾਈਨ ਅਤੇ ਆਫ਼ਲਾਈਨ ਦੋਵੇਂ ਤਰ੍ਹਾਂ ਦੇ ਕੁਇਜ਼ ਅਤੇ ਲੇਖ ਮੁਕਾਬਲੇ ਕਰਵਾਏ ਜਾਣਗੇ। ਹਰ ਸਕੂਲ ਵਿੱਚ ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਲੈਕਚਰ ਕਰਵਾਇਆ ਜਾਵੇਗਾ।

ਵਿਦੇਸ਼ ਮੰਤਰਾਲੇ ਨੇ ਸਾਰੇ ਵਿਦੇਸ਼ੀ ਭਾਰਤੀ ਸਕੂਲਾਂ ਨੂੰ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਉਣ ਦਾ ਨਿਰਦੇਸ਼ ਦਿੱਤਾ ਹੈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਅਜੇ ਵੀ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਕਈ ਵਾਰ ਸੰਵਿਧਾਨ ਦੀ ਦੁਰਵਰਤੋਂ ਅਤੇ ਇਸ ਵਿੱਚ ਨਜਾਇਜ਼ ਬਦਲਾਓ ਕਰਨ ਦੀਆਂ ਕੋਸ਼ਿਸ਼ਾਂ ਵਰਗੇ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਦੀ ਮਹੱਤਤਾ ਨੂੰ ਕਾਇਮ ਰਖਿਆ ਜਾ ਸਕੇ।

# ਮਹਾਨ ਸਮਾਜ ਸੁਧਾਰਕ ਸਤਿਗੁਰੂ ਨਾਮਦੇਵ ਜੀ



ਮੇਜਰ ਸਿੰਘ ਨਾਭਾ
91-94635-53962

ਭਗਤੀ ਲਹਿਰ ਵਿਚੋਂ ਉਭਰੇ ਭਗਤ ਨਾਮਦੇਵ ਜੀ ਪਹਿਲੇ 2ਸ਼੍ਰੋਮਣੀ ਭਗਤ ਹੋਏ, ਜਿਹਨਾਂ ਦੀ ਰਚੀ ਬਾਣੀ ਦੇ 61 ਸ਼ਬਦਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਹੈ। ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਛੀਪਾ (ਛੀਂਬਾ) ਜਾਤ ਦੇ ਪਰਿਵਾਰ ਵਿਚ ਹੋਇਆ। ਆਪ ਜੀ ਦੇ ਬਜੁਰਗ ਨਰਸੀ ਬਾਮਣੀ ਦੇ ਪੱਕੇ ਵਸਨੀਕ ਸਨ। ਪਰ ਆਪ ਜੀ ਦਾ ਬਚਪਨ ਦਾ ਸਮਾਂ ਪੰਡਰਪੁਰ ਵਿਖੇ ਬਤੀਤ ਹੋਇਆ। ਆਪ ਦੇ ਬਜ਼ੁਰਗ ਕੱਪੜੇ ਰੰਗਣ (ਛਾਪੇਖਾਨਾ) ਅਤੇ ਕੱਪੜੇ ਸਿਉਣ ਦਾ ਕੰਮ ਕਰਦੇ ਸਨ। ਆਪ ਨੇ ਬਚਪਨ ਤੋਂ ਹੀ ਪ੍ਰਭੂ ਭਗਤੀ ਵੱਲ ਲਗਨ ਲਾ ਲਈ ਅਤੇ ਆਪਣਾ ਕਾਰੋਬਾਰ ਵੀ ਨਾਲੋ-ਨਾਲ ਕਰਦੇ ਰਹੇ।

ਭਗਤ ਨਾਮਦੇਵ ਜੀ ਨੇ, ਇਕ ਉੱਚ ਕੋਟੀ ਦੇ ਸਾਹਿਤਕਾਰ, ਕਵੀ, ਬ੍ਰਹਮ-ਗਿਆਨੀ ਹੋਣ ਦੇ ਨਾਤੇ, ਭਗਤ-ਬਾਣੀ ਦੇ ਨਾਲ ਨਾਲ ਰਜਨੀਤਿਕ ਜ਼ੁਲਮਾਂ, ਸਮਾਜਿਕ ਗਿਰਾਵਟਾਂ ਦੇ ਖਿਲਾਫ ਵੀ ਆਵਾਜ਼ ਉਠਾਈ। ਉਨ੍ਹਾਂ ਆਪਣੀ ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਸਾਹਿਤਕ ਰਚਨਾ ਰਾਹੀਂ ਲੋਕਾਂ ਲਈ ਮਾਰਗ ਦਰਸ਼ਨ ਦਾ ਕੰਮ ਕੀਤਾ।

ਭਗਤ ਨਾਮਦੇਵ ਜੀ ਨੇ ਇਸਤਰੀ ਦਾ ਸਤਿਕਾਰ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਰਾਹ ਸੱਚ, ਪ੍ਰੇਮ, ਸ਼ਰਧਾ ਅਤੇ ਪਿਆਰ ਦਾ ਰਾਹ ਸੀ। ਵਹਿਮਾਂ-ਭਰਮਾਂ ਦੇ ਤਿਆਗ ਨੂੰ ਭਗਤ ਜੀ ਨੇ ਬਾਣੀ ਅੰਦਰ ਇਸਤਰੀ ਨੂੰ ਘਰ ਵਿਚ ਯੋਗ ਥਾਂ ਦੇਣ ਲਈ ਭਗਤ ਨਾਮਦੇਵ ਜੀ ਨੇ ਬਾਣੀ ਵਿਚ ਇੰਞ ਫਰਮਾਇਆ ਹੈ:

"ਘਰ ਕੀ ਨਾਰ ਤਿਆਗੈ ਅੰਧਾ॥<br>
ਪਰ ਨਾਰੀ ਸਿਉ ਘਾਲੈ ਧੰਧਾ॥<br>
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥<br>
ਅੰਤ ਕੀ ਬਾਰ ਮੂਆ ਲਪਟਾਨਾ॥੧॥ (ਅੰਗ ੧੧੬੪-੧੧੬੫)

ਉਹਨਾਂ ਦੀ ਬਾਣੀ ਵਿਚ ਕਿਰਤ ਕਰਨ, ਵੰਡ ਕੇ ਛਕਣ, ਨਾਮ ਜਪਣ ਦਾ ਉਪਦੇਸ਼ ਮਿਲਦਾ ਹੈ। ਕਿਰਤ ਕਰਨ ਦੇ ਨਾਲ ਨਾਲ ਸਿਮਰਨ ਨੂੰ ਵੀ ਆਪਸੀ ਸੁਮੇਲ ਕਰਨ 'ਤੇ ਜ਼ੋਰ ਦਿੱਤਾ।

ਰਾਂਗਨਿ ਰਾਂਗਉ ਸੀਵਨ ਸੀਵਉ॥<br>
ਰਾਮ ਨਾਮ ਬਿਨ ਘਰੀਅ ਨ ਜੀਵਉ॥ (ਅੰਗ ੪੮੫)

ਭਗਤ ਨਾਮਦੇਵ ਜੀ ਦੀ ਬਾਣੀ ਵਿਸ਼ਾ-ਵਸਤੂ ਅਤੇ ਸ਼ੈਲੀ ਦੇ ਪੱਖੋਂ ਉੱਤਮ ਪ੍ਰਤੀਕ ਹੁੰਦੀ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਇਕ ਹੈ। ਉਹਨਾਂ ਨੇ ਨਾਂ ਕਿਸੇ ਦੇਹਧਾਰੀ ਗੁਰੂ ਦੇ ਰੂਪ ਵਿਚ, ਨਾ ਹੀ ਕਿਸੇ ਵਿਸ਼ੇਸ਼ ਧਰਮ ਨਾਲ ਜੁੜ ਕੇ ਪੂਜਾ ਕਰਨ ਦੀ ਗੱਲ ਕੀਤੀ ਹੈ, ਸਗੋਂ ਉਹਨਾਂ ਨੇ ਤਾਂ ਉਸ 'ਏਕੰਕਾਰ' ਦੀ ਹੀ ਗੱਲ ਕੀਤੀ ਹੈ ਜੋ ਕਿ ਸਰਬ ਵਿਆਪਕ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ॥<br>
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥<br>
ਅੰਗ ੮੭੫)

ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਹੰਕਾਰ, ਲੋਭ ਅਤੇ ਹਉਮੈ ਤੋਂ ਸੁਚੇਤ ਹੋਣ ਲਈ ਬਾਣੀ ਵਿਚ ਸਪੱਸ਼ਟ ਕਿਹਾ ਹੈ। ਇਸ ਮਨੁੱਖੀ-ਦੇਹੀ ਨੂੰ ਨਾਸ਼ਵਾਨ ਹੋਣ ਦਾ ਅਨੁਭਵ ਵੀ ਹਰ ਇਕ ਨੂੰ ਪਹਿਲਾਂ ਹੀ ਹੋਣਾ ਚਾਹੀਦਾ ਹੈ। ਇਸ ਲਈ ਕੋਈ ਵੀ ਮਨੁੱਖ ਇਸ ਧਰਤੀ ਉਪਰ ਸਦਾ ਰਹਿਣ ਦੀ ਖਾਹਿਸ਼ ਨਾ ਰੱਖੇ। ਪਰ ਮਨੁੱਖ ਇਹ ਸਭ ਕੁਝ ਭੁੱਲ ਜਾਂਦਾ ਹੈ ਉਹ ਆਪਣੇ ਕਾਰੋਬਾਰਾਂ ਵਿਚ ਇੰਨਾ ਰੁਲ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਭੁੱਲ ਹੀ ਜਾਂਦਾ ਹੈ। ਭਗਤ ਨਾਮਦੇਵ ਜੀ ਨੇ ਇਸ ਦੁਨੀਆਂ ਨੂੰ ਪਦਾਰਥਵਾਦੀ ਦੱਸਿਆ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ<br>
ਬਿਨਸਿ ਜਾਇ ਝੂਠੀ ਦੇਹੀ॥ (ਅੰਗ ੬੯੨)

ਭਗਤ ਨਾਮਦੇਵ ਜੀ ਰਚਨਾਤਮਕ ਵਿਚਾਰਧਾਰਾ ਦੇ ਸੰਤ ਕਵੀ ਸਨ। ਉਹ ਇਨਕਲਾਬੀ ਵਿਚਾਰਧਾਰਾ ਦੇ ਹਾਮੀ ਸਨ। ਰੂੜੀਵਾਦ ਤੋਂ ਉਪਰ ਉਠਣ ਦੀ ਉਹਨਾਂ ਆਵਾਜ਼ ਉਠਾਈ, ਜਾਤ-ਪਾਤ ਦੀਆਂ ਵੰਡੀਆਂ ਜੋ ਬ੍ਰਾਹਮਣਵਾਦ ਦੀਆਂ ਪਾਈਆਂ ਹੋਈਆਂ ਸਨ, ਦੇ ਖਿਲਾਫ ਆਪਣੀ ਕਾਵਿ ਰਚਨਾ ਅੰਦਰ ਆਵਾਜ਼ ਉਠਾਈ ਉਨ੍ਹਾਂ ਸਮਕਾਲੀ ਸਾਸ਼ਕਾਂ ਦੀਆਂ ਲੋਕ ਵਿਰੋਧੀ ਨੀਤੀਆਂ ਪ੍ਰਤੀ ਵੀ ਰੋਸ ਪ੍ਰਗਟ ਕੀਤਾ। ਭਾਰਤ ਵਿਚ ਉਸ ਸਮੇਂ, ਅਜਿਹੇ ਲੋਕ ਸਨ ਜਿਹੜੇ ਧਰਮ ਦੇ ਕੰਮਾਂ ਅਤੇ ਮਿਹਨਤ ਮਜ਼ਦੂਰੀ ਵਾਲੇ ਕੰਮਾਂ ਨੂੰ ਵੱਖੋ-ਵੱਖਰੇ ਹੋਣ 'ਚ ਵਿਸ਼ਵਾਸ਼ ਸਮਝਦੇ ਸਨ। ਨਾਮਦੇਵ ਜੀ ਨੇ ਧਰਮ ਤੇ ਕਿਰਤ ਨੂੰ ਅੱਡ ਅੱਡ ਕਿੱਤੇ ਸਮਝਣ ਦੀ ਧਾਰਨਾ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਧਰਮ ਦਾ ਮਨੁੱਖ ਦੇ ਅੰਦਰ ਨਾਲ ਅਤੇ ਕਿਰਤ ਦਾ ਸੰਬੰਧ ਮਨੁੱਖ ਦੇ ਬਾਹਰ ਨਾਲ ਹੈ। ਇਸ ਲਈ ਮਨੁੱਖ ਨੂੰ ਆਪਣਾ ਕੰਮ ਕਾਰ ਕਰਦੇ ਸਮੇਂ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਜੋੜ ਕੇ ਰੱਖਿਆ ਜਾ ਸਕਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:




ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ॥<br>
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥(ਅੰਗ ੧੩੭੫-੭੬)

ਆਪਣੇ ਜੀਵਨ ਦੇ ਅੰਤਮ ਦਿਨ ਨਾਮਦੇਵ ਜੀ ਨੇ ਪੰਜਾਬ ਵਿਚ ਆ ਕੇ ਬਤੀਤ ਕੀਤੇ। ਘੁਮਾਣ ਸਾਹਿਬ (ਗੁਰਦਾਸਪੁਰ) ਵਿਖੇ ਆਪ 80 ਸਾਲ ਦੀ ਆਯੂ ਭੋਗ ਕੇ 1350 ਈਸਵੀ ਵਿਚ ਪ੍ਰਲੋਕ ਸੁਧਾਰ ਗਏ। ਇਥੇ ਹਰ ਸਾਲ ਲੋਹੜੀ ਵਾਲੇ ਦਿਨ ਤੋਂ ਦੇਸ਼ ਪ੍ਰਦੇਸ਼ਾਂ ਤੋਂ ਸ਼ਰਧਾਲੂ ਆਪਣੀਆਂ ਹਾਜ਼ਰੀਆਂ ਭਰਨ ਲਈ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਭਗਤ ਨਾਮਦੇਵ ਜੀ ਦੀ ਵਰਸੋਈ ਨਗਰੀ ਦੀ ਧਰਤੀ ਨੂੰ ਨਤਮਸਤਕ ਕਰਦੇ ਹਨ।

# ਭਾਰਤ ਲਈ ਉੱਚ ਸਿੱਖਿਆ - ਵਧਦੀਆਂ ਚਣੌਤੀਆਂ



ਗੁਰਮੀਤ ਪਲਾਹੀ
91-98158-02070

ਸਮੇਂ-ਸਮੇਂ 'ਤੇ ਦੇਸ਼ ਭਾਰਤ ਵਿਚ ਸਿੱਖਿਆ ਨੀਤੀ ਬਨਾਉਣ ਅਤੇ ਲਾਗੂ ਕਰਨ ਦਾ ਯਤਨ ਹੋਇਆ। ਇਹਨਾਂ ਵਿਚ ਉੱਚ ਸਿੱਖਿਆ ਲਈ ਵੱਡੇ ਦਾਈਏ ਸਿਰਜੇ ਗਏ, ਪਰ ਉੱਚ ਸਿੱਖਿਆ ਕਦੇ ਵੀ ਨੌਜਵਾਨਾਂ ਦੇ ਹਾਣ ਦੀ ਨਾ ਹੋ ਸਕੀ। ਇਹ ਸਿੱਖਿਆ ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਕਮੀ, ਸਿੱਖਿਆ ਦੇ ਅਸਲ ਸੰਕਲਪ ਤੋਂ ਦੂਰੀ ਕਾਰਨ ਸਮੇਂ ਦੀ ਭੇਂਟ ਚੜ੍ਹਦੀ ਰਹੀ ਅਤੇ ਹੁਣ ਨਵੀਂ ਸਿੱਖਿਆ ਨੀਤੀ ਵੀ ਹਾਲੋਂ ਬੇਹਾਲ ਹੈ।

ਦੇਸ਼ ਭਰ ਦੇ 31ਫੀਸਦੀ ਵਿਦਿਆਰਥੀਆਂ ਦੇ ਨਾਲ-ਨਾਲ ਸੂਬਿਆਂ ਦੀਆਂ ਉੱਚ ਸਿੱਖਿਆ ਸੰਸਥਾਵਾਂ, ਗੁਣਵੱਤਾ, ਬੁਨਿਆਦੀ ਸੁਵਿਧਾਵਾਂ ਦੀ ਘਾਟ ਨਾਲ ਦਸਤਪੰਜਾ ਲੈ ਰਹੀਆਂ ਹਨ।

ਕੀ ਇਹੋ ਜਿਹੇ ਹਾਲਾਤਾਂ ਵਿਚ ਬਦਹਾਲ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿਚ ਉਦੋਂ ਤੱਕ ਬੁਨਿਆਦੀ ਤਬਦੀਲੀ ਲਿਆਉਣੀ ਸੋਚੀ ਜਾ ਸਕਦੀ ਹੈ, ਜਦੋਂ ਤੱਕ ਸਰਕਾਰਾਂ ਸਿੱਖਿਆ ਦੇ ਵਪਾਰੀਕਰਨ ਨਿੱਜੀਕਰਨ ਨਾਲ ਉਤਪੋਤ ਹੋ ਕੇ ਸਭ ਲਈ ਬਰਾਬਰ ਦੀ ਸਿੱਖਿਆ ਦਾ ਫ਼ਰਜ਼ ਨਿਭਾਉਣ ਲਈ ਅੱਗੇ ਨਹੀਂ ਆਉਂਦੀਆਂ।

ਆਲ ਇੰਡੀਆ ਹਾਇਰ ਐਜੂਕੇਸ਼ਨ ਸਰਵੇਖਣ 2020-21 ਅਨੁਸਾਰ ਦੇਸ਼ ਵਿਚ ਕੁਲ 1113 ਯੂਨੀਵਰਸਿਟੀਆਂ ਹਨ, ਜਿਹਨਾਂ ਵਿਚੋਂ 235 ਕੇਂਦਰੀ ਅਤੇ 422 ਸੂਬਾ ਸੰਚਾਲਿਤ ਯੂਨੀਵਰਸਿਟੀਆਂ ਸਹਿਤ 657 ਸਰਕਾਰੀ ਯੂਨੀਵਰਸਿਟੀਆਂ ਹਨ, 10 ਨਿੱਜੀ ਡੀਮਡ ਯੂਨੀਵਰਸਿਟੀਆਂ ਅਤੇ 446 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਦੇਸ਼ ਵਿਚ 43796 ਕਾਲਜ ਅਤੇ 11296 'ਸਟੈਂਡ ਅਲੋਨ' ਸਿੱਖਿਆ ਸੰਸਥਾਵਾਂ ਹਨ।

ਉੱਚ ਸਿੱਖਿਆ ਦੇ ਹਾਲਾਤ ਵੇਖੋ : ਭਾਰਤ ਵਿਚ 18 ਤੋਂ 23 ਸਾਲ ਉਮਰ ਵਰਗ ਦੀ ਇਕ ਲੱਖ ਅਬਾਦੀ ਉੱਤੇ ਇੱਕੀ ਕਾਲਜ ਹਨ। ਇਹਨਾਂ ਵਿਚੋਂ 21.4 ਸਰਕਾਰੀ ਕਾਲਜ, 13.6ਫੀਸਦੀ ਨਿੱਜੀ ਸਹਾਇਤਾ ਪ੍ਰਾਪਤ ਕਾਲਜ ਅਤੇ 65ਫੀਸਦੀ ਗੈਰ ਸਹਾਇਤਾ ਪ੍ਰਾਪਤ ਕਾਲਜ ਹਨ। ਲਗਭਗ 61.4ਫੀਸਦੀ ਕਾਲਜ ਪੇਂਡੂ ਖੇਤਰ ਵਿਚ ਅਤੇ 10.5 ਫੀਸਦੀ ਔਰਤਾਂ ਦੇ ਕਾਲਜ ਹਨ।

ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਰਾਜਸਥਾਨ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਦੇਸ਼ ਦੇ ਕੁਲ ਜੀ.ਈ.ਆਰ. (ਗਰੌਸ ਇਨਰੋਲਮੈਂਟ ਰੇਸ਼ੋ) 53.17ਫੀਸਦੀ ਹੈ। ਬਾਕੀ ਸਭ ਥੱਲੇ ਹਨ।

ਹਰ ਵੇਰ ਜਦੋਂ ਨਵੀਂ ਸਿੱਖਿਆ ਨੀਤੀ ਬਣਦੀ ਹੈ, ਭਾਵੇਂ ਉਹ ਅਜ਼ਾਦੀ ਤੋਂ ਬਾਅਦ ਪਹਿਲੋ-ਪਹਿਲ 1968 ਵਿਚ ਬਣੀ ਜਾਂ ਮੁੜ ਕੇ 1986 ਵਿਚ ਤਿਆਰ ਕੀਤੀ ਗਈ ਅਤੇ ਹੁਣ ਫਿਰ ਰਾਸ਼ਟਰੀ ਸਿੱਖਿਆ ਨੀਤੀ ਬਣੀ ਹੈ, ਉਸ ਦਾ ਜੋ ਬੁਨਿਆਦੀ ਢਾਂਚੇ 'ਚ ਬਦਲਾਅ, ਪਾਠਕ੍ਰਮ 'ਚ ਤਬਦੀਲੀ, ਮੁਲਾਂਕਣ, ਅਧਿਐਨ ਅਤੇ ਅਧਿਆਪਨ ਉੱਤੇ ਜ਼ੋਰ ਦੇਣਾ ਰਿਹਾ ਹੈ। ਕਦੇ ਵੋਕੇਸ਼ਨਲ ਸਿੱਖਿਆ, ਕਦੇ ਸਿੱਖਿਆ ਨੂੰ ਉਦਯੋਗ ਨਾਲ ਜੋੜਨ, ਵਿਅਕਤੀਗਤ ਪ੍ਰਤਿਭਾ ਵਧਾਉਣ ਦੀ ਗੱਲ ਵੀ ਲਗਾਤਾਰ ਹੋਈ ਹੈ। ਨਵੀਂ ਸਿੱਖਿਆ ਨੀਤੀ ਜੋ 2020 'ਚ ਦੇਸ਼ ਭਰ 'ਚ ਲਾਗੂ ਕੀਤੀ ਉਸ ਦਾ ਮੰਤਵ ਵੀ ਲਗਭਗ ਇਹੋ ਜਿਹਾ ਹੀ ਹੈ।

ਪਰ ਦੇਸ਼ 'ਚ ਸਿੱਖਿਆ ਦੀ ਸਥਿਤੀ ਖਾਸ ਕਰਕੇ ਉੱਚ ਸਿੱਖਿਆ ਦੀ ਸਥਿਤੀ 'ਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਉਪਰੰਤ ਵੀ ਕੋਈ ਬਦਲਾਅ ਵੇਖਣ ਨੂੰ ਨਹੀਂ ਮਿਲ ਰਿਹਾ। ਸੂਬਿਆਂ ਦੀਆਂ ਯੂਨੀਵਰਸਿਟੀਆਂ ਦੀ ਵਿੱਤੀ ਸਥਿਤੀ ਤਰਸਯੋਗ ਹੈ। ਗੁਣਵੱਤਾ ਪੱਖੋਂ ਸਰਕਾਰੀ ਗੈਰ ਸਰਕਾਰੀ ਯੂਨੀਵਰਸਿਟੀਆਂ ਦਾ ਜਨਾਜਾ ਨਿਕਲਿਆ ਹੋਇਆ। ਉੱਚ ਸਿੱਖਿਆ ਦਾ ਅਧਾਰ ਨਵੀਂ ਖੋਜ ਨੂੰ ਮੰਨਿਆ ਜਾਂਦਾ ਹੈ, ਪਰ ਅੱਧੇ ਅਧੂਰੇ ਬੁਨਿਆਦੀ ਢਾਂਚੇ ਕਾਰਨ, ਉੱਚ ਸਿੱਖਿਆ ਖੇਤਰ 'ਚ ਯੋਗ ਅਧਿਆਪਕਾਂ ਦੀ ਕਮੀ ਕਾਰਨ ਗੈਰ-ਗੰਭੀਰ ਖੋਜ ਪੱਤਰ ਛਪਦੇ ਹਨ। ਪੀ.ਐਚ.ਡੀ. ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਬਹੁਤੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਜਿਹਨਾਂ ਸਿੱਖਿਆ ਨੂੰ ਵਪਾਰ ਬਣਾ ਦਿੱਤਾ ਹੈ, ਉਥੇ ਤਾਂ ਇਹੋ ਜਿਹੀਆਂ ਡਿਗਰੀਆਂ ਦੀ ਭਰਮਾਰ ਹੈ।




ਇਥੋਂ ਤੱਕ ਕਿ ਇਥੇ ਡਿਗਰੀਆਂ ਵਿਕਦੀਆਂ ਹਨ। ਸੂਬਿਆਂ ਦੀਆਂ ਸਰਕਾਰਾਂ ਵੱਲੋਂ ਖਾਸ ਕਰਕੇ ਯੂਨੀਵਰਸਿਟੀਆਂ ਨੂੰ ਵਿੱਤੀ ਸਹਾਇਤਾ ਦੇਣ ਤੋਂ ਹੱਥ ਖਿੱਚਣ ਕਾਰਨ ਸਰਕਾਰੀ ਯੂਨੀਵਰਸਿਟੀਆਂ ਦੇ ਵਿੱਤੀ ਹਾਲਤ ਸੰਕਟ ਵਿਚ ਹਨ। ਇਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੀਆਂ ਯੂਨੀਵਰਸਿਟੀਆਂ ਨੂੰ ਕੁਲ ਬਜ਼ਟ ਤਾਂ ਔਸਤਨ ਅੱਠ ਹਜ਼ਾਰ ਕਰੋੜ ਦਿੱਤਾ ਜਾਂਦਾ ਹੈ ਪਰ ਸੂਬਿਆਂ ਦੀਆਂ ਯੂਨੀਵਰਸਿਟੀਆਂ ਨੂੰ ਬਜ਼ਟ ਸਿਰਫ਼ 83 ਲੱਖ ਵੰਡਿਆ ਂਦਾ ਹੈ। ਕੇਂਦਰੀ ਕਾਲਜਾਂ ਲਈ ਸਰਕਾਰ ਨੇ 27 ਕਰੋੜ ਔਸਤਨ ਰੱਖੇ ਹਨ ਪਰ ਰਾਜਾਂ ਲਈ 21 ਲੱਖ ਦਾ ਬਜ਼ਟ ਹੈ। ਇਸ ਬਜ਼ਟ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੋਈ ਵਾਧਾ ਨਹੀਂ ਹੋਇਆ। ਕੀ ਇੰਨੀ ਕੁ ਸਹਾਇਤਾ ਇੱਕ ਯੂਨੀਵਰਸਿਟੀ ਲਈ ਕਾਫੀ ਹੈ।

ਭਾਰਤ ਵਿਚ ਸੰਘੀ ਲੋਕਤੰਤਰਿਕ ਵਿਵਸਥਾ ਹੈ। ਕੇਂਦਰ ਅਤੇ ਰਾਜਾਂ ਦੇ ਸਬੰਧ ਜਦੋਂ ਵਿਗੜਦੇ ਹਨ ਤਾਂ ਸੂਬਿਆਂ ਦੀ ਸੰਘੀ ਘੁੱਟੀ ਜਾਂਦੀ ਹੈ। ਵੱਖੋ-ਵੱਖਰੇ ਖੇਤਰਾਂ ਦੇ ਨਾਲ ਸਿੱਖਿਆ ਖੇਤਰ ਵੀ ਇਸਦਾ ਖਮਿਆਜਾ ਭੁਗਤਦਾ ਹੈ। ਮੱਧ ਪ੍ਰਦੇਸ਼, ਹਰਿਆਣਾ, ਕਰਨਾਟਕ ਵਿਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਹੋਇਆ ਦੋ ਸਾਲ ਬੀਤ ਗਏ ਹਨ, ਪਰ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੁਝ ਹੋਰ ਰਾਜਾਂ ਸਮੇਤ ਪੰਜਾਬ ਦੇ ਇਹ ਸਿੱਖਿਆ ਨੀਤੀ ਲਾਗੂ ਕਰਨ ਵੱਲ ਕੁਝ ਕਦਮ ਵੀ ਅੱਗੇ ਨਹੀਂ ਵਧੇ। ਅਸਲ ਵਿਚ ਰਾਜਾਂ ਦੀਆਂ ਯੂਨੀਵਰਸਿਟੀਆਂ ਫਾਕੇ ਕੱਟ ਰਹੀਆਂ ਹਨ, ਅਧਿਆਪਕਾਂ ਦੀ ਕਮੀ ਹੈ। ਆਰਥਿਕ ਤੰਗੀ, ਸਿਆਸੀ ਦਖਲ, ਅਕਾਦਮਿਕ ਭੈੜਾ ਪ੍ਰਬੰਧ ਅਤੇ ਬਰਾਬਰ ਦੇ ਮੌਕਿਆਂ ਦੀ ਕਮੀ ਨੇ ਯੂਨੀਵਰਸਿਟੀਆਂ ਦੇ ਹਾਲਾਤ ਵਿਗਾੜੇ ਹੋਏ ਹਨ। ਉਪਰੋਂ ਕੇਂਦਰ ਸਰਕਾਰ ਦੀਆਂ ਵਪਾਰਕ ਅਤੇ ਨਿੱਜੀਕਰਨ ਨੀਤੀਆਂ ਉੱਚ ਸਿੱਖਿਆ ਦਾ ਕਚੂੰਬਰ ਕੱਢ ਰਹੀਆਂ ਹਨ।

ਸਾਲ 2013 'ਚ ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੂਸਾ) ਇਕ ਪ੍ਰੋਗਰਾਮ ਕੇਂਦਰ ਸਰਕਾਰ ਨੇ ਸ਼ੁਰੂ ਕੀਤਾ। ਇਸ ਦਾ ਉਦੇਸ਼ ਰਾਜ ਸਰਕਾਰਾਂ ਨੂੰ ਉਚੇਰੀ ਬਿਹਤਰ ਸਿੱਖਿਆ ਲਈ ਫੰਡਿੰਗ ਕਰਨਾ ਸੀ। ਇਹ ਇਕ ਕਿਸਮ ਦੀ ਰਾਜਨੀਤਕ ਫੰਡਿੰਗ ਬਣ ਕੇ ਰਹਿ ਗਈ। ਰੂਸਾ ਅਧੀਨ ਮੁਲਾਂਕਣ ਦੇ ਅਧਾਰ 'ਤੇ ਰਾਜਾਂ ਲਈ 60:40 ਦੇ ਅਨੁਪਾਤ ਅਤੇ ਕੇਂਦਰੀ ਸ਼ਾਸ਼ਤ ਪ੍ਰਦਸ਼ਾਂ ਲਈ 90:10 ਦੇ ਅਨੁਪਾਤਾਂ ਨਾਲ ਪ੍ਰਾਜੈਕਟਾਂ ਲਈ ਵਿੱਤੀ ਸਹਾਇਤਾ ਦੇਣਾ ਸੀ। ਪਰ ਇਹ ਸਹਾਇਤਾ ਸੀਮਤ ਰਹੀ ਅਤੇ 'ਪਹੁੰਚ' ਇਸ ਸਹਾਇਤਾ ਦਾ ਅਧਾਰ ਬਣ ਗਈ। ਭਾਵ ਜਿਥੇ ਅਤੇ ਜਿਸ ਰਾਜ ਵਿਚ ਹਾਕਮ ਚਾਹੁੰਦੇ ਉਥੇ ਹੀ ਇਹ ਪ੍ਰਾਜੈਕਟ ਦਿੱਤੇ ਜਾਂਦੇ ਹਨ। ਕੀ ਇਹ ਸਿੱਖਿਆ ਪ੍ਰਤੀ ਸਹੀ ਪਹੁੰਚ ਹੈ?

ਪੁਰਾਤਨ ਕਾਲ ਵਿਚ ਸਿੱਖਿਆ ਦਾ ਮਨੋਰਥ ਧਰਮ ਨਾਲ ਜੁੜਿਆ ਹੋਇਆ ਸੀ ਅਤੇ ਕਿਸੇ ਵਿਸ਼ੇਸ਼ ਜਾਤ ਅਤੇ ਲਿੰਗ (ਭਾਵ ਮਰਦ ਜਾਂ ਔਰਤਾਂ) ਦਾ ਹੀ ਹੱਕ ਸੀ। ਇਹਨਾਂ ਸਮਿਆਂ 'ਚ ਭਾਰਤ 'ਚ ਸਿਰਫ਼ ਉੱਚ ਜਾਤਾਂ ਦੇ ਮਰਦ ਹੀ ਪੜ੍ਹਾਈ ਕਰਨ ਦੇ ਹੱਕਦਾਰ ਸਨ। ਅੰਗਰੇਜ਼ ਸਮਕਾਲ ਸਮੇਂ ਸਿੱਖਿਆ ਖੇਤਰ 'ਚ ਤਬਦੀਲੀ ਆਈ। ਸਕੂਲ, ਕਾਲਜ ਖੁਲ੍ਹੇ। ਮਿਸ਼ਨਰੀ ਲੋਕਾਂ ਨੇ ਸਿੱਖਿਆ ਆਮ ਆਦਮੀ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਚੇਰੀ ਸਿੱਖਿਆ ਲਈ ਵੀ ਦਰਵਾਜ਼ੇ ਖੁਲ੍ਹੇ। ਅਜ਼ਾਦੀ ਤੋਂ ਬਾਅਦ ਸਿੱਖਿਆ ਸਭ ਲਈ ਦੇਣ ਦਾ ਸੰਕਲਪ ਸਾਹਮਣੇ ਆਇਆ। ਸਭ ਲਈ ਬਰਾਬਰ ਦੀ ਸਿੱਖਿਆ ਦੀ ਮੰਗ ਵੀ ਉੱਠੀ। ਸੰਵਿਧਾਨ ਵਿਚ ਸਿੱਖਿਆ ਦਾ ਅਧਿਕਾਰ ਦਰਜ ਹੋਇਆ।

ਪਰ ਯੂਨੀਵਰਸਿਟੀਆਂ ਪ੍ਰਾਈਵੇਟ ਹੱਥਾਂ 'ਚ ਵਧਣ ਕਾਰਨ ਸਿੱਖਿਆ ਦਾ ਮਿਆਰ ਵੀ ਘਟਿਆ। ਸਿੱਖਿਆ ਸੰਸਥਾਵਾਂ ਵਪਾਰਕ ਅਦਾਰਿਆਂ ਵਜੋਂ ਵਿਕਸਿਤ ਹੋਈਆਂ ਅਤੇ ਅੱਜ ਸਥਿਤੀ ਇਹ ਹੈ ਕਿ ਨਿੱਜੀਕਰਨ ਪਾਲਿਸੀ ਨੇ ਉੱਚ ਸਿੱਖਿਆ ਨੂੰ ਹਥਿਆ ਲਿਆ ਹੈ। ਨਵੇਂ-ਨਵੇਂ ਕੋਰਸ ਇਹਨਾਂ ਯੂਨੀਵਰਸਿਟੀਆਂ ਵਲੋਂ ਧਨ ਕਮਾਉਣ ਲਈ ਚਲਾਏ ਜਾ ਰਹੇ ਹਨ। ਜਿਹਨਾਂ ਦਾ ਕੋਈ ਮਿਆਰ ਵੀ ਨਹੀਂ। ਇੰਜ ਉੱਚ ਸਿੱਖਿਆ 'ਚ ਇਕ ਗੰਦਲਾਪਨ ਫੈਲਾਇਆ ਜਾ ਰਿਹਾ ਹੈ। ਇਹ ਉੱਚ ਸਿੱਖਿਆ ਲਈ ਇਕ ਵੱਡੀ ਚਣੌਤੀ ਹੈ। ਸਿੱਖਿਆ ਦਾ ਮੰਤਵ ਤਾਂ ਨਾ ਬਰਾਬਰੀ ਖਤਮ ਕਰਕੇ ਇਕ ਨਿੱਗਰ ਸਮਾਜ ਦੀ ਸਿਰਜਣਾ ਕਰਨਾ ਹੈ। ਆਪਣੀ ਬੋਲੀ ਸਭਿਆਚਾਰ ਨਾਲ ਜੁੜ ਕੇ ਇਕ ਚੇਤੰਨ ਮਨੁੱਖ ਬਨਣ ਵੱਲ ਅੱਗੇ ਵਧਣਾ ਹੈ। ਪਰ ਮੌਜੂਦਾ ਉੱਚ ਸਿੱਖਿਆ ਤਾਂ ਮਨੁੱਖ ਨਹੀਂ, ਮਸ਼ੀਨੀ ਪੁਰਜਾ ਬਨਣ, ਬਣਾਉਣ ਵੱਲ ਅੱਗੇ ਵਧ ਰਹੀ ਹੈ। ਇਹ ਕਿਸੇ ਤਰ੍ਹਾਂ ਵੀ ਸਮਾਜ ਦੇ ਹਿੱਤ ਵਿਚ ਨਹੀਂ ਹੈ। ਬਿਨਾਂ ਸ਼ੱਕ ਦੁਨੀਆਂ ਭਰ ਵਿਚ ਉਚੇਰੀ ਸਿੱਖਿਆ ਦਾ ਮੰਤਵ ਬਦਲ ਰਿਹਾ ਹੈ। ਹੁਣ ਵਿਅਕਤੀਤਵ ਵਿਕਾਸ ਉਚੇਰੀ ਸਿੱਖਿਆ ਦਾ ਪੂਰਾ ਹੈ, ਜਿਸ ਨੂੰ ਆਰਥਿਕਤਾ 'ਚ ਹੁਲਾਰਾ, ਟੈਕਨੌਲੋਜੀ ਵਿਕਾਸ ਲਈ ਵਰਤੇ ਜਾਣ ਮਿਥਿਆ ਹੈ ਤਾਂ ਕਿ ਸਮਾਜਿਕ ਤਬਦੀਲੀ ਤੇਜ਼ੀ ਨਾਲ ਵਧੇ। ਉਚੇਰੀ ਸਿੱਖਿਆ ਹੁਣ ਨਵੀਂ ਜਾਣਕਾਰੀ, ਖੋਜ ਅਤੇ ਨਵੀਆਂ ਤਕਨੀਕਾਂ ਨਾਲ ਲੈਸ, ਬਜ਼ਾਰ ਮੰਡੀ ਦੀਆਂ ਲੋੜਾਂ ਅਨੁਸਾਰ ਵਿਦਿਆਰਥੀਆਂ ਨੂੰ ਵਰਤਣ ਦਾ ਸੰਦ-ਪੁਰਜਾ ਬਣਦੀ ਜਾ ਰਹੀ ਹੈ। ਇਹ ਬਹੁਤੀਆਂ ਹਾਲਤਾਂ 'ਚ ਮਨੁੱਖ ਨੂੰ ਮਸ਼ੀਨ ਬਨਾਉਣ ਤੁਲ ਹੈ। ਭਾਰਤ ਦੇਸ਼, ਜਿਹੜਾ ਨੈਤਿਕ ਮੁੱਲਾਂ ਲਈ ਜਾਣਿਆ ਜਾਂਦਾ ਹੈ, ਇਸੇ ਰਾਹ ਪਾਇਆ ਜਾ ਰਿਹਾ ਹੈ, ਇਹ ਦੱਸ ਕੇ ਕਿ ਭਾਰਤ ਵਿਸ਼ਵ ਮਹਾਂਸ਼ਕਤੀ ਬਣ ਰਿਹਾ ਹੈ। ਪਰ ਸਮਾਂ ਹੈ ਦੇਸ਼ ਨੂੰ ਸਿੱਖਿਆ, ਸਿਹਤ ਅਤੇ ਜੀਵਨ ਮੁੱਲਾਂ ਦੀ ਚਿੰਤਾ ਕਰਨੀ ਪਵੇਗੀ। ਇਹ ਸਿਰਫ਼ ਤੇ ਸਿਰਫ਼ ਸਭ ਲਈ ਸਿੱਖਿਆ ਅਤੇ ਉੱਚ ਸਿੱਖਿਆ ਰਾਹੀਂ ਸੰਭਵ ਹੈ।

# ਭਿੰਨ ਭਿੰਨ ਸਮੱਸਿਆਵਾਂ ਵਿੱਚ ਘਿਰਿਆ ਪੰਜਾਬ, ਮਾਂ ਬੋਲੀ "ਪੰਜਾਬੀ" ਬੋਲੀ ਦੀ ਹੋਂਦ ਨੂੰ ਖਤਰਾ!

ਪੰਜਾਬੀਆਂ ਬਾਰੇ ਇਕ ਅਖਾਉਤ ਬੜੀ ਮਸ਼ਹੂਰ ਹੈ ਕਿ ਪੰਜਾਬੀ ਨੂੰ ਨਿੱਤ ਮੁਹਿੰਮਾਂ ! ਜਦੋਂ ਦਾ ਦੇਸ਼ ਅਜਾਦ ਹੋਇਆ ਹੈ ਇਸ ਸੂਬੇ ਨਾਲ ਸ਼ੁਰੂ ਤੋਂ ਹੀ ਸਿਖਰਾਂ ਦਾ ਧੱਕਾ ਤੇ ਬੇਇਨਸਾਫੀ ਕੀਤੀ ਜਾਂਦੀ ਰਹੀ ਹੈ ।ਚਾਹੇ ਉਹ ਕੇਂਦਰ ਵਿੱਚ ਰਾਜ ਕਰ ਗਈ ਕਾਂਗਰਸ ਪਾਰਟੀ ਦੀ ਸਰਕਾਰ ਸੀ ਜਾਂ ਫਿਰ 2014 ਵਿੱਚ ਭਾਰਤ ਵਿੱਚ ਬਣੀ ਭਾਜਪਾ ਦੀ ਸਰਕਾਰ ਹੈ ਇਸ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਇਸੇ ਜੁਝਾਰੂ ਧਰਤੀ ਦੇ ਲੋਕਾਂ ਜਿਨਾਂ ਨੇ ਦੇਸ਼ ਨੂੰ ਅਜਾਦ ਕਰਾਉਣ ਵਿੱਚ 80% ਤੋਂ ਵਧੇਰੇ ਕੁਰਬਾਨੀਆਂ ਦਿ- ਤੀਆਂ ਹੋਣ , ਚਾਹੀਦਾ ਤਾਂ ਇਹ ਸੀ ਕਿ ਇਸ ਸੂਬੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਪਰ ਸਰਕਾਰਾਂ ਨੇ ਖੁਸ਼ਹਾਲੀ ਪੱਖੋ 'ਇਕ ਨੰਬਰ ਤੇ ਰਹਿਣ ਵਾਲੇ ਇਸ ਸੂਬੇ ਪੰਜਾਬ ਨਾਲ ਪੜਾਅ ਪੜਾਅ ਤੇ ਧੱਕਾ ਤੇ ਬੇਇਨਸਾਫੀ ਕੀਤੀ ਜਾਂਦੀ ਆ ਰਹੀ ਹੈ ਕਿ ਇਸ ਸੂਬੇ ਨੂੰ ਸੋਲਵੇਂ ਸਤਾਰਵੇਂ ਸਥਾਨ ਤੇ ਲਿਆ ਕੇ ਖੜਾ ਕਰ ਦਿੱਤਾ ਹੈ ।ਇਸ ਉਤੇ ਇਸ ਸਮੇਂ ਲਗ ਭਗ ਚਾਰ ਲੱਖ ਕਰੋੜ ਰੁਪਏ ਦਾ ਕਰਜਾ ਚੜ੍ਹਿਆ ਹੋਇਆ ਹੈ ਜੋ ਕੇਂਦਰ ਸਰਕਾਰ ਵਲੋਂ ਬਣਦੀ ਸਹਾਇਤਾ ਨਾ ਦੇਣ ਕਾਰਨ ਨਿਰੰਤਰ ਵਧਦਾ ਹੀ ਜਾ ਰਿਹਾ ਹੈ। ਕੇਂਦਰ ਦੀ ਸਰਕਾਰ ਦੇ ਕਹੇ ਉਤੇ ਇਹ ਪੰਜਾਬ ਉਹ ਸੂਬਾ ਹੈ ਜਿਸ ਨੇ ਕੇਂਦਰ ਸਰਕਾਰ ਦੇ ਅਦੇਸ਼ਾਂ ਤੇ ਹੱਡ ਭੰਨਵੀ ਮਿਹਨਤ ਕਰਕੇ ਦੇਸ਼ ਵਿੱਚ ਹਰੀ ਕਰਾਂਤੀ ਲਿਆ ਕੇ ਦੇਸ਼ ਨੂੰ ਖਾਣ ਵਾਲੇ ਅਨਾਜ ਪੱਖੋਂ ਆਤਮ ਨਿਰਭਰ ਕਰ ਦਿੱਤਾ ਸੀ ਤਾਂ ਕਿ ਉਸਨੂੰ ਹੋਰ ਮੁਲਕਾਂ ਤੋਂ ਅਨਾਜ ਲੈਣ ਲਈ ਹੱਥ ਨਾ ਅੱਡਣਾ ਪਵੇ। ਇਸ ਹਰੀ ਕ੍ਰਾਂਤੀ ਨੂੰ ਲਿਆਉਣ ਲਈ ਇਸ ਸੂਬੇ ਪੰਜਾਬ ਨੇ ਆਪਣੇ ਸੂਬੇ ਦੀ ਧਰਤੀ ਤੋਂ ਵੱਧ ਅਨਾਜ ਲੈਣ ਲਈ ਖਾਦਾਂ ਪਾ ਕੇ ਜਿਥੇ ਬਰਬਾਦ ਕਰ ਲਈ ਹੈ, ਉਥੇ ਆਪਣੀ ਆਬੋ ਹਵਾ ਦੂਸ਼ਿਤ ਕਰਨ ਦੇ ਨਾਲ ਨਾਲ ਆਪਣੀ ਧਰਤੀ ਹੇਠਲਾ ਪਾਣੀ ਵੀ ਲਗ ਭਗ ਮੁੱਕਾ ਲਿਆ ਹੈ, ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬੀਆਂ ਨੇ ਝੋਨੇ ਵਰਗੀ ਫਸਲ ਚੌਲ ਜਿਸ ਨੂੰ ਉਹ ਖਾਂਦੇ ਹੀ ਨਹੀਂ, ਉੱਗਾ ਉੱਗਾ ਕੇ ਦੇਸ਼ ਦੇ ਭੰਡਾਰੇ ਨੂੰ ਭਰਣ ਲਈ ਆਪਣਾ ਧਰਤੀ ਹੇਠਲਾ ਪਾਣੀ ਵੀ ਮੁਕਾਣ ਕੰਢੇ ਲਿਆ ਖੜਾ ਕਰ ਲਿਆ ਹੈ ਹੁਣ ਤਾਂ ਇਹ ਵੀ ਖਬਰ ਆਉਣ ਲਗ ਪਈ ਹੈ ਕਿ ਜਿਲਾ ਰੋਪੜ੍ਹ ਦੇ ਪਿੰਡ 'ਹੀਰਪੁਰ' ਦਾ ਹੇਠਲਾ ਪਾਣੀ ਬਿਲਕੁਲ ਮੁੱਕ ਗਿਆ ਹੈ ਉਸ ਦੇ ਢਾਈ ਦਰਜਨ ਤੋਂ ਵਧੇਰੇ ਟਿਊਬਵੈੱਲ ਬਿਲਕੁਲ ਸੁੱਕ ਗਏ ਹਨ ਉਨਾਂ ਨੇ ਪਾਣੀ ਕੱਢਣਾ ਬੰਦ ਕਰ ਦਿੱਤਾ ਹੈ ।

ਜੋ ਇਹ ਸੰਕੇਤ ਦੇ ਰਿਹਾ ਹੈ ਕਿ ਜੇਕਰ ਕਿਸਾਨਾਂ ਨੇ ਝੋਨੇ ਤੇ ਐਮ ਐਸ ਪੀ ਮਿਲਣ ਕਾਰਨ ਵੱਧ ਪੈਸੇ ਮਿਲਣ ਦੀ ਆੜ ਵਿੱਚ ਉਸ ਦੇ ਬਦਲ ਵਿੱਚ ਹੋਰ ਫਸਲਾਂ ਬੀਜਣੀਆਂ ਸ਼ੁਰੂ ਨਾ ਕੀਤੀਆਂ ਤਾਂ ਪੰਜਾਬ ਦੀ ਧਰਤੀ ਨੂੰ ਬੰਜਰ ਬਣਨ ਤੋਂ ਕੋਈ ਰੋਕ ਨਹੀਂ ਸਕਦਾ ਇਸ ਪ੍ਰਤੀ ਪੰਜਾਬ ਦੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਹੋਰ ਫਸਲਾਂ ਲਈ ਲਾਹੇਵੰਦਾ ਭਾਅ ਦੇ ਕੇ ਕਿਸਾਨਾਂ ਨੂੰ ਹੋਰ ਫਸਲਾਂ ਬੀਜਣ ਲਈ ਉਤਸ਼ਾਹਤ ਕਰਕੇ ਆਪਣੀ ਬਣਦੀ ਜਿੰਮੇਵਾਰੀ ਨਿਭਾਵੇ ।ਸੰਸਾਰ ਦੇ ਲੋਕ ਇਹ ਵੀ ਜਾਣਦੇ ਹਨ ਕਿ ਕਿਵੇਂ 1966 ਵਿੱਚ ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਕਿਵੇਂ ਉਨਾਂ ਨੂੰ ਬੋਲੀ ਦੇ ਅਧਾਰ ਤੇ ਸੂਬਾ

| | | | | |
|---|---|---|---|---|
| ੳ ਊੜਾ (ūṛā) u, ū, o | ਅ ਐੜਾ (aiṛā) a, ā, ai, au | ੲ ਈੜੀ (īṛī) i, ī, e | ਸ ਸੱਸਾ (sas'sā) sa [ sə ] | ਹ ਹਾਹਾ (hāhā) ha [ hə ] |
| ਕ ਕੱਕਾ (kakkā) ka [ kə ] | ਖ ਖੱਖਾ (khakhkhā) kha [ kʰə ] | ਗ ਗੱਗਾ (gaggā) ga [ gə ] | ਘ ਘੱਗਾ (ghaggā) gha [ gə ] | ਙ ਙੰਙਾ (ṅaṅṅā) ṅa [ ŋə ] |
| ਚ ਚੱਚਾ (caccā) ca [ tʃə ] | ਛ ਛੱਛਾ (chachchā) cha [ tʃʰə ] | ਜ ਜੱਜਾ (jajjā) ja [ dʒə ] | ਝ ਝੱਜਾ (jhajjā) jha [ dʒə ] | ਞ ਞੰਞਾ (ñaññā) ña [ ɲə ] |
| ਟ ਟੈਂਕਾ (ṭaiṅkā) ṭa [ ʈə ] | ਠ ਠੱਠਾ (ṭhaṭhṭhā) ṭha [ ʈʰə ] | ਡ ਡੱਡਾ (ḍaḍḍā) ḍa [ ɖə ] | ਢ ਢੱਡਾ (ḍhaḍḍā) ḍha [ ɖə ] | ਣ ਣਾਣਾ (ṇāṇā) ṇa [ ɳə ] |
| ਤ ਤੱਤਾ (tattā) ta [ tə ] | ਥ ਥੱਥਾ (thaththā) tha [ tʰə ] | ਦ ਦੱਦਾ (daddā) da [ də ] | ਧ ਧੱਦਾ (dhaddā) dha [ də ] | ਨ ਨੱਨਾ (nannā) na [ nə ] |
| ਪ ਪੱਪਾ (pappā) pa [ pə ] | ਫ ਫੱਫਾ (phaphphā) pha [ pʰə ] | ਬ ਬੱਬਾ (babbā) ba [ bə ] | ਭ ਭੱਬਾ (bhabbā) bha [ bə ] | ਮ ਮੱਮਾ (mam'mā) ma [ mə ] |
| ਯ ਯੱਯਾ (yayyā) ya [ jə ] | ਰ ਰਾਰਾ (rārā) ra [ rə ] | ਲ ਲੱਲਾ (lallā) la [ lə ] | ਵ ਵੱਵਾ (vavvā) va [ wə ] | ੜ ੜਾੜਾ (ṛāṛā) ṛa [ ɽə ] |
| ਸ਼ ਸ਼ੱਸ਼ਾ (śaśśā) śa [ ʃə ] | ਖ਼ ਖ਼ੱਖ਼ਾ (k͟hak͟hk͟hā) k͟ha [ xə ] | ਗ਼ ਗ਼ੱਗ਼ਾ (ġaġġā) ġa [ ɣə ] | | |
| ਜ਼ ਜ਼ੱਜ਼ਾ (zazzā) za [ zə ] | ਫ਼ ਫ਼ੱਫ਼ਾ (faffā) fa [ fə ] | ਲ਼ ਲ਼ੱਲ਼ਾ (laḷḷā) la [ ḷə ] | | |

ਬਣਾਉਣ ਲਈ ਦੋ ਦਹਾਕੇ ਤਕ ਜਦੋਜਹਿਦ ਕਰਨੀ ਪਈ ਜਿਸ ਲਈ ਉਨਾਂ ਨੂੰ ਅਣਗਿਣਤ ਕੁਰਬਾਨੀਆਂ ਦੇਣ ਦੇ ਨਾਲ ਨਾਲ ਵੱਡਾ ਨੁਕਸਾਨ ਵੀ ਝਲਣਾ ਪਿਆ ਜਦੋਂ ਕਿ ਦੇਸ਼ ਦੀ ਸਰਕਾਰ ਵਲੋਂ ਹੋਰ ਸੂਬੇ ਬਿਨਾ ਕਿਸੇ ਜਦੋਜਹਿਦ ਦੇ ਬੋਲੀਆਂ ਦੇ ਅਧਾਰ ਤੇ ਬਣਾ ਦਿੱਤੇ ਗਏ ਤੇ ਜਿਹੜਾ ਪੰਜਾਬੀ ਸੂਬਾ ਬਣਾਇਆ ਗਿਆ ਉਸ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਖੋਹ ਲਏ ,ਬਿਨ ਮੰਗੇ ਹਰਿਆਣਾ ਬਣਾ ਕੇ ਪੰਜਾਬ ਨੂੰ ਛੋਟਾ ਕਰ ਦਿੱਤਾ ਗਿਆ, ਪੰਜਾਬ ਦੇ ਡੈਮ, ਪਾਣੀ ਖੋਹ ਲਿਆ। ਕੇਂਦਰ ਨੇ ਤਾਂ ਜਿਹੜੀ ਬੇਈਮਾਨੀ ਕਰਨੀ ਸੀ ਕਰ ਦਿੱਤੀ ਰਹਿੰਦੀ ਖੂੰਹਦੀ ਪੰਜਾਬ ਵਿੱਚ ਬਣਨ ਵਾਲੀਆਂ ਚਿੱਟੀਆਂ ਨੀਲੀਆਂ ਸਰਕਾਰਾਂ ਨੇ ਗੱਦੀ ਨਾਲ ਚੰਬੜੇ ਰਹਿਣ ਦੀ ਨੀਤੀ ਤੇ ਚਲਦਿਆਂ ਪੰਜਾਬ ਦੀ ਮਾਂ ਬੋਲੀ ਨਾਲ ਰੱਜ ਕੇ ਧ੍ਰੋਹ ਕਮਾਇਆ।

ਪੰਜਾਬੀ ਦੀ ਮੁਦਈ ਅਕਾਲੀ ਪਾਰਟੀ ਤੇ ਭਾਜਪਾ ਦੇ ਨਾਲ ਰੱਲ ਕੇ ਦਸ ਸਾਲ ਦੇ ਰਾਜ ਕਾਲ ਵਿੱਚ ਪੰਜਾਬੀ ਬੋਲੀ ਦਾ ਰੱਜ ਕੇ ਘਾਣ ਕੀਤਾ ਗਿਆ ।ਅਕਾਲੀ ਪਾਰਟੀ ਦਾ ਸਿਖਿਆ ਮੰਤਰੀ ਡਾ ਦਲਜੀਤ ਸਿੰਘ ਚੀਮਾ ਹੋਵੇ ਇਸ ਨੇ ਇਕ ਤਾਂ ਧੜਾ ਧੜ ਕੇਂਦਰੀ ਸਕੂਲ ਖੋਲ੍ਹਣ ਦੀ ਆਗਿਆ ਦਿੱਤੀ ਜਿਨਾਂ ਵਿੱਚ ਬਹੁਤ ਹੀ ਘਟ ਮਿਆਰੀ ਪੰਜਾਬੀ ਪੜਾਈ ਜਾਂਦੀ ਸੀ ਦੂਸਰਾ ਪੰਜਾਬ ਵਿੱਚ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਬੰਦ ਕਰਾ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਮਿਆਰ ਵਿੱਚ ਏਡੀ ਵੱਡੀ ਸੱਟ ਮਾਰੀ ਕਿ ਪੰਜਾਬ ਦੇ ਲੋਕਾਂ ਨੂੰ ਅਤ ਮਹਿੰਗੇ ਨਿੱਜੀ ਕੇਂਦਰੀ ਸਕੂਲ ਜਿਨਾਂ ਵਿੱਚ ਬਹੁਤੇ ਸਕੂਲਾਂ ਤੇ ਰ.ਸ.ਸ. ਦਾ ਇਕ ਤਰਾਂ ਕਬਜਾ ਹੈ ਇਨਾਂ ਸਕੂਲਾਂ ਨੇ ਬੜੀ ਸਾਜਿਸ਼ ਨਾਲ ਪੰਜਾਬੀ ਬੋਲੀ ਨਾਲ ਘੱਟ ਮਿਆਰੀ ਪੰਜਾਬੀ ਪੜਾ ਕੇ ਕੀਤਾ। ਇਥੇ ਹੀ ਬਸ ਨਹੀਂ ਕਿ ਇਨਾਂ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਮਨਾਹੀ ਕਰਨ ਦੇ ਨਾਲ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਂਦੇ, ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਜਿਹੜੇ ਸਕੂਲ ਸੀ ਬੀ ਐਸ ਈ ਦੇ ਸਕੂਲਾਂ ਨਾਲ ਜੋੜੇ ਗਏ ਉਨਾਂ ਵਿੱਚੋਂ ਕਈ ਸਕੂਲਾਂ ਵਿੱਚ ਵੀ ਇਹ ਵਰਤਾਰਾ ਪੰਜਾਬੀ ਨਾਲ ਕੀਤਾ ਗਿਆ। ਜਿਸ ਸਬੰਧੀ ਕਈ ਵਾਰੀ ਖਬਰਾਂ ਅਖਬਾਰਾਂ ਦਾ ਸ਼ਿੰਗਾਰ ਵੀ ਬਣਦੀਆਂ ਰਹੀਆਂ ਹਨ।

ਕੁਝ ਦਿਨ ਪਹਿਲਾਂ ਮੁੱਖ ਮੰਤਰੀ ਦੇ ਆਪਣੇ ਹਲਕੇ ਸੰਗਰੂਰ ਵਿੱਚ ਰ.ਸ.ਸ. ਦੇ ਚਲ ਰਹੇ ਸਰਵ ਹਿਤਕਾਰੀ ਸਕੂਲ ਨੇ ਤਾਂ ਹੱਦ ਹੀ ਕਰ ਵਿਖਾਈ ਹੈ । ਉਸ ਵਿੱਚ ਪੰਜਾਬੀ ਬੋਲਣ ਤੇ ਮਨਾਹੀ ਕਰਨ ਦੇ ਨਾਲ ਭਾਰੀ ਜੁਰਮਾਨੇ ਕੀਤੇ ਜਾਂਦੇ ਹਨ, ਕੜ੍ਹੇ ਲੁਹਾਏ ਜਾਣੇ, ਪੱਗਾਂ ਬੰਨਣ ਆਦਿ ਤੇ ਪਾਬੰਦੀਆਂ ਲਗਾਏ ਜਾਣ ਦੀ ਵੀ ਚਰਚਾ ਹੋਈ ਹੈ। ਇਹੋ ਜਿਹੇ ਪੰਜਾਬ ਵਿੱਚ ਹੋਰ ਵੀ ਅਨੇਕਾਂ ਕੇਂਦਰੀ ਸਕੂਲ ਹੋਣਗੇ ਜਿਹੜੇ ਪੰਜਾਬ ਦੀ ਮਾਂ ਬੋਲੀ ਪੰਜਾਬੀ ਨਾਲ ਇਹੋ ਜਿਹਾ ਘਿਣਾਉਣਾ ਵਰਤਾਰਾ ਕਰਦੇ ਆ ਰਹੇ ਹਨ । ਇਥੇ ਦੱਸਣਾ ਬੜਾ ਵਾਜਬ ਹੋਵੇਗਾ ਕਿ ਹਰਿਆਣਾ ਵਿੱਚ ਕੋਈ ਵੀ ਖਾਲਸਾ ਸਕੂਲ ਪਹਿਲੀ ਭਾਸ਼ਾ ਪੰਜਾਬੀ ਨਹੀਂ ਪੜ੍ਹਾ ਸਕਦਾ ਉਨਾਂ ਸਾਰਿਆ ਨੂੰ ਪਹਿਲੀ ਭਾਸ਼ਾ ਹਿੰਦੀ ਵਿੱਚ ਪੜਾਈ ਕਰਾਈ ਜਾਣੀ ਲਾਜਮੀ ਹੈ ।ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਐਸ. ਡੀ., ਡੀ. ਏ. ਵੀ. ਆਦਿ ਸਕੂਲਾਂ ਵਿੱਚ ਪਹਿਲੀ ਭਾਸ਼ਾ ਵਜੋਂ ਹਿੰਦੀ ਮਾਧਿਅਮ ਵਿੱਚ ਪੜਾਈ ਕਰਾਏ ਜਾਣ ਦੀ ਖੁੱਲ ਹੈ ਜੋ ਕਿ ਪੰਜਾਬ ਦੀ ਸਿਖਿਆ ਨੀਤੀ ਦੀ ਸਰਾਸਰ ਉਲੰਘਣਾ ਹੈ।



ਜੱਗ ਸਿੰਘ
91-94170-95965

ਪੰਜਾਬ ਦੀ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਮੁੱਢਲੀ ਜਿੰਮੇਵਾਰੀ ਹੈ ਕਿ ਜੇਕਰ ਭਾਸ਼ਾ ਐਕਟ ਵਿੱਚ ਸੋਧ ਕਰਨ ਦੀ ਜਰੂਰਤ ਹੈ ਤਾਂ ਉਹ ਉਸ ਵਿੱਚ ਸੋਧ ਕਰਕੇ ਪੰਜਾਬ ਦੇ ਸਾਰੇ ਪ੍ਰਾਈਵੇਟ, ਨਿੱਜੀ ਸਕੂਲਾਂ ਵਿੱਚ ਪੜਾਈ ਹਰਿਆਣੇ ਦੀ ਤਰਜ ਤੇ ਪਹਿਲੀ ਭਾਸ਼ਾ ਪੰਜਾਬੀ ਵਿੱਚ ਪੜਾਈ ਕਰਾਈ ਜਾਣੀ ਯਕੀਨੀ ਬਣਾਵੇ। ਇਨਾਂ ਸਕੂਲਾਂ ਵਿੱਚ ਪੰਜਾਬੀ ਸਬਜੈਕਟ ਦਾ ਸਲੇਬਸ ਪੰਜਾਬ ਸਿਖਿਆ ਬੋਰਡ ਵਾਲਾ ਯਕੀਨੀ ਕੀਤਾ ਜਾਵੇ। ਜਿਹੜੇ ਸਕੂਲ ਪੰਜਾਬ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਉਨਾਂ ਦੀ ਮਾਨਤਾ ਪੱਕੇ ਤੌਰਤੇ ਰੱਦ ਕੀਤੀ ਜਾਵੇ । ਜੇਕਰ ਪੰਜਾਬ ਵਿੱਚ ਪੰਜਾਬੀ ਮਾਂ ਬੋਲੀ ਨੂੰ ਬਚਾਉਣਾ ਹੈ ਤਾਂ ਫਿਰ ਇਸ ਵੱਲ ਉਚੇਚਾ ਧਿਆਨ ਦੇਣਾ ਪਵੇਗਾ ।ਭਾਸ਼ਾ ਵਿਗਿਆਨੀਆਂ ਦਾ ਕਹਿਣਾ ਹੈ ਮਾਂ ਬੋਲੀ ਵਿੱਚ ਬੱਚਾ ਵਧੇਰੇ ਚੰਗੇ ਢੰਗ ਨਾਲ ਵਿਦਿਆ ਪ੍ਰਾਪਤ ਕਰ ਸਕਦਾ ਹੈ ਜੇਕਰ ਉਸ ਨੂੰ ਮਾਂ ਬੋਲੀ ਚੰਗੀ ਤਰਾਂ ਆ ਗਈ ਤਾਂ ਸਮਝੋ ਉਹ ਦੂਸਰੇ ਸਬਜੈਕਟ ਦੀ ਪੜ੍ਹਾਈ ਵੀ ਬੜੀ ਅਸਾਨੀ ਨਾਲ ਚੰਗੀ ਤਰਾਂ ਪੜ੍ਹਣ ਦੇ ਸਮਰੱਥ ਹੋ ਜਾਂਦਾ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਤਾ ਨਹੀਂ ਕਿਹੜੇ ਵਿਗਿਆਨੀਆਂ ਦੀ ਰਾਏ ਲੈ ਕੇ ਪਹਿਲੀ ਜਮਾਤ ਤੋਂ ਅੰਗਰੇਜੀ ਦੀ ਪੜਾਈ ਸੁਰੂ ਕਰਾ ਕੇ ਜਿਥੇ ਨੰਨੇ ਮੁੰਨੇ ਬੱਚਿਆਂ ਤੇ ਦਿਮਾਗੀ ਬੋਝ ਲੱਦਿਆ ਹੈ ਉਥੇ ਪੰਜਾਬ ਦੀ ਮਾਂ ਬੋਲੀ ਪੰਜਾਬੀ ਨਾਲ ਵੀ ਵੱਡਾ ਘਾਣ ਕੀਤਾ ਹੈ।

ਪੰਜਾਬ ਦੇ ਲੋਕਾਂ ਨੂੰ ਵੀ ਜਾਗ੍ਰਿਤ ਹੋਣ ਦੀ ਜਰੂਰਤ ਹੈ ਉਹ ਵੀ ਆਪਣੇ ਬੱਚਿਆਂ ਦੇ ਜੀਵਨ ਨਾਲ ਹੌ ਰਹੇ ਖਿਲਵਾੜ੍ਹ ਨੂੰ ਮੂਕ ਦਰਸ਼ਕ ਬਣ ਕੇ ਹੀ ਵੇਖਦੇ ਨਹੀਂ ਆ ਰਹੇ ਹਨ ਬਲਕਿ ਉਨਾ ਦੇ ਜੀਵਨ ਦਾ ਘਾਣ ਕਰਦੇ ਵੀ ਆ ਰਹੇ ਹਨ । ਦੀ ਸਰਕਾਰ ਦੀ ਵੱਡੀ ਜਿੰਮੇਵਾਰੀ ਹੈ ਕਿ ਉਹ ਨਿਜੀ ਦਿਲਚਸਪੀ ਲੈ ਕੇ ਪੰਜਾਬੀ ਭਾਸ਼ਾ ਨਾਲ ਪੰਜਾਬ ਵਿੱਚ ਹੋ ਰਹੇ ਵਿਤਕਰੇ ਨੂੰ ਸਖਤੀ ਨਾਲ ਰੋਕ ਕੇ ਪੰਜਾਬੀ ਭਾਸ਼ਾ ਨੂੰ ਪੰਜਾਬ ਨਾਲ ਬਣਦਾ ਸਥਾਨ ਦੁਆਵੇ।

# ਇਨਸਾਨ ਕੌਣ?



ਗੌਰਵ ਧੀਮਾਨ
91-76268-18016

ਕਾਫ਼ੀ ਜਿਆਦਾ ਘਰ ਦੀ ਹਾਲਤ ਖ਼ਰਾਬ ਹੋਣ ' ਤੇ ਜਸਮੀਤ ਕੌਰ ਕੁਝ ਪੈਸੇ ਉਧਾਰ ਲੈਣ ਲਈ ਸੁਨਿਆਰ ਕੋ.ਲ ਗਈ। ਸੁਨਿਆਰ ਬੈਠਾ ਪੈਸਿਆਂ ਦੀ ਥੱਗੀ ਗਿਣ ਰਿਹਾ ਸੀ। ਜਸਮੀਤ ਸੁਨਿਆਰੇ ਦੀ ਚੋਖੱਟ ' ਤੇ ਆ ਦਰਵਾਜ਼ਾ ਖੜਕਾਉਂਦੀ ਹੈ। ਸੁਨਿਆਰਾ ਆਪਣੀ ਪੂੰਜੀ ਨੂੰ ਸੰਭਾਲਦਾ ਹੋਇਆ ਉੱਠਦਾ ਹੈ। ਜਦੋਂ ਸੁਨਿਆਰਾ ਦਰਵਾਜ਼ਾ ਖੋਲ੍ਹ ਜਸਮੀਤ ਨੂੰ ਦੇਖਦਾ ਹੈ ਤਾਂ ਜਸਮੀਤ ਦੀਆਂ ਅੱਖਾਂ ਝੁੱਕ ਜਾਂਦੀਆਂ ਹਨ।'ਤੂੰ ਅੱਜ ਫਿਰ ਇੱਥੇ,ਪਿੱਛਲਾ ਵਿਆਜ ਬਾਕੀ ਐ ਤੈਨੂੰ ਯਾਦ ਤਾਂ ਹੈ ਨਾ।'

'ਮੈਨੂੰ ਸਬ ਯਾਦ ਐ ਲਾਲਾ ਜੀ.. ਤੁਸੀ ਫ਼ਿਕਰ ਨਾ ਕਰੋ। ਮੈ ਪੂਰੇ ਪੈਸੇ ਵਕ਼ਤ ਦੇ ਨਾਲ ਮੋੜ ਦਵਾਂਗੀ ਤੇ ਅੱਜ ਮੈਨੂੰ ਕੁਝ ਪੈਸੇ ਉਧਾਰ ਚਾਹੀਦੇ ਹਨ। ਘਰ ਵਿੱਚ ਕੁਝ ਖਾਣ ਨੂੰ ਨਹੀਂ ਹੈ। ਮੇਰੀ ਧੀ ਦੋ ਦਿਨਾਂ ਤੋਂ ਭੁੱਖੀ ਹੈ।'

'ਨਾ ਬਾਬਾ ਨਾ! ਮੈ ਕਿਉਂ ਦਉਂ ਹੋਰ ਪੈਸੇ।।ਤੂੰ ਮੈਨੂੰ ਆਪਣੀ ਕੋਈ ਚੀਜ਼ ਗਿਰਵੀ ਥੋੜ੍ਹੀ ਨਾ ਦਿੱਤੀ ਹੈ।'

'ਮੈਨੂੰ ਪਤਾ ਸੀ ਲਾਲਾ ਜੀ.. ਤੁਸੀ ਇਹ ਸਬ ਜਰੂਰ ਬੋਲੋਂਗੇ। ਮੈ ਘਰ ਦੇ ਕਾਗ਼ਜ ਲੈ ਕੇ ਆਈ ਹਾਂ। ਮੇਰੀ ਗ਼ਰੀਬੀ ਇਸ ਲਈ ਹੈ ਕਿਉਕਿ ਮੇਰਾ ਪਤੀ ਨਸ਼ੇ ਪੱਤੇ ਵਿੱਚ ਟੂੰਨ ਰਹਿੰਦਾ ਸੀ, ਜਿਸ ਕਾਰਨ ਉਸਦੀ ਮੌਤ ਹੋਗੀ।

'ਤੂੰ ਹਜੇ ਜਵਾਨ ਹੈ। ਤੈਨੂੰ ਵਿਆਹ ਕਰ ਲੈਣਾ ਚਾਹੀਦਾ ਹੈ।' ਸੁਨਿਆਰੇ ਨੇ ਆਪਣੇ ਸ਼ਬਦਾਂ ਨੂੰ ਸਾਂਝ ਪਾਉਂਦੇ ਹੋਏ ਕਿਹਾ।

'ਨਹੀਂ, ਮੈ ਆਪਣੀ ਜਿੰਦਗੀ ਧੀ ਨਾਲ ਹੀ ਬਤਾਉਣੀ ਚਾਹੁੰਦੀ ਹਾਂ।'

ਜਸਮੀਤ ਦੀ ਵਿਆਹ ਵਾਲੀ ਗੱਲ ਦਾ ਜਵਾਬ ਸੁਣ ਕੇ ਸੁਨਿਆਰਾ ਖੁਸ਼ ਹੋਇਆ,ਇੰਝ ਜਾਪਦਾ ਸੁਨਿਆਰੇ ਦੇ ਮਨ ਅੰਦਰ ਖੋਟ ਹੈ ਪਰ ਜਸਮੀਤ ਨੂੰ ਇਸ ਬਾਰੇ ਸੱਚ ਨਹੀਂ ਪਤਾ ਸੀ।

'ਫਿਰ ਤੈਨੂੰ ਪੁੱਤ ਕਿੰਨੇ ਪੈਸਿਆਂ ਦੀ ਲੋੜ ਹੈ।'

'ਪੰਜ ਸੌ ਨਾਲ ਗੁਜਾਰਾ ਹੋਜੂਗਾ ਲਾਲਾ ਜੀ।' ਜਸਮੀਤ ਨੇ ਥੋੜ੍ਹੇ ਹੀ ਪੈਸੇ ਲੈਣ ਬਾਰੇ ਸੋਚਿਆ।

ਜਸਮੀਤ ਹੱਥ ਜੋੜ ਚਲੀ ਜਾਂਦੀ ਹੈ ਤੇ ਸਿੱਧਾ ਬਾਜ਼ਾਰ ਵੱਲ ਹੁੰਦੀ ਹੈ। ਜਸਮੀਤ ਨੂੰ ਆਪਣੀ ਧੀ ਦਾ ਖ਼ਿਆਲ ਹੁੰਦਾ ਹੈ। ਉਹ ਸੋਚ ਕੇ ਪਰੇਸ਼ਾਨ ਹੁੰਦੀ ਹੈ,' ਮੇਰੀ ਧੀ ਪਤਾ



ਨਹੀਂ ਕਿਵੇਂ ਹੋਵੇਗੀ.. ਕੀ ਐ ਰੱਬਾ ਤੂੰ,ਮੇਰੀ ਜਿੰਦਗੀ ਦੁੱਖ ਹੀ ਦੁੱਖ ਲੈ ਕੇ ਆਇਆ।' ਜਸਮੀਤ ਆਪਣੇ ਆਪ ਨੂੰ ਕੋਸਦੀ ਹੋਈ ਰੱਬ ਨੂੰ ਤਾਹਨਾਂ ਦਿੰਦੀ ਹੈ।

ਜਸਮੀਤ ਨੂੰ ਘਰ ਵਾਪਸੀ ਦੀ ਜਲਦੀ ਹੁੰਦੀ ਹੈ। ਥੋੜ੍ਹੀ ਦੇਰ ਮਗਰੋਂ ਜਸਮੀਤ ਘਰ ਪਹੁੰਚ ਹੀ ਜਾਂਦੀ ਹੈ। ਕਿਰਨ ਹਜੇ ਸਕੂਲ ਪੜ੍ਹਦੀ ਨਹੀਂ ਸੀ। ਜਸਮੀਤ ਹੀ ਉਸਨੂੰ ਲਿਖਾਇਆ ਤੇ ਪੜ੍ਹਾਇਆ ਕਰਦੀ ਸੀ। ਜਦੋਂ ਕਿਰਨ ਹੋਈ ਸੀ ਉਸ ਵਕ਼ਤ ਜਸਮੀਤ ਦੇ ਚਿਹਰੇ ਉੱਤੇ ਪਹਿਲੀ ਵਾਰ ਖੁਸ਼ੀ ਆਈ ਸੀ। ਗ਼ਰੀਬੀ ਨੇ ਥੋੜ੍ਹਾ ਜਸਮੀਤ ਨੂੰ ਕਮਜ਼ੋਰ ਕਰ ਛੱਡਿਆ।

ਕੁਝ ਦੇਰ ਬਾਅਦ ਰੋਟੀ ਪੱਕ ਜਾਂਦੀ ਹੈ। ਜਸਮੀਤ ਕਮਰੇ ਵਿੱਚ ਬੈਠ ਕੇ ਕਿਰਨ ਨੂੰ ਰੋਟੀ ਚੁਰ ਕੇ ਖਵਾਉਂਦੀ ਹੈ। ਜਸਮੀਤ ਦੀ ਅੱਖਾਂ ਵਿੱਚ ਪਾਣੀ ਦੀ ਨਮੀ ਭਰੀ ਨਜ਼ਰ ਆਉਂਦੀ ਹੈ। ਕਿਰਨ ਆਪਣੀ ਮਾਂ ਨੂੰ ਆਪਣੇ ਹੱਥੀ ਬੁਰਕੀ ਖਵਾਉਂਦੀ ਹੈ। ਮਾਂ ਦਾ ਧੀ ਲਈ ਪਿਆਰ ਤੇ ਧੀ ਦਾ ਮਾਂ ਲਈ ਪਿਆਰ ਬੜਾ ਹੀ ਭਾਵੁਕ ਹੋ ਨਿਭਦਾ ਹੈ।

ਕੁਝ ਦਿਨਾਂ ਬਾਅਦ ਸੁਨਿਆਰਾ ਜਸਮੀਤ ਦੇ ਘਰ ਆ ਕੁੰਡਾ ਖੱਟ - ਖ਼ੱਟ- 'ਉਂਦਾ ਹੈ। ਜਸਮੀਤ ਬੂਹਾ ਖੋਲ੍ਹਣ ਤੋਂ ਪਹਿਲਾ ਪੁੱਛਦੀ ਹੈ। ' ਕੌਣ ਭਾਈ! ਕੀ ਕੰਮ ਆ।'

'ਮੈ ਭਾਈ ਸੁਨਿਆਰਾ ਆ! '

'ਲਾਲਾ ਜੀ! ਤੁਸੀ ਹੋ'', ਜੀ ਆਇਆ ਨੂੰ।'

ਜਸਮੀਤ ਕੋ.ਲ ਪੈਸੇ ਨਹੀਂ ਸੀ। ਜਸਮੀਤ ਨੇ ਆਪਣੀ ਜ਼ਮੀਨ ਉੱਤੇ ਖੇਤੀ ਕਰਨ ਬਾਰੇ ਸੋਚਿਆ ਸੀ ਤੇ ਸੁਨਿਆਰੇ ਦੇ ਸਾਰੇ ਪੈਸੇ ਮੋੜਨ ਦਾ ਫ਼ੈਸਲਾ ਕੀਤਾ ਸੀ ਪਰ ਸੁਨਿਆਰਾ ਆਪਣੇ ਵਕ਼ਤ ਨਾਲੋਂ ਪਹਿਲਾਂ ਘਰ ਆ ਗਿਆ। ਜਸਮੀਤ ਇਸ ਗੱਲ ਤੋਂ ਥੋੜ੍ਹਾ ਹੈਰਾਨ ਵੀ ਹੋਈ।

'ਹਾਂਜੀ, ਲਾਲਾ ਜੀ.. ਕਿਦਾ ਆਉਣਾ ਹੋਇਆ।' ਜਸਮੀਤ ਨੇ ਆਪਣਾ ਪ੍ਰਸ਼ਨ ਸਰਲ ਪੁੱਛਿਆ।

'ਕੁਝ ਨਹੀਂ ਪੁੱਤ.. ਮੈਨੂੰ ਪੈਸਿਆਂ ਦੀ ਸਖ਼ਤ ਲੋੜ ਸੀ ਤੇ ਤੇਰੇ ਵੱਲ ਪੂਰੇ ਚਾਲੀ ਹਜ਼ਾਰ ਨਿਕਲਦੇ ਹਨ। ਮੈ ਬੜੀ ਉਮੀਦਾਂ ਲੈ ਕੇ ਤੇਰੇਕੋ.ਲ ਆਇਆ।'

ਜਸਮੀਤ ਇਹ ਗੱਲ ਸੁਣ ਹੱਕੀ ਬੱਕੀ ਰਹਿ ਗਈ।ਜਸਮੀਤ ਅਚਾਨਕ ਜਵਾਬ ਦਿੰਦੀ ਹੋਈ ਕਹਿੰਦੀ ਹੈ ਕਿ ,' ਲਾਲਾ ਜੀ.., ਮੈਨੂੰ ਕੁਝ ਦਿਨਾਂ ਦੀ ਮੁਹੱਲਤ ਦੇ ਦਿਓ ਮੈ ਸਾਰੇ ਪੈਸੇ ਦੇ ਦਵਾਂਗੀ। ਮੈ ਹੁਣ ਖੇਤ ਕੰਮ ਕਰਨ ਬਾਰੇ ਸੋਚਿਆ ਹੈ।'

ਸੁਨਿਆਰਾ ਪੈਸੇ ਦੀ ਥਾਂ ਕੋਈ ਹੋਰ ਚੀਜ਼ ਦੀ ਭਾਲ ਕਰਦਾ ਹੈ। ਸੁਨਿਆਰਾ ਜਸਮੀਤ ਨੂੰ ਗੋਰ ਨਾਲ ਦੇਖਦਾ ਹੈ। ' ਵੇਖ ਮੈ ਹੋਰ ਇੰਤਜ਼ਾਰ ਨਹੀਂ ਕਰ ਸਕਦਾ ਅਗਰ ਤੂੰ ਮੈਨੂੰ ਹੁਣ ਕੁਝ ਦਿੰਦੀ ਹੈ ਤਾਂ ਮੈ ਚੁੱਪ - ਚਾਪ ਵਾਪਸੀ ਚਲਾ ਜਾਵਾਂਗਾ ਤੇ ਥੋੜ੍ਹੀ ਹੋਰ ਮੁਹੱਲਤ ਵੀ ਦੇ ਦਵਾਂਗਾ।'

'ਮਤਲਬ! ਮੈ ਸਮਝੀ ਨਹੀਂ ਲਾਲਾ ਜੀ।' ਜਸਮੀਤ ਨੇ ਸਿੱਧਾ ਜਵਾਬ ਪੁੱਛਿਆ।

'ਤੂੰ ਆਪਣੀ ਇੱਜਤ ਥੋੜ੍ਹੇ ਵਕ਼ਤ ਲਈ ਮੈਨੂੰ ਕੁਰਬਾਨ ਕਰਦੇ।' ਗੁੱਸੇ ਵਿੱਚ ਹੋ ਜਸਮੀਤ ਨੇ ਇੱਕਦਮ ਸੁਨਿਆਰੇ ਦੇ ਮੂੰਹ ਉੱਤੇ ਗੱਲ ਦੀ ਚਪੇੜ ਮਾਰ ਕਿਹਾ,' ਤੁਹਾਨੂੰ ਮੈ ਆਪਣੇ ਪਿਤਾ ਦਾ ਦਰਜ਼ਾ ਦਿੰਦੀ ਹਾਂ ਤੇ ਤੁਸੀ ਮੈਨੂੰ ਕੀ ਸਮਝਿਆ ਪਿਆ। ਮੈ ਹੁਣ ਤੱਕ ਤੁਹਾਡੀ ਉਮਰ ਦਾ ਲਿਹਾਜ਼ ਕੀਤਾ ਹੈ ਅਗਰ ਚਾਹੁੰਦੇ ਹੋ ਕਿ ਪਿੰਡ ਵਿੱਚ ਬਦਨਾਮੀ ਨਾ ਹੋ ਤਾਂ ਚੁੱਪ ਚਾਪ ਮੇਰੇ ਘਰੋਂ ਨਿਕਲ ਜਾਓ।' ਜਸਮੀਤ ਦੇ ਗੁੱਸੇ ਨੂੰ ਦੇਖ ਸੁਨਿਆਰਾ ਅਚਾਨਕ ਉੱਠ ਜਾਂਦਾ ਹੈ ਤੇ ਘਰ ਤੋਂ ਬਾਹਰ ਚਲਾ ਜਾਂਦਾ ਹੈ।

ਇੱਥੋਂ ਕੀ ਪਤਾ ਲੱਗਦਾ ਹੈ ਕਿ,' ਅਜਿਹੇ ਇਨਸਾਨ ਬਹੁਤ ਹਨ ਜੋ ਭਿਆਨਕ ਤੇ ਭੇੜੀਏ ਵਾਂਗ ਰਹਿੰਦੇ ਹਨ। ਇਨਸਾਨ ਦਾ ਆਪਣਾ ਕੋਈ ਰੂਪ ਨਹੀਂ ਹੁੰਦਾ ਤੇ ਨਾ ਕੋਈ ਵਜੂਦ।

# 'ਧਰਮ ਵਾਲੀਆਂ ਮਨੌਤਾਂ'

ਟੀਮਾਂ ਹਮੇਸ਼ਾ ਜਿੱਤਦੀਆਂ ਹਾਰਦੀਆਂ ਰਹਿੰਦੀਆਂ ਨੇ,
ਪੱਕਾ ਇਕ ਹਾਰਦੀ ਤੇ ਦੂਜੀ ਜਾਂਦੀ ਜਿੱਤ ਲੋਕੋ।
ਇਥੇ ਕ ਈ ਹਾਰਦੇ ਹਾਰਦੇ ਜਿੱਤ ਜਾਂਦੇ,
ਕੀ ਪਤਾ ਕਿਹੜਾ ਦਾਅ ਬਹਿ ਜਾਏ ਫਿੱਟ ਲੋਕੋ।
ਇਥੇ ਧਰਮ ਵਾਲੀਆਂ ਮਨੌਤਾਂ ਨੀ ਕੰਮ ਕਰਦੀਆਂ,
ਭਾਵੇਂ ਕਰੀ ਜਾਈਏ ਅਸੀਂ ਨਿੱਤ ਲੋਕੋ।
ਖਿਡਾਰੀ ਹੋਰ ਵੀ ਤੱਕੜੇ ਹੋ ਖੇਡਣ,
ਹਾਰਕੇ ਜਾਣ ਨਾ ਨਿਰਾਸ਼ਾ ਵਿੱਚ ਲੋਕੋ।

– ਮੇਜਰ ਸਿੰਘ 'ਬੁਢਲਾਡਾ'
91-94176-42327



# ਸੰਸਕ੍ਰਿਤਕ ਵਿਦਰੋਹ ਦੇ ਪਿਤਾਮਾ- ਮਹਾਤਮਾ ਜੋਤੀਬਾ ਫੂਲੇ



ਲਾਲ ਸਿੰਘ ਸੁਲਹਾਣੀ
91-98721-55120

ਕਿਸੇ ਮਹਾਂਪੁਰਖ ਦੀ ਜੀਵਨੀ ਦਾ ਮੁਲਾਂਕਣ ਕਰਨ ਲੱਗਿਆਂ ਉਸ ਸਮੇਂ ਦੀਆਂ ਪ੍ਰਸਥਿਤੀਆਂ ਤੇ ਝਾਤ ਮਾਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਉਸ ਸਮੇਂ ਦੇ ਹਾਲਤਾਂ ਨੂੰ ਸਮਝਿਆ ਜਾ ਸਕੇ।ਜਿਸ ਸਮੇਂ ਉਸ ਮਹਾਂਪੁਰਖ ਨੇ ਸੰਘਰਸ਼ ਕੀਤਾ। ਮਹਾਤਮਾ ਜੋਤੀ ਬਾ ਫੂਲੇ ਦਾ ਜਨਮ 1827 'ਚ ਅੰਗਰੇਜ਼ਾਂ ਦੇ ਰਾਜ ਸਮੇਂ ਪੂਨਾ ਵਿਖੇ ਮਾਲੀ (ਜਿਹਨਾਂ ਨੂੰ ਸੈਣੀ, ਕਾਸ਼ੀ, ਕੁਸ਼ਵਾਹਾ, ਸ਼ਾਕਯ ਨਾਮ ਨਾਲ ਜਾਣਿਆਂ ਜਾਂਦਾ ਹੈ) ਪਰਵਾਰ ਚ ਹੋਇਆ ਜਦੋਂ ਪੇਸਵਾਵਾਂ ਦਾ ਸ਼ਾਸਨ ਖ਼ਤਮ ਹੋਇਆਂ ਅਜੇ ਦਸ ਵਰ੍ਹੇ ਹੀ ਗੁਜ਼ਰੇ ਸਨ। ਪੇਸ਼ਵਾਵਾਂ ਦੇ ਬ੍ਰਾਹਮਣਵਾਦੀ ਵਿਚਾਰਧਾਰਾ ਤੇ ਆਧਾਰਤ ਸ਼ਾਸਨ ਦੌਰਾਨ ਜ਼ੁਲਮ ਜ਼ਿਆਦਤੀ,ਅਨਿਆਂ ਤੇ ਗੈਰ ਬਰਾਬਰਤਾ ਸਿਖ਼ਰ ਤੇ ਸੀ। ਅਛੂਤਾਂ ਦੇ ਨਾਲ ਨਾਲ ਦੂਜੇ ਸ਼ੂਦਰਾਂ ਤੇ ਔਰਤਾਂ ਦੀ ਦਸ਼ਾ ਵੀ ਉਸ ਸਮੇਂ ਅਤਿਅੰਤ ਤਰਸਯੋਗ ਸੀ। ਪੇਸ਼ਵਾਵਾਂ ਦੇ ਸ਼ਾਸਨ ਦੌਰਾਨ ਅਛੂਤ ਗਰਦਾਨੀਆਂ ਗਈਆਂ ਮਹਾਰ, ਮਾਂਗ, ਚੁਮਾਰ ਆਦਿ ਜਾਤੀਆਂ ਨੂੰ ਆਪਣੇ ਗਲ਼ ਵਿਚ ਹਾਂਡੀ ਲਟਕਾਉਣੀ ਪੈਂਦੀ ਸੀ ਤਾਂ ਕਿ ਉਹ ਸੜਕ (ਰਸਤੇ) ਤੇ ਚਲਦੇ ਵਕਤ ਉਸ ਹਾਂਡੀ ਵਿਚ ਹੀ ਥੁੱਕਣ। ਉਹਨਾਂ ਨੂੰ ਆਪਣੇ ਲੱਕ ਨਾਲ ਝਾੜੂ ਬੰਨ੍ਹ ਕੇ ਚੱਲਣਾ ਪੈਂਦਾ ਸੀ ਤਾਂ ਕਿ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਨਾਲੋ ਨਾਲ ਮਿਟਦੇ ਜਾਣ। ਉਹਨਾਂ ਨੂੰ ਆਪਣੀਆਂ ਝੌਂਪੜੀਆਂ ਵਿਚੋਂ ਸਿਖਰ ਦੁਪਹਿਰੇ ਉਸ ਵੇਲੇ ਹੀ ਨਿਕਲਣ ਦੀ ਇਜਾਜ਼ਤ ਸੀ ਜਦੋਂ ਸੂਰਜ ਉਹਨਾਂ ਦੇ ਸਿਰ ਤੇ ਹੋਵੇ ਤੇ ਉਹਨਾਂ ਦਾ ਪਰਛਾਵਾਂ ਛੋਟਾ ਹੋਵੇ। ਜੇ ਕਿਤੇ ਸਵੇਰੇ ਜਾਂ ਸ਼ਾਮ ਵੇਲੇ ਉਹਨਾਂ ਨੂੰ ਆਪਣੀਆਂ ਝੌਂਪੜੀਆਂ ਚੋਂ ਨਿਕਲਣ ਦੀ ਨੌਬਤ ਆ ਜਾਵੇ ਤਾਂ ਉਹਨਾਂ ਨੂੰ ਲੋਹੇ ਦਾ ਪੀਪਾ ਖੜਕਾ ਕੇ ਆਵਾਜ਼ ਦੇਣੀ ਪੈਂਦੀ ਸੀ ਤਾਂਕਿ ਬ੍ਰਾਹਮਣਾਂ ਨੂੰ ਅਗਾਊਂ ਪਤਾ ਲੱਗ ਜਾਵੇ ਕਿ ਅਛੂਤ ਆ ਰਿਹਾ ਹੈ ਤੇ ਉਹ (ਬ੍ਰਾਹਮਣ) ਆਪਣੇ ਘਰਾਂ 'ਚ ਛੁਪ ਸਕਣ।

ਮਹਾਤਮਾ ਜੋਤੀ ਬਾ ਫੂਲੇ ਦੇ ਜੀਵਨ ਵਿਚ ਇਕ ਅਜਿਹੀ ਘਟਨਾ ਘਟੀ ਜਿਸਨੇ ਉਸਨੂੰ ਇਸ ਘੋਰ ਅੰਧਕਾਰਮਈ ਤੇ ਅਣਮਨੁੱਖੀ ਵਰਤਾਰੇ ਵਿਰੁੱਧ ਵਿਦਰੋਹ ਕਰਨ ਲਈ ਮਜ਼ਬੂਰ ਕਰ ਦਿੱਤਾ। ਅੰਗਰੇਜ਼ਾਂ ਦੇ ਸਭਿਆ ਤੇ ਮਾਨਵੀ ਰਾਜ ਦੌਰਾਨ 1848 ਈਸਵੀ 'ਚ ਦਸਵੀਂ ਜਮਾਤ ਵਿਚ ਪੜ੍ਹਦਿਆਂ ਉਹਨਾਂ ਨੂੰ ਆਪਣੇ ਬ੍ਰਾਹਮਣ ਸਹਿਪਾਠੀ ਦੀ ਬਰਾਤ ਵਿਚੋਂ ਗਾਲ਼ਾਂ ਕੱਢਕੇ ਅਤੇ ਧੱਕੇ ਦੇ ਕੇ ਕੇਵਲ ਇਸ ਲਈ ਬਾਹਰ ਕੱਢ ਦਿੱਤਾ ਕਿ ਉਹ ਸ਼ੂਦਰ ਹੈ। ਜਦਕਿ ਉਸਦੇ ਬਾਪ ਗੋਬਿੰਦ ਰਾਉ ਫੂਲੇ ਕੋਲ ਚੋਖੀ ਜ਼ਮੀਨ ਸੀ ਤੇ ਜੋਤੀ ਬਾ ਫੂਲੇ ਸੋਹਣਾ ਤੇ ਮੂੰਹ ਮੱਥੇ ਲਗਦਾ ਸੁਣੱਖਾ ਨੌਜਵਾਨ ਸੀ। ਇਸ ਘੋਰ ਅਪਮਾਨ ਤੇ ਅਸਹਿ ਤ੍ਰਿਸਕਾਰ ਨੇ ਫੂਲੇ ਨੂੰ ਧੁਰ ਅੰਦਰੋਂ ਹਲੂਣ ਕੇ ਰੱਖ ਦਿੱਤਾ। ਉਸਨੇ ਇਸ ਅਣਮਨੁੱਖੀ ਵਰਤਾਰੇ ਤੇ ਜਾਤੀਵਾਦੀ ਵਿਵਸਥਾ ਬਾਰੇ ਚਿੰਤਨ ਸ਼ੁਰੂ ਕਰ ਦਿੱਤਾ ਜਿਸ ਨੇ ਆਦਮੀ ਆਦਮੀ ਵਿਚ ਐਨਾ ਵੱਡਾ ਪਾੜਾ ਪਾ ਦਿਤਾ ਹੈ। ਉਹਨਾਂ ਨੇ ਬ੍ਰਾਹਮਣਵਾਦੀ ਸੰਸਕ੍ਰਿਤੀ ਤੇ ਇਸ ਵਿਵਸਥਾ ਦੇ ਆਧਾਰ ਤੇ ਇਥੋਂ ਦੇ ਕਰੋੜਾਂ ਗਿਰਾਏ ਗਏ ਮਨੁੱਖਾਂ ਬਾਰੇ ਗਹਿਰ ਗੰਭੀਰ ਵਿਚਾਰ ਕੀਤਾ। ਫੂਲੇ ਨੇ ਪਹਿਲਾਂ ਇਸ ਗੈਰ ਮਨੁੱਖੀ ਵਿਵਸਥਾ ਦਾ 'ਧਿਕਾਰ' ਕੀਤਾ ਤੇ ਫਿਰ ਇਸ ਦੇ ਸੁਧਾਰ ਲਈ ਜੁੱਟ ਗਏ। ਮਹਾਤਮਾ ਫੂਲੇ ਦਾ ਜੀਵਨ "ਧਿਕਾਰ ਤੇ ਸੁਧਾਰ" ਦੀ ਕਹਾਣੀ ਵਜੋਂ ਪੜ੍ਹਿਆ ਜਾ ਸਕਦਾ ਹੈ। ਉਹਨਾਂ ਨੇ ਅੰਗਰੇਜ਼ਾਂ ਦੀ ਸਰਕਾਰ ਦੌਰਾਨ ਬ੍ਰਾਹਮਣਾਂ ਦੇ ਜੂਲ਼ੇ ਹੇਠ ਸੱਭ ਤੋਂ ਘਟੀਆ ਗੁਲਾਮੀ ਦਾ ਖੁਲਾਸਾ ਆਪਣੀ ਮਰਾਠੀ ਭਾਸ਼ਾ 'ਚ ਲਿਖੀ ਕਿਤਾਬ " ਗੁਲਾਮਗੀਰੀ" 'ਚ ਕੀਤਾ ਹੈ। ਹੁਣ ਇਸ ਕਿਤਾਬ ਦਾ ਅਨੁਵਾਦ ਹਿੰਦੀ ਤੇ ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਵੀ ਉਪਲਬਧ ਹੈ। ਜੋ ਉਹਨਾਂ ਵਲੋਂ ਕੀਤੇ ਗਏ ਸਮਾਜਕ ਅੰਦੋਲਨ ਤੇ ਸੰਸਕ੍ਰਿਤਕ ਵਿਦਰੋਹ ਦੀ ਜਾਣਕਾਰੀ ਦਾ ਭਰਪੂਰ ਸੋਮਾ ਹੈ।

ਮਹਾਤਮਾ ਫੂਲੇ ਨੇ ਖੁਦ ਅਤੇ ਆਪਣੇ ਸਮਾਜ ਨਾਲ ਕੀਤੇ ਜਾ ਰਹੇ ਅਮਾਨਵੀ ਵਿਵਹਾਰ ਤੇ ਸੜ੍ਹਾਂਦ ਮਾਰਦੀ ਗ਼ਲੀ ਸੜੀ ਬ੍ਰਾਹਮਣਵਾਦੀ ਵਿਵਸਥਾ ਦੇ ਚਾਲਕ ਸ਼ੇਠ ਜੀ ਤੇ ਭੱਟ ਜੀ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪ ਧੁਰਾ ਬਣ ਕੇ "ਸ਼ੂਦਰਾਂ ਅਤੇ ਅਤਿ ਸ਼ੂਦਰਾਂ" ਨੂੰ ਇਸ ਦਮਨਕਾਰੀ ਸੰਸਕ੍ਰਿਤੀ ਵਿਰੁੱਧ ਲੜਨ ਲਈ ਤਿਆਰ ਕਰਨਾ ਸ਼ੁਰੂ ਕਰ



ਦਿਤਾ। ਉਹਨਾਂ ਦੇਖਿਆ ਕਿ ਸਿਖਿਆ ਦੀ ਅਣਹੋਂਦ ਤੇ ਅਗਿਆਨਤਾ ਸਦਕਾ ਸਮਾਜ ਦਾ ਸ਼ੋਸ਼ਨ ਕੀਤਾ ਜਾ ਰਿਹਾ ਹੈ। ਉਹਨਾਂ ਨੇ ਸ਼ੂਦਰਾਂ ਤੇ ਅਛੂਤਾਂ ਦੇ ਨਾਲ ਨਾਲ ਔਰਤਾਂ ਨੂੰ ਸਿਖਿਅਤ ਕਰਨਾ ਸ਼ੁਰੂ ਕਰ ਦਿੱਤਾ। 1848 ਤੋਂ 1890 ਈਸਵੀ ਤਕ 40 ਵਰ੍ਹੇ ਤੋਂ ਵਧ ਸਮਾਂ ਉਹਨਾਂ ਨੇ ਜਾਤੀ ਵਾਦੀ ਵਿਵਸਥਾ ਵਿਰੁੱਧ ਸੰਘਰਸ਼ ਕੀਤਾ। ਉਹਨਾਂ ਨੇ ਬਰਾਬਰੀ ਵਾਲੀ ਸਮਾਜ ਵਿਵਸਥਾ ਸਥਾਪਤ ਕਰਨ ਲਈ ਅਨੇਕਾਂ ਢੰਗ ਤਰੀਕੇ ਅਪਨਾਏ ਅਤੇ ਬ੍ਰਾਹਮਣਾਂ ਦੀ ਢੌਂਗਵਾਦੀ ਵਿਵਸਥਾ ਨੂੰ ਵੰਗਾਰਿਆ।

ਬ੍ਰਾਹਮਣਾਂ ਵੱਲੋਂ ਸਮਾਜ ਵਿਚ ਗੁਮਰਾਹਕੁਨ ਪ੍ਰਚਾਰ ਕੀਤਾ ਗਿਆ ਕਿ ਜੋ ਲੜਕੀ ਜਾਂ ਔਰਤ ਪੜ੍ਹੇਗੀ ਉਸਦਾ ਪਤੀ ਮਰ ਜਾਵੇਗਾ ਉਹ ਵਿਧਵਾ ਹੋ ਜਾਵੇਗੀ ਕਿਉਂਕਿ ਅਜਿਹਾ ਕਰਨਾ ਸ਼ਾਸਤਰਾਂ ਦੀ ਘੋਰ ਉਲੰਘਣਾ ਹੈ। ਫੂਲੇ ਨੇ ਇਸ ਭਰਮ ਵਿਚੋਂ ਲੋਕਾਂ ਨੂੰ ਕੱਢਣ ਲਈ ਸਭ ਤੋਂ ਪਹਿਲਾਂ ਆਪਣੀ ਪਤਨੀ ਨੂੰ ਪੜ੍ਹਾਇਆ ਤੇ ਫਿਰ ਭਾਰੀ ਵਿਰੋਧ ਦੇ ਬਾਵਜੂਦ ਉਸਨੇ ਦੂਜੀਆਂ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਸ ਤਰਾਂ ਮਹਾਤਮਾ ਫੂਲੇ ਦੀ ਪਤਨੀ ਦਾਦੀ ਮਾਂ "ਸਾਵਿਤਰੀ ਬਾਈ ਫੂਲੇ" ਭਾਰਤ ਦੀ ਪਹਿਲੀ ਅਧਿਆਪਕਾ ਬਣੀ। ਜਦੋਂ ਮਹਿਲਾ ਵਿਸ਼ਵ ਵਿਦਿਆਲੇ ਦੇ ਸੰਸਥਾਪਕ ਮਹਾਂਰਿਸ਼ੀ ਕਾਰਵੇ ਦਾ ਅਜੇ ਜਨਮ ਵੀ ਨਹੀਂ ਹੋਇਆ ਸੀ।

ਮਹਾਤਮਾ ਫੂਲੇ ਐਸੇ ਇਨਸਾਨ ਜਿਹਨਾਂ ਨੇ ਸਾਡੇ ਸਮਾਜ ਵਿਚ ਸਭ ਤੋਂ ਪਹਿਲਾਂ ਸਿਖਿਆ ਪ੍ਰਾਪਤ ਕੀਤੀ ਅਤੇ ਪੜ੍ਹਾਈ ਲਿਖਾਈ ਦੇ ਬਾਵਜੂਦ ਉਹਨਾਂ ਦੇ ਬਾਪ ਨੇ ਪੜ੍ਹਨ ਅਤੇ ਸ਼ੂਦਰਾਂ, ਅਛੂਤਾਂ ਤੇ ਔਰਤਾਂ ਨੂੰ ਪੜ੍ਹਾਉਣ ਦੇ ਜ਼ੁਰਮ ਦੀ ਸਜ਼ਾ ਵਜੋਂ ਬ੍ਰਾਹਮਣਾਂ ਦੇ ਬਹਿਕਾਵੇ ਵਿਚ ਆ ਕੇ ਉਹਨਾਂ ਨੂੰ ਘਰੋਂ ਕੱਢ ਦਿੱਤਾ ਤੇ ਉਹਨਾਂ ਦੇ ਮਾਲੀ ਸਮਾਜ ਵਲੋਂ ਉਹਨਾਂ ਦੇ ਪਰਵਾਰ ਦਾ ਸਮਾਜਿਕ ਬਾਈਕਾਟ ਕਰ ਦਿਤਾ ਗਿਆ ਅਤੇ ਜਦੋਂ ਤਕ ਉਹ ਜਿੰਦਾ ਰਹੇ 1890 ਤਕ ਇਹ ਬਾਈਕਾਟ ਚੱਲਦਾ ਰਿਹਾ ਅਤੇ ਉਸ ਤੋਂ ਬਾਅਦ ਵੀ ਉਹਨਾਂ ਦੇ ਖਾਨਦਾਨ ਦਾ ਜੋ ਸੌ ਸਾਲ ਤੋਂ ਵਧ ਸਮੇਂ ਤਕ ਜਾਰੀ ਰਿਹਾ। ਉਹਨਾਂ ਦਾ ਕਸੂਰ ਬੱਸ ਪੜ੍ਹਨ ਲਿਖਣ ਦਾ ਸੀ। ਉਹਨਾਂ ਦੇ ਸਮਾਜ ਨੂੰ ਬਹਿਕਾਇਆ ਤੇ ਗੁੰਮਰਾਹ ਕੀਤਾ ਗਿਆ ਕਿ ਸ਼ਾਸਤਰਾਂ ਅਨੁਸਾਰ ਆਪ ਲੋਕਾਂ ਲਈ ਪੜ੍ਹਨਾ ਲਿਖਣਾ ਮਨ੍ਹਾਂ ਹੈ, ਜੇ ਅੰਗਰੇਜਾਂ ਦਾ ਰਾਜ ਨਾ ਹੁੰਦਾ ਤਾਂ ਇਸ ਦੀ ਸਜ਼ਾ ਆਪ ਲੋਕਾਂ ਸ਼ੂਦਰ ਅਤਿ ਸ਼ੂਦਰ ਸਮਾਜ ਦੇ ਪੜ੍ਹਨ ਲਿਖਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਇਥੇ ਹੀ ਮਿਲਦੀ ਉਸਦੀ ਜ਼ਬਾਨ ਕੱਟ ਲਈ ਜਾਂਦੀ, ਕੰਨਾਂ ਵਿਚ ਸਿੱਕਾ ਢਾਲ ਦਿਤਾ ਜਾਂਦਾ ਲੇਕਿਨ ਅੰਗਰੇਜਾਂ ਦੇ ਰਾਜ ਸਦਕਾ ਅਜਿਹਾ ਨਹੀਂ ਕਰ ਸਕਦੇ। ਪੂਨਾ ਦੇ ਪੰਡਤਾਂ ਤੇ ਉਚੀ ਜਾਤੀ ਦੇ ਲੋਕਾਂ ਨੇ ਆਖਿਆ ਕਿ ਅੱਜ ਦੇ ਅਸੀਂ ਅਜਿਹਾ ਨਹੀਂ ਕਰ ਸਕਦੇ ਤਾਂ ਇਸ ਦੀ ਸਜ਼ਾ ਤੁਹਾਨੂੰ ਭਗਵਾਨ ਜ਼ਰੂਰ ਦੇਵੇਗਾ। ਫੂਲੇ ਨੂੰ ਹੀ ਨਹੀਂ, ਫੂਲੇ ਦੀ ਸਾਰੀ ਬਰਾਦਰੀ ਨੂੰ ਇਸ ਦੀ ਸਜ਼ਾ ਦੇਵੇਗਾ। ਭਗਵਾਨ ਨਹੀਂ ਚਾਹੁੰਦਾ ਕਿ ਸ਼ੂਦਰ ਅਤਿ ਸ਼ੂਦਰ ਸਮਾਜ ਪੜ੍ਹੇ ਲਿਖੇ। ਭਗਵਾਨ ਨਹੀਂ ਚਾਹੁੰਦਾ ਆਪ ਲੋਕ ਅਗਿਆਨ ਦੂਰ ਕਰਕੇ ਸੂਝਬੂਝ ਵਾਲੇ ਬਣੋ ਇਸ ਲਈ ਭਗਵਾਨ ਤੁਹਾਨੂੰ ਸਜ਼ਾ ਜ਼ਰੂਰ ਦੇਵੇਗਾ। ਇਸ ਤਰ੍ਹਾਂ ਮਾਲੀ ਬਰਾਦਰੀ ਨੂੰ ਗੁੰਮਰਾਹ ਕੀਤਾ ਗਿਆ। ਮਾਲੀ ਬਰਾਦਰੀ ਨੇ ਸੋਚਿਆ ਕਿ ਫੂਲੇ ਨੂੰ ਤਾਂ ਸਜ਼ਾ ਮਿਲਣੀ ਹੀ ਹੈ ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ ਪੂਨੇ ਦੇ ਪੰਡਤਾਂ ਨੇ ਉਹਨਾਂ ਨੂੰ ਗੁੰਮਰਾਹ ਕਰਦਿਆਂ ਇਸ ਦਾ ਇਲਾਜ ਦੱਸਿਆ ਕਿ ਸਮੁੱਚੀ ਮਾਲੀ ਬਰਾਦਰੀ ਫੂਲੇ ਦੇ ਖ਼ਾਨਦਾਨ ਦਾ ਬਾਈਕਾਟ ਕਰੋ ਇਹਨਾਂ ਤੋਂ ਦੂਰ ਰਹੋ, ਦੂਰ ਰਹੋਗੇ ਤਾਂ ਬਚੇ ਰਹੋਗੇ, ਨੇੜੇ ਜਾਉਗੇ ਪੜ੍ਹਨ ਲਿਖਣ ਵਰਗੀ ਹਰਕਤ ਕਰੋਗੇ ਤਾਂ ਮਾਰੇ ਜਾਉਗੇ, ਸਜ਼ਾ ਮਿਲੇਗੀ। ਇਸ ਤਰ੍ਹਾਂ ਸਮਾਜ ਨੂੰ ਗੁੰਮਰਾਹ ਕੀਤਾ ਗਿਆ ਉਹਨਾਂ ਦੇ ਪੋਤਰੇ ਅਨੰਤ ਰਾਉ ਫੂਲੇ ਦੇ ਕਥਨ ਮੁਤਾਬਿਕ ਇਹ ਸਮਾਜਕ ਬਾਈਕਾਟ 1962 ਚ ਖ਼ਤਮ ਕੀਤਾ ਗਿਆ। ਸਮਾਜ ਨੂੰ ਜਾਗਰੂਕ ਕਰਨ ਵਾਲੇ ਫੂਲੇ ਇਕੱਲੇ ਸਨ ਜਦੋਂ ਕਿ ਸਮਾਜ ਨੂੰ ਗੁੰਮਰਾਹ ਕਰਨ ਲਈ ਪੂਰਾ ਬ੍ਰਾਹਮਣਵਾਦੀ ਸਮਾਜ ਜੁਟਿਆ ਹੋਇਆ ਸੀ। ਉਹ ਭਗਵਾਨ ਦੇ ਨਾਮ ਤੇ ਆਪਣਾ ਚੱਕਰ ਚਲਾਉਂਦੇ ਰਹੇ। ਹਰ ਤਰ੍ਹਾਂ ਦੇ ਵਿਰੋਧ ਦੇ ਬਾਵਜੂਦ ਫੂਲੇ ਆਪਣੀ ਪਤਨੀ ਬੀਬੀ ਸਵਿਤਰੀ ਬਾਈ ਫੂਲੇ ਨਾਲ ਮਿਲਕੇ ਸਮਾਜ ਨੂੰ ਜਾਗਰੂਕ ਕਰਦੇ ਰਹੇ। ਫਿਰ ਕੁੱਝ ਲੋਕ ਵੀ ਫੂਲੇ ਨਾਲ ਮਿਲਕੇ ਇਹ ਕੰਮ ਕਰਨ ਲੱਗ ਪਏ ਇਉਂ ਪੜ੍ਹਾਈ ਲਿਖਾਈ ਤੇ ਗਿਆਨ ਦੀ ਗੱਲ ਅੱਗੇ ਵਧੀ। ਮਹਾਤਮਾ ਜੋਤੀ ਬਾ ਫੂਲੇ ਲੋਕਾਂ ਨੂੰ ਆਪਣੇ ਹਿਸਾਬ ਨਾਲ ਸਾਵਧਾਨ ਕਰਦੇ ਸਨ। ਉਸ ਸਮੇਂ ਮਹੌਲ ਬਹੁਤ ਖ਼ਰਾਬ ਸੀ।

ਮਹਾਤਮਾ ਜੋਤੀ ਬਾ ਫੂਲੇ ਸਮਾਜ ਸੁਧਾਰਕ, ਅਧਿਆਪਕ ਤੇ ਦਾਰਸ਼ਨਿਕ ਤੋਂ ਇਲਾਵਾ ਇਕ ਉਦਯੋਗਪਤੀ ਵੀ ਸਨ। ਉਹ ਬੜੇ ਵੱਡੇ ਠੇਕੇਦਾਰ ਸਨ। ਉਹਨਾਂ ਨੇ ਆਪਣੇ ਬਲਬੂਤੇ ਅਤੇ ਆਪਣੇ ਹੁਨਰ ਨਾਲ ਉਸ ਵੇਲੇ ਭਾਰਤ ਦੀ ਸਭ ਤੋਂ ਵਡੀ ਕੰਸਟ੍ਰਕਸ਼ਨ ਕੰਪਨੀ ਦੀ ਸਥਾਪਨਾ ਕੀਤੀ । ਉਹਨਾਂ ਦੀ ਕੰਪਨੀ ਦੀ ਨਾਂ ਸੀ ਪੂਨੇ ਕਮਰਸ਼ੀਅਲ ਕੰਸਟ੍ਰਕਸ਼ਨ ਕੰਪਨੀ (PCCC)। 1869 ਵਿਚ ਇਸ ਕੰਪਨੀ ਦੀ ਸਲਾਨਾ ਟਰਨ ਓਵਰ 21000 ਕਰੋੜ ਰੁਪਏ ਸੀ। ਜਦਕਿ ਟਾਟਾ ਕੰਪਨੀ ਦਾ ਉਸ ਵਕਤ ਟਰਨ ਓਵਰ 20000 ਕਰੋੜ ਰੁਪਏ ਸੀ।ਪੂਨਾ ਵਿਚ ਸਭ ਤੋਂ ਜ਼ਿਆਦਾ ਜ਼ਮੀਨ ਵੀ ਉਹਨਾਂ ਕੋਲ ਸੀ। ਅੱਜ ਵੀ ਉਹਨਾਂ ਦੇ ਖ਼ਾਨਦਾਨ ਕੋਲ ਸਭ ਤੋਂ ਜ਼ਿਆਦਾ ਜ਼ਮੀਨ ਹੈ। ਅੰਗਰੇਜਾਂ ਦੇ ਜ਼ਮਾਨੇ ਵਿਚ ਵੱਡੇ ਠੇਕੇਦਾਰ ਹੋਣ ਸਦਕਾ ਉਹਨਾਂ ਪਾਸ ਅਧਿਕ ਧਨ (ਪੈਸਾ) ਸੀ ਇਸ ਲਈ ਉਹ ਆਪਣੇ ਪੈਸੇ ਦਾ ਇਸਤੇਮਾਲ ਕਰਕੇ ਮੂਵਮੇਂਟ ਚਲਾਉਂਦੇ ਰਹੇ। ਉਹਨਾਂ ਨੇ ਆਪਣੇ ਪੈਸੇ ਦਾ ਸਦਉਪਯੋਗ ਕਰਕੇ ਸ਼ੂਦਰ ਅਤਿ ਸ਼ੂਦਰ ਸਮਾਜ ਨੂੰ ਵੱਡੇ ਪੱਧਰ ਤੇ ਗਿਆਨ ਦੇਣ ਦਾ ਕੰਮ ਕੀਤਾ।

1868 ਈਸਵੀ ਵਿਚ ਉਹਨਾਂ ਨੇ ਆਪਣੇ ਘਰ ਲਾਗੇ ਅਛੂਤਾਂ ਦੇ ਇਸ਼ਨਾਨ ਕਰਨ ਲਈ ਤਲਾਬ ਖੁਦਵਾਇਆ ਉਹਨਾਂ ਨੇ ਦਲਿਤ ਸ਼ੋਸ਼ਿਤ ਜਾਤੀਆਂ ਲਈ ਬਹੁਜਨ ਨਾਮ ਦਿਤਾ। 20 ਸਤੰਬਰ 1873 ਨੂੰ ਮਹਾਤਮਾ ਫੂਲੇ ਨੇ ਚਤੁਰਵਰਣ ਤੇ ਬ੍ਰਾਹਮਣਵਾਦੀ ਸਤਾ ਵਿਰੁੱਧ ਵਿਦਰੋਹ ਕਰਦਿਆਂ "ਸਤਿਆ ਸੋਧਕ ਸਮਾਜ" ਦੀ ਸਥਾਪਨਾ ਕਰ ਦਿੱਤੀ। ਇਸ ਸੰਗਠਨ ਦਾ ਮੁੱਖ ਉਦੇਸ਼ ਸ਼ੂਦਰਾਂ ਤੇ ਅਤਿ ਸ਼ੂਦਰਾਂ ਨੂੰ ਬ੍ਰਾਹਮਣਾਂ ਦੇ ਸ਼ੋਸ਼ਣ ਤੋਂ ਮੁਕਤੀ ਦਿਵਾਉਣਾ ਸੀ।

ਉਹਨਾਂ ਨੇ ਮੂਰਤੀ ਪੂਜਾ ਦਾ ਖੰਡਨ, ਧਾਰਮਕ ਪਾਖੰਡਾਂ ਦਾ ਵਿਰੋਧ, ਫਜ਼ੂਲ ਧਾਰਮਕ ਸਮਾਗਮਾਂ ਤੇ ਪਾਬੰਦੀਆਂ ਅਤੇ ਬ੍ਰਾਹਮਣਾਂ ਦੀ ਵਿਚੋਲਗੀਰੀ ਦਾ ਪਰਦਾਫਾਸ਼ ਕੀਤਾ। ਉਹਨਾਂ ਨੇ ਪੰਡਤਾਂ ਤੋਂ ਬਿਨਾਂ ਵਿਆਹ ਸ਼ਾਦੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।


ਮਹਾਤਮਾ ਫੂਲੇ ਦੇ ਸ਼ੋਸ਼ਣਵਾਦੀ ਸੰਸਕ੍ਰਿਤੀ ਵਿਰੁੱਧ ਚੁਤਰਫਾ ਵਿਦਰੋਹ ਸਦਕਾ ਉਹਨਾਂ ਨੂੰ "ਭਾਰਤ ਦੀ ਸਮਾਜਕ ਕ੍ਰਾਂਤੀ ਦੇ ਪਿਤਾਮਾ" ਵਜੋਂ ਜਾਣਿਆਂ ਜਾਂਦਾ ਹੈ। ਉਹਨਾਂ ਵਲੋਂ ਸਮਾਜ ਸੁਧਾਰ ਲਈ ਕੀਤੇ ਮਹਾਨ ਕਾਰਜਾਂ ਲਈ "ਮਹਾਤਮਾ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਅਮਰੀਕਾ ਦੀ ਮਾਨਵੀ ਸੋਚ ਵਾਲੀ ਵਿਦਵਾਨ ਔਰਤ ਸ਼੍ਰੀਮਤੀ ਗੈਲ ਓਮਵੇਟ (Mrs. GAIL OMVEDT) ਵਲੋਂ ਉਹਨਾਂ ਦੇ ਸੰਘਰਸ਼ਮਈ ਜੀਵਨ ਤੇ ਸ਼ੋਧ ਗ੍ਰੰਥ (theiss) " ਬਸਤੀਵਾਦੀ ਸਮਾਜ ਵਿਚ ਸੰਸਕ੍ਰਿਤਕ ਵਿਦਰੋਹ: ਭਾਰਤ ਵਿਚ ਗੈਰ ਬ੍ਰਾਹਮਣ ਲਹਿਰ 1873 ਤੋਂ 1930" ("Cultural revolti n coloinal soicety: the non brahman movementi n Western Inida 1873 to1930") ਲਿਖਕੇ ਪੀ ਐਚ ਡੀ ਕੀਤੀ ਗਈ। ਜਿਸ ਸਦਕਾ ਮਹਾਤਮਾ ਫੂਲੇ ਦੁਆਰਾ ਸਮਾਜ ਸੁਧਾਰ ਹਿਤ ਕੀਤੇ ਗਏ ਕਾਰਜ ਲੋਕਾਂ ਵਿਚ ਉਜਾਗਰ ਹੋ ਸਕੇ। ਇਸ ਤੋਂ ਇਲਾਵਾ ਇਕ ਜਰਮਨ ਔਰਤ ਤੇ ਦੂਜੀ ਬ੍ਰਿਟਿਸ਼ ਔਰਤ ਨੇ ਪੂਨਾ 'ਚ ਰਹਿਕੇ ਉਹਨਾਂ ਦੇ ਸਮਾਜ ਸੁਧਾਰ ਲਈ ਕੀਤੇ ਗਏ ਕੰਮਾਂ ਤੇ ਪੀ. ਐਚ. ਡੀ. ਕੀਤੀ ਹੈ।ਜਦੋਂ ਕਿ ਭਾਰਤੀ ਵਿਦਵਾਨਾਂ ਨੇ ਮਹਾਤਮਾ ਫੂਲੇ ਦੁਆਰਾ ਕੀਤੇ ਗਏ ਕੰਮਾਂ ਨੂੰ ਅਖੋਂ ਪਰੋਖੇ ਕੀਤਾ ਹੈ।

ਉਹਨਾਂ ਦੁਆਰਾ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਲਈ ਕੀਤੇ ਗਏ ਸਾਰਥਕ ਯਤਨ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹ ਰੁਸ਼ਨਾਉਂਦੇ ਰਹਿਣਗੇ।

---

## ਜੰਨਤ ਦਾ ਸੰਗੀਤ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਰਾਜਵੀਰ ਕੌਰ ਅਕਲੀਆ**
**ਪ੍ਰਕਾਸ਼ਕ: ਪ੍ਰੀਤ ਪਬਲੀਕੇਸ਼ਨ ਨਾਭਾ,**
**ਪੰਨੇ: 40, ਮੁੱਲ: 80/-**




ਰਾਜਵੀਰ ਕੌਰ ਅਕਲੀਆ ਬਚਪਨ ਤੋਂ ਹੀ ਲਿਖਦੀ ਅਤੇ ਚਿੱਤਰਕਾਰੀ ਕਰ ਰਹੀ ਹੈ। ਉਸ ਅੰਦਰ ਕਲਾ ਦਾ ਭੰਡਾਰ ਹੈ। ਜਿਸ ਸਦਕਾ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਅਤੇ ਤਾਰੇ ਭਲਕ ਦੇ ਪੁਰਸਕਾਰ ਪ੍ਰਾਪਤ ਕਰ ਚੁੱਕੀ ਹੈ। ਪੰਜਾਬੀ ਅਤੇ ਹਿੰਦੀ ਵਿਚ ਦੋ-ਦੋ ਪੁਸਕਤਾਂ ਦੀ ਸਿਰਜਣਾ ਅਤੇ ਸੰਪਾਦਨ ਕਾਰਜ ਦੇ ਨਾਲ-ਨਾਲ ਚਿੱਤਰਕਾਰੀ ਨਾਲ ਵੀ ਕੁੱਝ ਪੁਸਤਕਾਂ ਨੂੰ ਸ਼ਿੰਗਾਰ ਚੁੱਕੀ ਹੈ। ਉਸਦੀ ਪਹਿਲੀ ਪੁਸਤਕ 'ਬਣ ਜਾਵਾਂ ਮੈਂ ਤਾਰਾ' ਬਾਲ ਕਵਿਤਾਵਾਂ ਦੀ ਸੀ। ਹੱਥਲੀ ਪੁਸਤਕ ਜੋ ਇਕ ਨਾਵਲਿਟ ਹੈ ਦੀ ਸਿਰਜਣਾ ਧਾਰਮਿਕ ਦ੍ਰਿਸ਼ਟੀ ਨਾਲ ਕੀਤੀ ਗਈ ਹੈ। 'ਜੰਨਤ ਦਾ ਸੰਗੀਤ' ਵਿਚ ਉਸਨੇ ਪਰਮ ਪਿਤਾ ਪਰਮੇਸ਼ਰ ਦੀ ਹੋਂਦ ਅਤੇ ਉਸਦੀਆਂ ਰਹਿਮਤਾਂ ਬਾਰੇ ਚਾਨਣਾ ਪਾਇਆ ਹੈ। ਨਾਵਲਿਟ ਦਾ ਮੁੱਖ ਪਾਤਰ ਜੰਨਤ ਇਕ ਬਾਲ ਸੰਗੀਤਕਾਰ ਹੈ ਪਰ ਉਸਦੇ ਸੰਗੀਤ ਨੂੰ ਲੋਕ ਪਸੰਦ ਨਹੀਂ ਕਰਦੇ ਜਦਕਿ ਪ੍ਰਮਾਤਮਾ ਉਸਨੂੰ ਬਹੁਤ ਪਿਆਰ ਕਰਦਾ ਹੈ। ਉਹ ਉਸਦੀ ਕਲਾ ਤੇ ਰਹਿਮਤਾਂ ਦੀ ਵਰਖਾ ਕਰਦਾ ਹੈ। ਉਹ ਆਪਣੇ ਇਕ ਦੂਤ ਰਾਹੀਂ ਉਸਦੀਆਂ ਖਾਹਿਸ਼ਾਂ ਦੀ ਪੂਰਤੀ ਕਰਨੀ ਚਾਹੁੰਦਾ ਹੈ। ਪਰ ਜੰਨਤ ਉਸ ਪਾਸੋਂ ਆਪਣੇ ਵਾਸਤੇ ਕੁੱਝ ਵੀ ਨਹੀਂ ਮੰਗਦਾ ਸਗੋਂ ਲੋਕਾਂ ਦੀਆਂ ਗਲਤੀਆਂ ਦੀ ਸਜ਼ਾ ਮੁਆਫ਼ ਕਰਨ ਦੀ ਮੰਗ ਕਰਦਾ ਹੈ। ਦੂਤ ਇਸ ਗੱਲ ਤੇ ਖੁਸ਼ ਅਤੇ ਹੈਰਾਨ ਵੀ ਹੁੰਦਾ ਹੈ। ਜੰਨਤ ਦਾ ਕਹਿਣਾ ਹੈ ਕਿ ਜੇਕਰ ਮੈਂ ਪ੍ਰਭੂ ਨੂੰ ਯਾਦ ਰੱਖਿਆ ਹੈ ਤਾਂ ਉਹਨਾਂ ਦੀ ਉਦਾਸੀਨਤਾ ਕਾਰਨ ਹੀ ਰੱਖਿਆ ਹੈ। ਕੁੱਝ ਸਮੇਂ ਬਾਅਦ ਉਹ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਆਪਣੇ ਸੰਗੀਤ ਵਿਚੋਂ ਪ੍ਰਮਾਤਮਾ ਨੂੰ ਮਨਫੀ ਕਰਕੇ ਦੁਨੀਆਂ ਦੀ ਮਹਿਮਾ ਗਾਉਣ ਲੱਗ ਪੈਂਦਾ ਹੈ। ਇਹ ਸਭ ਕੁੱਝ ਦੇਖ ਪ੍ਰਮਾਤਮਾ ਦੁਖੀ ਹੁੰਦਾ ਹੈ। ਦੂਤ ਉਸਨੂੰ ਇਸ ਸਭ ਕਾਸੇ ਬਾਰੇ ਸੁਚੇਤ ਕਰਦਾ ਹੈ ਅਤੇ ਉਸਦੇ ਮਿੱਤਰ ਉਸਦਾ ਸਾਥ ਛੱਡ ਚਲੇ ਜਾਂਦੇ ਹਨ। ਫਿਰ ਉਸਨੂੰ ਮਾਲਕ ਦੀ ਯਾਦ ਆਉਂਦੀ ਹੈ। ਹੁਣ ਉਹ ਇਸ ਠੋਕਰ ਨਾਲ ਸਭ ਕੁੱਝ ਭੁੱਲ ਭੁਲਾ ਮਾਲਕ ਦੀ ਮਹਿਮਾ ਦੇ ਸੰਗੀਤ ਵਿਚ ਜੁਟ ਜਾਂਦਾ ਹੈ। ਦੂਤ ਪ੍ਰਮਾਤਮਾ ਵਲੋਂ ਬਖਸ਼ਿਆ ਤੋਹਫਾ ਪਵਿਤਰ ਬਾਈਬਲ ਉਸਨੂੰ ਭੇਟ ਕਰਦਾ ਹੈ। ਉਸਨੂੰ ਇਸ ਧਰਤੀ ਅਤੇ ਸ਼੍ਰਿਸ਼ਟੀ ਦੇ ਦਰਸ਼ਨ ਕਰਵਾਕੇ ਮੰਤਰ ਮੁਗਧ ਕਰਦਾ ਹੈ। ਉਹ ਮਾਲਕ ਦੀ ਸਾਜ਼ੀ ਸ਼੍ਰਿਸ਼ਟੀ ਨੂੰ ਦੇਖ ਪ੍ਰਸੰਨ ਹੁੰਦਾ ਹੈ। ਪੁਸਤਕ ਦਾ ਅਸਲ ਮਨੋਰਥ ਪਵਿੱਤਰ ਬਾਈਬਲ ਦੇ ਉਪਦੇਸ਼ ਨੂੰ ਜਨ-ਜਨ ਤਕ ਪਹੁੰਚਾਉਣਾ ਹੈ। ਪ੍ਰਭੂ ਯਿਸ਼ੂ ਦੀ ਜੀਵਨ ਗਾਥਾ ਦਾ ਗਿਆਨ ਵੀ ਇਸ ਪੁਸਤਕ ਵਿਚੋਂ ਮਿਲਦਾ ਹੈ। ਇਸ ਧਰਤੀ ਤੇ ਜੀਵਨ ਨੂੰ ਸਹੀ ਢੰਗ ਅਤੇ ਸੱਚੀ ਸੁੱਚੀ ਕਿਰਤ ਦਾ ਉਪਦੇਸ਼ ਦਿੱਤਾ ਗਿਆ ਹੈ। ਬੱਚਿਆਂ ਨੂੰ ਇਸ ਪੁਸਤਕ ਰਾਹੀਂ ਖਾਸ ਪ੍ਰੇਰਨਾ ਮਿਲਦੀ ਹੈ ਕਿ ਉਹ ਆਪਣਾ ਪਿਆਰ ਸਰਬੱਤ ਸੰਸਾਰ ਨਾਲ ਪਾਉਣ ਦੀ ਬਜਾਏ ਉਸ ਇਕ ਨਾਲ ਪਾਉਣ ਅਤੇ ਇਸ ਕਾਇਨਾਤ ਦਾ ਆਨੰਦ ਮਾਨਣ। ਰਾਜਵੀਰ ਕੌਰ ਅਕਲੀਆ ਦੇ ਇਸ ਯਤਨ ਦੀ ਸ਼ਲਾਘਾ ਕਰਦੇ ਹੋਏ ਉਸਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

## ਕੁਦਰਤ ਦੇ ਸੰਗ ਸੰਗ ਅਤੇ ਬੱਚੇ ਮਨ ਦੇ ਸੱਚੇ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਕੈਲਾਸ਼ ਠਾਕੁਰ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਪੰਨੇ: 36,32 ਮੁੱਲ:125/-**




ਕੈਲਾਸ਼ ਠਾਕਰ ਨੇ ਬਾਲ ਸਾਹਿਤ ਦੇ ਖੇਤਰ ਵਿਚ ਅਜ ਤਕ ਅੱਧੀ ਦਰਜਨ ਪੁਸਤਕਾਂ ਦਾ ਯੋਗਦਾਨ ਪਾਇਆ ਹੈ। ਉਹ ਬਾਲ ਰੌਚਕ ਕਵਿਤਾਵਾਂ ਅਤੇ ਕਹਾਣੀਆਂ ਦੀ ਸਿਰਜਣਾ ਨਾਲ ਬਾਲ ਮਨਾਂ ਨੂੰ ਤ੍ਰਿਪਤ ਕਰ ਰਹੇ ਹਨ। ਉਹਨਾਂ ਦਾ ਇਕ ਕਹਾਣੀ ਸੰਗ੍ਰਹਿ 'ਭੂਤ ਭਾਗ ਗਯਾ' ਹਿੰਦੀ ਵਿਚ ਵੀ ਛਪ ਚੁੱਕਾ ਹੈ। ਇਕ ਸਫ਼ਲ ਅਧਿਆਪਕਾ ਰਹੀ ਹੋਣ ਕਰਕੇ ਬਾਲ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਣ ਵਿਚ ਸਫ਼ਓਮਪ;ਲ ਰਹਿੰਦੀ ਹੈ।ਹੁਣ ਉਸਦੀਆਂ ਦੋ ਪੁਸਤਕਾਂ ਛਪੀਆਂ ਹਨ ਜਿਨ੍ਹਾਂ ਵਿਚ ਇਕ ਕਾਵਿ ਸੰਗ੍ਰਹਿ ਅਤੇ ਦੂਸਰਾ ਕਹਾਣੀ ਸੰਗ੍ਰਹਿ ਹੈ। ਕਾਵਿ ਪੁਸਤਕ ਰੰਗਦਾਰ ਪੰਨਿਆਂ ਵਾਲੀ ਹੈ ਜਿਸ ਨਾਲ ਚਿੱਤਰ ਵੀ ਬੜੇ ਮਨਮੋਹਣੇ ਪ੍ਰਕਾਸ਼ਿਤ ਕੀਤੇ ਗਏ ਹਨ।

ਕੁਦਰਤ ਦੇ ਸੰਗ ਸੰਗ: ਇਹ ਪੁਸਤਕ 16 ਰੌਚਿਕ ਕਵਿਤਾਵਾਂ ਦਾ ਮਨਮੋਹਣਾ ਗੁਲਦਸਤਾ ਹੈ। ਇਹ ਕਵਿਤਾਵਾਂ ਸਾਨੂੰ ਦੇਸੀ ਮਹੀਨਿਆਂ ਦੀ ਜਾਣਕਾਰੀ ਦਿੰਦੀਆਂ ਹੋਈਆਂ ਰੁੱਤਾਂ ਅਤੇ ਤਿਉਹਾਰਾਂ ਨਾਲ ਜੋੜਦੀਆਂ ਹਨ। ਆਰਟ ਪੇਪਰ ਤੇ ਰੁੱਤਾਂ ਨੂੰ ਪੇਸ਼ ਕਰਦੇ ਚਿੱਤਰ ਬਾਲ ਪਾਠਕਾਂ ਲਈ ਜਿਥੇ ਮਨੋਰੰਜਕ ਹਨ ਉਥੇ ਗਿਆਨ ਵਿਚ ਵਾਧਾ ਵੀ ਕਰਨ ਵਾਲੇ ਹਨ। ਮਨੁੱਖ ਦਾ ਕੁਦਰਤ ਨਾਲ ਅਟੁੱਟ ਰਿਸ਼ਤਾ ਹੈ। ਇਸ ਰਿਸ਼ਤੇ ਦੀਆਂ ਤੰਦਾਂ ਨੂੰ ਹੋਰ ਪੀਡਾ ਕਰਨ ਦਾ ਯਤਨ ਇਹਨਾਂ ਕਵਿਤਾਵਾਂ ਵਿਚ ਕੀਤਾ ਗਿਆ ਹੈ। ਹਰ ਮਹੀਨੇ ਆਉਣ ਵਾਲੇ ਤਿਉਹਾਰਾਂ ਬਾਰੇ ਪੜ੍ਹਕੇ ਬੱਚੇ ਪ੍ਰਸੰਨ ਹੁੰਦੇ ਹਨ। ਉਸ ਸਮੇਂ ਦੇ ਮਾਹੌਲ ਨੂੰ ਬਾਖੂਬੀ ਸਿਰਜਿਆ ਗਿਆ ਹੈ। ਕਾਵਿਕਤਾ ਨਾਲ ਭਰਪੂਰ ਇਹਨਾਂ ਕਵਿਤਾਵਾਂ ਨੂੰ ਪਾਠਕ ਬੜੀ ਚਾਹਤ ਨਾਲ ਪੜ੍ਹਦੇ ਹਨ। ਕਵਿਤਰੀ ਲੋਹੜੀ ਦੇ ਅਹਿਮ ਤਿਉਹਾਰ ਦਾ ਜ਼ਿਕਰ ਕਰਨਾ ਪਤਾ ਨਹੀਂ ਕਿਵੇਂ ਭੁੱਲ ਗਈ।

ਬੱਚੇ ਮਨ ਦੇ ਸੱਚੇ: ਦੂਸਰੀ ਪੁਸਤਕ 'ਬੱਚੇ ਮਨ ਦੇ ਸੱਚੇ' ਬਾਲ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਨੌਂ ਕਹਾਣੀਆਂ ਕੰਪਿਊਟਰ ਚਿੱਤਰਾਂ ਸਹਿਤ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਹਨਾਂ ਕਹਾਣੀਆਂ ਰਾਹੀਂ ਬੱਚਿਆਂ ਦੀ ਸੋਚ ਨੂੰ ਉਚੇਰਾ ਕਰਕੇ ਸਮੇਂ ਦਾ ਹਾਣੀ ਬਨਾਉਣ ਦਾ ਯਤਨ ਕੀਤਾ ਗਿਆ ਹੈ। ਜਾਤਾਂ ਪਾਤਾਂ ਦੀਆਂ ਵਲਗਣਾਂ ਚੋਂ ਵੀ ਬਾਹਰ ਕੱਢਣ ਦਾ ਯਤਨ ਕੀਤਾ ਗਿਆ ਹੈ। ਬਾਲ ਪਾਠਕ ਖੁਦ ਹੀ ਕੁਰੀਤੀਆਂ ਦਾ ਤਿਆਗ ਕਰਨ ਲਈ ਤਿਆਰ ਹੋ ਜਾਂਦੇ ਹਨ। ਉਹ ਗਲਤੀ ਤਾਂ ਕਰਦੇ ਹਨ ਪਰ ਕਹਾਣੀ ਦੇ ਅਖੀਰ ਤਕ ਉਸਦੇ ਸੁਧਾਰ ਵਿਚ ਜੁਟ ਜਾਂਦੇ ਹਨ। ਜਿੱਥੇ ਉਹ ਖੁਦ ਚੰਗੇ ਕੰਮ ਕਰਦੇ ਹਨ ਉਥੇ ਆਪਣੇ ਹਾਣੀਆਂ ਨੂੰ ਵੀ ਅਜਿਹੇ ਰਚਨਾਤਮਿਕ ਕਾਰਜਾਂ ਵਿਚ ਜੁਟਣ ਦੀ ਪ੍ਰੇਰਨਾ ਦਿੰਦੇ ਹਨ। ਵਾਤਾਵਰਣ ਦੀ ਸਾਂਭ ਸੰਭਾਲ ਲਈ ਬੂਟਿਆਂ ਦੇ ਤੋਹਫੇ ਦਿੱਤੇ ਜਾਂਦੇ ਹਨ। ਭੁੱਲ ਅਤੇ ਗਲਤੀ ਦੇ ਅੰਤਰ ਨੂੰ ਸਪੱਸ਼ਟ ਕੀਤਾ ਗਿਆ ਹੈ। ਬਾਲ ਪਾਤਰਾਂ ਦੀ ਵਾਰਤਾਲਾਪ ਬੜੀ ਰੌਚਕ ਅਤੇ ਨਾਟਕੀ ਹੈ। ਇਹਨਾਂ ਕਹਾਣੀਆਂ ਦਾ ਨਾਟਕੀ ਰੁਪਾਂਤਰਨ ਬੜਾ ਸੁਖਾਲਾ ਕੀਤਾ ਜਾ ਸਕਦਾ ਹੈ। ਸਰਲਤਾ, ਸਹਿਜਤਾ, ਸਪੱਸ਼ਟਤਾ ਅਤੇ ਵਿਗਿਆਨਕ ਨਜ਼ਰੀਆ ਕਮਾਲ ਦੀ ਤਕਨੀਕ ਨਾਲ ਪੇਸ਼ ਕੀਤਾ ਗਿਆ ਹੈ।

# ਗੁਰੂ ਤੇਗ ਬਹਾਦਰ ਸਾਹਿਬ ਜੀ



ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰ ਧਰੀਜੈ।। ਸਿਰ ਦੀਜੈ ਕਾਣਿ ਨ ਕੀਜੈ।।
ਅੰਗ-1412

ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਵੇ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜ਼ੀ ਲਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਕੁਰਬਾਨੀਆਂ ਦਰਜ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿ- ਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਤਿਆਗ, ਸੇਵਾ, ਤਪ, ਸੰਜਮ ਅਤੇ ਬਹਾਦਰੀ ਦੀਆਂ ਅਨੇਕ ਮਿਸਾਲਾਂ ਮਿਲ ਸਕਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਸੰਦਰਭ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਫੌਜੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਉਣ ਵਾਲੇ ਟਕਰਾਅ ਲਈ ਕੌਮ ਨੂੰ ਤਿਆਰ ਕਰਨ ਲਈ ਆਪਣੀ ਅਦੁੱਤੀ ਸ਼ਹਾਦਤ ਦੀ ਮਿਸਾਲ ਪੈਦਾ ਕੀਤੀ। ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਕੁਰਬਾਨੀਆਂ ਦਾ ਚਾਅ ਅਤੇ ਜੋਸ਼ ਭਰਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿੱਡਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਵਿਚ ਘੋੜ ਸਵਾਰੀ ਦੇ ਨਿਪੁੰਨ ਸਨ। ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾ ਬੁਕਾਲੇ' ਦਾ ਇਸ਼ਾਰਾ ਦਿੱਤਾ। ਇਸਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਆਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰ- ਗਜੇਬ ਨੇ ਗੈਰ-ਮੁਸਲਮਾਨਾਂ 'ਤੇ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜ਼ੇਬ ਤੇ ਸਤਾਏ ਹੋਏ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਹੇਠ ਆਏ ਤੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ ਕਿ 'ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ।' ਔਰੰਗਜੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ।

ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਤੇ ਲਾਲਚ ਦਿੱਤੇ ਗਏ। ਫਿਰ ਡਰਾਵੇ ਅਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤੀ। ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸਚੇ ਨੂੰ ਡੇਗ ਨਹੀਂ ਸਕਿਆ।

ਅੰਤ 24 ਨਵੰਬਰ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸਸ਼ੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ-ਥਾਂ ਲਟਕਾ ਦਿੱਤਾ ਜਾਵੇ। ਔਰੰ- ਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਹ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਹੈ। ਲੋਕਾਂ ਵਿਚ ਇਹ ਜ਼ੁਲਮ ਵੇਖ ਕੇ ਭਗਦੜ ਮੱਚ ਗਈ। ਇਸੇ ਵਿਚ ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਰੰਗਰੇਟਾ ਜਗਜੀਵਨ ਸਿੰਘ) ਨੇ ਗੁਰੂ ਜੀ ਦੇ ਸੀਸ ਨੂੰ ਬੜੀ ਸ਼ਰਧਾ ਭਾਵਨਾ ਨਾਲ ਸਾਂਭ ਕੇ ਆਨੰਦਪੁਰ ਪਹੁੰਚ- ਾਇਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ਼ ਨਾਲ ਲਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰ ਅਤੇ ਭਾਈ ਉਦੈ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਜਲਾ ਕੇ ਕੀਤਾ ਤਾਂ ਜੋ ਸਰਕਾਰ ਨੂੰ ਖਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬਗੰਜ ਦਿੱਲੀ ਸੁਸ਼ੋਭਿਤ ਹੈ। ਮਾਰਚ 29, 1679 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦ ਦਸਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁ- ਆਰਾ 1706 ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਦਰਜ ਕੀਤੀ ਗਈ। ਉਹਨਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ 59 ਪਦੇ (15 ਰਾਗਾਂ ਵਿਚ) ਅਤੇ 57 ਸਲੋਕ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵੱਸਦਾ ਹੈ।

ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ- ਹੇ ਭਾਈ! ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪ੍ਰਮਾਤਮਾ ਸਭ ਵਿਚ ਵੱਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। -ਅੰਗ 684

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ।। ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।।

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਹੇ ਨਾਨਕ! ਆਖ- ਹੇ ਮਨ! ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ। ਸੁੱਖ ਭੀ ਤਦੇ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਅੰਗ- 1428

ਮਨੁ ਆਇਆ ਮੈਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ।। ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉ ਨੇ ਨਾਮੁ।।

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭੂ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ! ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਦਾ ਹੈ। ਅੰਗ 1427-28

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ।। ਕਰਿ ਪਰਪੰਚੁ ਜਗਤ ਕਉ ਡਹਕੇ ਅਪਨੋ ਉਦਰੁ ਭਰੇ।
ਅੰਗ 536

ਹੇ ਭਾਈ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ।

## ਜੋਤੀ ਜੋਤਿ ਦਿਵਸ-ਗੁਰੂ ਗੋਬਿੰਦ ਸਿੰਘ ਜੀ

# ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ?



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ; ਪਰ ਗੁਰੂ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖਾਂ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਆਪਣੇ ਖਿੱਤੇ ਵਿੱਚ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, ਸਾਲ ਦੀ ਲੰਬਾਈ 365।2587 ਦਿਨ) ਮੁਤਾਬਕ ਗੁਰੂ ਗੋਬਿੰਦ ਸਿੰਘ ਜੀ 7 ਕੱਤਕ, ਕੱਤਕ ਸੁਦੀ 5 ਸੰਮਤ 1765 ਬਿਕ੍ਰਮੀ, ਦਿਨ ਵੀਰਵਾਰ ਨੂੰ ਜੋਤੀ ਜੋਤਿ ਸਮਾਏ ਸਨ। ਅੰਗਰੇਜਾਂ ਦੇ ਆਉਣ ਤੋਂ ਪਿਛੋਂ ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ ਤਾਰੀਖ 7 ਅਕਤੂਬਰ 1708 ਈ: (ਜੂਲੀਅਨ) ਲਿਖੀ ਗਈ।

"ਅਗਲੇ ਦਿਨ ਕੱਤਕ ਸੁਦੀ ੫ (੭ ਕੱਤਕ) ਸੰਮਤ ੧੭੬੫ ਮੁਤਾਬਕ ੭ ਅਕਤੂਬਰ ਸੰਨ ੧੭੦੮ ਨੂੰ ਆਪ ਜੀ ਜੋਤੀ ਜੋਤਿ ਸਮਾ ਗਏ"। (ਪ੍ਰੋ ਕਰਤਾਰ ਸਿੰਘ। ਸਿੱਖ ਇਤਿਹਾਸ ਭਾਗ ੧, ਪੰਨਾ ੪੫੬, ਪ੍ਰਕਾਸ਼ਕ, ਸਕੱਤਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ 10 ਸਾਲਾਂ ਦੇ ਛਾਪੇ ਗਏ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੇ ਨਾਮ ਨਾਲ ਜਾਣੇ ਜਾਂਦੇ 'ਧੁਮੱਕੜਸ਼ਾਹੀ ਕੈਲੰਡਰ' ਦੀ ਜਦੋਂ ਪੜਤਾਲ ਕੀਤੀ ਤਾਂ ਬੜੀ ਹੈਰਾਨੀ ਜਨਕ ਜਾਣਕਾਰੀ ਸਾਹਮਣੇ ਆਈ ਹੈ। ਨੱਥੀ ਕੀਤੀ ਫ਼ੋਟੋ ਨੂੰ ਧਿਆਨ ਨਾਲ ਵੇਖੋ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਇਹ 9 ਕੱਤਕ (25 ਅਕਤੂਬਰ) ਤੋਂ 5 ਮੱਘਰ (19 ਨਵੰਬਰ) ਦੇ ਦਰਮਿਆਨ ਘੁੰਮ ਰਿਹਾ ਹੈ। ਜਦੋਂ ਕਿ ਸਾਰੇ ਪੁਰਾਤਨ ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਹਾੜਾ 7 ਕੱਤਕ, ਸੰਮਤ 1765 ਬਿਕ੍ਰਮੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ 10 ਸਾਲਾਂ ਦੇ ਛਾਪੇ ਗਏ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੇ ਨਾਮ ਨਾਲ ਜਾਣੇ ਜਾਂਦੇ 'ਧੁਮੱਕੜਸ਼ਾਹੀ ਕੈਲੰਡਰ' ਦੀ ਜਦੋਂ ਪੜਤਾਲ ਕੀਤੀ ਤਾਂ ਬੜੀ ਹੈਰਾਨੀ ਜਨਕ ਜਾਣਕਾਰੀ ਸਾਹਮਣੇ ਆਈ ਹੈ। ਨੱਥੀ ਕੀਤੀ ਫ਼ੋਟੋ ਨੂੰ ਧਿਆਨ ਨਾਲ ਵੇਖੋ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮ- ਾਉਣ ਦੇ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਇਹ 9 ਕੱਤਕ (25 ਅਕਤੂਬਰ) ਤੋਂ 5 ਮੱਘਰ (19 ਨਵੰਬਰ) ਦੇ ਦਰਮਿਆਨ ਘੁੰਮ ਰਿਹਾ ਹੈ। ਜਦੋਂ ਕਿ ਸਾਰੇ ਪੁਰਾਤਨ ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਹਾੜਾ 7 ਕੱਤਕ, ਸੰਮਤ 1765 ਬਿਕ੍ਰਮੀ ਹੈ।

| ਸੰਮਤ / ਸਾਲ | ਧੁਮੱਕੜਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| ਨਾਨਕਸ਼ਾਹੀ / ਈ: | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 546 (2014 ਈ:) | 12 ਕੱਤਕ | 28 ਅਕਤੂਬਰ | 7 ਕੱਤਕ | 21 ਅਕਤੂਬਰ |
| 547 (2015 ਈ:) | 1 ਮੱਘਰ | 16 ਨਵੰਬਰ | 7 ਕੱਤਕ | 21 ਅਕਤੂਬਰ |
| 548 (2016 ਈ:) | 21 ਕੱਤਕ | 5 ਨਵੰਬਰ | 7 ਕੱਤਕ | 21 ਅਕਤੂਬਰ |
| 549 (2017 ਈ:) | 9 ਕੱਤਕ | 25 ਅਕਤੂਬਰ | 7 ਕੱਤਕ | 21 ਅਕਤੂਬਰ |
| 550 (2018 ਈ:) | 27 ਕੱਤਕ | 12 ਨਵੰਬਰ | 7 ਕੱਤਕ | 21 ਅਕਤੂਬਰ |
| 551 (2019 ਈ:) | 16 ਕੱਤਕ | 1 ਨਵੰਬਰ | 7 ਕੱਤਕ | 21 ਅਕਤੂਬਰ |
| 552 (2020 ਈ:) | 5 ਮੱਘਰ | 19 ਨਵੰਬਰ | 7 ਕੱਤਕ | 21 ਅਕਤੂਬਰ |
| 553 (2021 ਈ:) | 24 ਕੱਤਕ | 9 ਨਵੰਬਰ | 7 ਕੱਤਕ | 21 ਅਕਤੂਬਰ |
| 554 (2022 ਈ:) | 13 ਕੱਤਕ | 29 ਅਕਤੂਬਰ | 7 ਕੱਤਕ | 21 ਅਕਤੂਬਰ |
| 555 (2023 ਈ:) | 3 ਮੱਘਰ | 18 ਨਵੰਬਰ | 7 ਕੱਤਕ | 21 ਅਕਤੂਬਰ |
| 556 (2024 ਈ:) | 21 ਕੱਤਕ | 6 ਨਵੰਬਰ | 7 ਕੱਤਕ | 21 ਅਕਤੂਬਰ |

ਸ਼੍ਰੋਮਣੀ ਕਮੇਟੀ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਛਾਪਦੀ ਹੈ। ਜਿਸ ਦੇ ਸਾਲ ਦੀ ਲੰਬਾਈ 365।2563 ਦਿਨ ਹੈ। ਯਾਦ ਰਹੇ ਗੁਰੂ ਕਾਲ ਵਾਲੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, ਸਾਲ ਦੀ ਲੰਬਾਈ 365।2587 ਦਿਨ) ਵਿੱਚ ਨਵੰਬਰ 1964 ਈ: ਹਿੰਦੂ ਵਿਦਵਾਨਾਂ ਨੇ ਸੋਧ ਕਰਕੇ ਸਾਲ ਦੀ ਲੰਬਾਈ ਲੱਗ-ਭੱਗ ਚਾਰ ਮਿੰਟ ਘਟ ਕਰ ਦਿੱਤੀ ਸੀ। ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਅੱਖਾਂ ਬੰਦ ਕਰਕੇ ਪ੍ਰਵਾਨ ਕਰ ਲਿਆ ਸੀ।ਸੂਰਜੀ ਕੈਲੰਡਰ ਵਿੱਚ ਹਰ ਸਾਲ, ਹਰ ਦਿਹਾੜਾ ਮੁੜ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇਂ ਇਸ ਕੈਲੰਡਰ ਵਿੱਚ ਵੈਸਾਖੀ ਹਰ ਸਾਲ 1 ਵੈਸਾਖ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਦਾ ਹੀ ਦਰਜ ਹੁੰਦਾ ਹੈ। ਤਾਂ ਸਵਾਲ ਪੈਦਾ ਹੁੰਦਾ ਹੈ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਕਿਉ ਜਾਂਦਾ ਹੈ? ਹਰ ਸਾਲ ਇਹ ਦਿਹਾੜਾ 7 ਕੱਤਕ ਨੂੰ ਮਨਾਉਣ ਨਾਲ ਗੁਰਮਤਿ ਜਾਂ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?ਸ਼੍ਰੋਮਣੀ ਕਮੇਟੀ ਇਹ ਦਿਹਾੜਾ ਹਰ ਸਾਲ ਅਸਲ ਪ੍ਰਵਿਸ਼ਟੇ, 7 ਕੱਤਕ ਨੂੰ ਕਿਉ ਨਹੀਂ ਦਰਜ ਕਰਦੀ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ, ਇਤਿਹਾਸ ਨੂੰ ਵਿਗਾੜਨ ਦੀ ਇਹ ਬੜੀ ਉਘੜਵੀਂ ਮਿਸਾਲ ਹੈ। ਖਾਲਸਾ ਜੀ, ਜਾਗੋ!

# ਪੰਜਾਬੀ ਸਾਹਿਤ ਦੇ ਗੁਲਦਸਤੇ ਦਾ ਕਹਾਣੀਕਾਰ ਫੁੱਲ-ਬਾਬੂ ਸਿੰਘ ਰੈਹਲ



ਇੰਜੀ. ਸਤਨਾਮ ਸਿੰਘ ਮੱਟੂ
91-97797-08257

(ਜਿਨਿ ਨਾਮੁ ਲਿਖਾਇਆ ਸੱਚੁ)

ਪੰਜਾਬੀ ਸੱਭਿਆਚਾਰ ਅਤੇ ਸਾਹਿਤ ਬਹੁਮੁੱਲਾ, ਵਿਲੱਖਣਤਾ ਭਰਪੂਰ ਅਤੇ ਅਮੀਰ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਅਲੰਬਰਦਾਰ ਬਣਾਉਣ ਅਤੇ ਪ੍ਰਫੁੱਲਤ ਕਰਨ ਚ ਬਹੁਤ ਸਾਰੇ ਲੇਖਕ, ਕਲਾਕਾਰ ਕਵੀ, ਕਹਾਣੀਕਾਰ ਆਪਣੀਆਂ ਰਚਨਾਵਾਂ ਨਾਲ ਵਡਮੁੱਲਾ ਯੋਗਦਾਨ ਪਾਉਣ ਲਈ ਯਤਨਸ਼ੀਲ ਹਨ। ਪਟਿਆਲਾ ਸ਼ਹਿਰ ਨੂੰ ਇਹ ਮਾਣ ਪ੍ਰਾਪਤ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪਟਿਆਲਾ, ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਡਾ. ਦਰਸ਼ਨ ਸਿੰਘ ਆਸ਼ਟ, ਡਾ. ਰਾਜਵੰਤ ਕੌਰ ਪੰਜਾਬੀ, ਡਾ. ਅਰਵਿੰਦਰ ਕੌਰ ਕਾਕੜਾ, ਪ੍ਰਿੰਸੀਪਲ ਮੋਹਨ ਸਿੰਘ ਪ੍ਰੇਮ, ਪ੍ਰੋ. ਸ. ਸੋਜ,ਅਵਲ ਸਰਹੱਦੀ, ਜਗਦੀਸ਼ ਅਰਮਾਨੀ, ਬੀਨੂ ਢਿਲੋਂ, ਰਣਬੀਰ ਰਾਣਾ, ਪੰਮੀ ਬਾਈ, ਸੰਗੀਤਕਾਰ ਤੋਚੀ ਬਾਈ, ਸਤਵਿੰਦਰ ਬਿੱਟੀ, ਨਵਦੀਪ ਸਿੰਘ ਮੁੰਡੀ, ਡਾ. ਗੁਰਨੈਬ ਸਿੰਘ, ਡਾ।ਇੰਦਰਪਾਲ ਕੌਰ, ਗੁਰਬਚਨ ਸਿੰਘ ਪੱਬਾਰਾਲੀ, ਡਾ. ਹਰਪ੍ਰੀਤ ਸਿੰਘ ਰਾਣਾ, ਸੰਗੀਤਕਾਰ ਹਰਜੀਤ ਗੁੱਡੂ, ਗੀਤਕਾਰ ਗਿੱਲ ਸੁਰਜੀਤ, ਅੰਮ੍ਰਿਤ ਪਾਲ ਸਿੰਘ ਸ਼ੈਦਾ, ਦਵਿੰਦਰ ਪਟਿਆਲਵੀ, ਸਤਨਾਮ ਚੌਹਾਨ, ਸ਼ਾਇਰਾ ਰਣਜੀਤ ਕੌਰ ਸਵੀ ਵਰਗੀਆਂ ਮਹਾਨ ਸਾਹਿਤਕ ਹਸਤੀਆਂ ਪੈਦਾ ਕੀਤੀਆਂ ਹਨ ਅਤੇ ਉਹਨਾਂ ਨੇ ਸਾਹਿਤਕ ਖੇਤਰ ਚ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ ਅਤੇ ਪੰਜਾਬੀ ਸਾਹਿਤ ਦੀ ਝੋਲੀ ਆਪਣੀਆਂ ਸਾਰਥਕ ਰਚਨਾਵਾਂ ਪਾਕੇ ਪੰਜਾਬੀ ਮਾਂ ਬੋਲੀ ਦੇ ਸਪੂਤ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਅਜਿਹੀਆਂ ਹੀ ਪ੍ਰੌੜ੍ਹ ਅਤੇ ਸਾਹਿਤਕ ਸ਼ਖ਼ਸੀ-ਅਤਾਂ ਚੋਂ ਕਹਾਣੀਕਾਰ ਬਾਬੂ ਸਿੰਘ ਰੈਹਲ ਦਾ ਨਾਮ ਉੱਭਰ ਕੇ ਸਾਹਮਣੇ ਆਉਂਦਾ ਹੈ।

ਇਸ ਸੀਨੀਅਰ ਸਾਹਿਤਕ ਸ਼ਖਸ਼ੀਅਤ ਬਾਬੂ ਸਿੰਘ ਰੈਹਲ ਦਾ ਜਨਮ ਪਿੰਡ ਮੱਲ੍ਹੇਵਾਲ ਨੇੜੇ ਭਾਦਸੋਂ ਜਿਲ੍ਹਾ ਪਟਿਆਲਾ ਚ ਪਿਤਾ ਸ੍ਰ. ਅਰਜਣ ਸਿੰਘ ਅਤੇ ਮਾਤਾ ਸ੍ਰੀਮਤੀ ਦਲੀਪ ਕੌਰ ਦੇ ਘਰ ਹੋਇਆ। ਆਪਣੀ ਜਿੰਦਗੀ ਦੀਆਂ 78 ਕੁ ਹੁਸੀਨ ਬਹਾਰਾਂ ਅਤੇ ਪੱਤਝੜਾਂ ਦਾ ਆਨੰਦ ਮਾਣ ਚੁੱਕੇ ਕਹਾਣੀਕਾਰ ਬਾਬੂ ਸਿੰਘ ਰੈਹਲ ਨੇ ਗਿਆਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਵਿੱਚ ਮਾਸਟਰ ਡਿਗਰੀ ਦੀ ਤਾਲੀਮ ਹਾਸਲ ਕੀਤੀ ਹੋਈ ਹੈ।

ਆਪਣੇ ਇਸ ਸਾਹਿਤਕ ਸ਼ੌੱਕ ਬਾਬਤ ਖੁਲਾਸਾ ਕਰਦਿਆਂ ਉਸਨੇ ਦੱਸਿਆ ਕਿ ਉਹਨਾਂ ਦੇ ਸ਼ਰੀਕੇ ਚੋਂ ਤਾਇਆ ਜੀ ਲੱਗਦੇ ਕਵੀਸ਼ਰ ਗੁਰਦਿਆਲ ਸਿੰਘ ਰੈਹਲ ਦੇ ਕਹਿਣ ਤੇ ਛੇਵੀਂ ਕਲਾਸ ਚ ਪੜ੍ਹਦਿਆਂ ਪਹਿਲੀ ਕਵਿਤਾ

"ਕਈਆਂ ਸਦੀਆਂ ਮਗਰੋਂ ਇਹ ਸਦੀ ਵੀਸਵੀਂ ਆਈ,
ਪਿਆ ਕੂੜ ਪ੍ਰਧਾਨ ਫਿਰੇ, ਥਾਂ ਥਾਂ ਤੇ ਪਈ ਦੁਹਾਈ,
ਉੱਡ ਗਿਆ ਪਿਆਰ ਬਾਜ ਬਣਕੇ
ਰਹਿ ਗਿਆ ਹੁਣ ਡੂੰਘੇ ਤੋਂ ਹੋਛਾ"

ਲਿਖੀ ਸੀ। ਉਸ ਦੇ ਜਿਹਨ 'ਚ ਬਲਦੀ ਸਾਹਿਤ ਦੀ ਅੰਗਿਆਰੀ ਪੜ੍ਹਾਈ ਦੌਰਾਨ ਧੁਖਦੀ ਰਹੀ ਅਤੇ ਵਿਚਾਰਾਂ ਦਾ ਤੂਫਾਨ ਲਾਵਾ ਬਣਕੇ ਫੁੱਟਣ ਲਈ ਇਕੱਠਾ ਹੁੰਦਾ ਰਿਹਾ ਪੀ.ਐਮ.ਟੀ. ਮਹਿਕਮਾ (ਹੁਣ ਟੈਲੀਫੋਨ ਵਿਭਾਗ) 'ਚ ਪਠਾਨਕੋਟ ਵਿਖੇ ਨਿਯੁਕਤੀ ਹੋਣ ਤੇ ਸ਼ਹਿਰ 'ਚ ਹੁੰਦੀਆਂ ਸਾਹਿਤ ਸਭਾਵਾਂ ਚ ਹਾਜ਼ਰੀ ਨਾਲ ਗੀਤਾਂ ਅਤੇ ਕਵਿਤਾਵਾਂ ਜ਼ਰੀਏ ਉਹ ਆਪਣੇ ਜਿਹਨ ਅੰਦਰੋਂ ਉੱਠਦੇ ਵਿਚਾਰਾਂ ਦੇ ਤੂਫਾਨ ਨੂੰ ਕੋਰੇ ਕਾਗਜ ਦੀ ਹਿੱਕ ਤੇ ਝਰੀਟ ਕੇ ਠੰਢਾ ਕਰਦਾ ਰਿਹਾ ਅਤੇ ਸਾਹਿਤ ਸਭਾ ਦੇ ਪ੍ਰੋਗਰਾਮਾਂ 'ਚ ਪ੍ਰਸ਼ੋਤਮ ਲਾਲ ਵਹਿਸ਼ੀ, ਕੁੰਦਨ ਲਾਲ ਸ਼ਾਇਰ, ਕਮਲ ਮੇਰਠੀ, ਕ੍ਰਿਸ਼ਨ ਚੰਦ ਨਾਥ ਸ਼ਾਇਰ, ਕਰਤਾਰ ਸਿੰਘ ਬੁਲੱਗਣ ਵਰਗੇ ਸੂਝਵਾਨ ਅਤੇ ਪ੍ਰੋੜ੍ਹ ਸਾਹਿਤਕਾਰਾਂ ਦੀ ਸੰਗਤ ਨੇ ਵੀ ਉਸਨੂੰ ਬੇਹੱਦ ਉਤਸ਼ਾਹਿਤ ਕੀਤਾ ਅਤੇ ਸਾਹਿਤਕ ਵਿਦਵਾਨਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਪੰਜਾਬੀ ਚ ਛਪਦੇ ਮੈਗਜ਼ੀਨ "ਤਸਵੀਰ" 'ਚ ਜਦੋਂ 1964 ਉਹਨਾਂ ਦਾ ਲਿਖਿਆ ਪਹਿਲਾ ਗੀਤ "ਤੁਰ ਗਈਏਂ ਗੋਰੀਏ ਰੰਨੇ, ਸਾਨੂੰ ਬਿਰਹੋਂ ਦੀ ਅੱਗ ਚ ਜਲਾ ਕੇ" ਛਪਿਆ ਤਾਂ ਬਾਬੂ ਸਿੰਘ ਰੈਹਲ ਦੀ ਲੇਖਣੀ ਚ ਜਿੱਥੇ ਨਿਖਾਰ ਆਉਣਾ ਸ਼ੁਰੂ ਹੋ ਗਿਆ, ਉੱਥੇ ਸਾਹਿਤਕ ਪ੍ਰਵਿਰਤੀ ਹੋਰ ਵੀ ਰੂੜ੍ਹ ਹੋ ਗਈ। ਇੱਥੇ ਉਸਨੇ ਪ੍ਰੋ. ਬਲਜੀਤ ਸਿੰਘ ਨਾਟਕਕਾਰ ਦੇ ਪੰਜਾਬੀ ਕਲਾ



ਮੰਦਰ ਚ ਸਾਹਿਤ ਦੀ ਟ੍ਰੇਨਿੰਗ ਦੌਰਾਨ "ਮਾਂ" ਨਾਟਕ ਚ ਕਾਲਜੀਏਟ ਲੜਕੇ ਦਾ ਪ੍ਰਭਾਵਸ਼ਾਲੀ ਰੋਲ ਕਰਕੇ ਇੱਕ ਚੰਗਾ ਅਦਾਕਾਰ ਹੋਣ ਦਾ ਵੀ ਸਬੂਤ ਦਿੱਤਾ। ਇੱਥੋਂ ਉਸਦਾ ਰੁਝਾਨ ਕਹਾਣੀਆਂ ਵੱਲ੍ਹ ਇਸ ਕਰਕੇ ਮੋੜਾ ਖਾ ਗਿਆ ਕਿ ਕਵਿਤਾ ਵਿੱਚ ਬੰਦਸ਼ਾਂ ਹੋਣ ਕਾਰਣ ਲੇਖਕ ਆਪਣੀਆਂ ਮਾਨਸਿਕ ਭਾਵਨਾਵਾਂ ਨੂੰ ਪੂਰਨ ਤੌਰ ਤੇ ਖੁੱਲ ਕੇ ਵਿਅਕਤ ਨਹੀਂ ਸਕਦਾ। ਸੰਨ 1970 ਵਿਆਂ ਚ ਚੰਡੀਗੜ੍ਹ ਬਦਲੀ ਹੋ ਜਾਣ ਤੇ ਉਸਨੇ ਪੇਂਡੂ ਲੋਕਾਂ ਦੀਆਂ ਡਰਾਊ ਭਾਵਨਾਵਾਂ ਅਤੇ ਕਾਲਪਨਿਕ ਸੋਚਾਂ ਦੀ ਉਪਜ ਆਧਾਰਿਤ ਪਹਿਲੀ ਕਹਾਣੀ "ਛਲੇਡਾ" ਲਿਖੀ, ਜੋ ਉਸ ਦੇ ਸਾਹਿਤਕ ਜੀਵਣ ਚ ਮੀਲ ਪੱਥਰ ਸਾਬਿਤ ਹੋਈ। ਇਸ ਕਹਾਣੀ ਦੇ ਪਾਤਰ ਵੀ ਉਹਨਾਂ ਆਪਣੇ ਪਿੰਡ ਦੇ ਹੀ ਇਸ ਕਿਸਮ ਦੀ ਸੋਚ ਵਾਲੇ ਵਿਆਕਤੀਆਂ ਨੂੰ ਹੀ ਬਣਾਇਆ।ਇਹ ਕਹਾਣੀ ਨੂੰ ਉਸਨੇ ਸੁਫਨੇ ਚ ਰੂਪਮਾਨ ਕੀਤਾ ਸੀ।ਲੁਧਿਆਣਾ ਬਦਲੀ ਦੌਰਾਨ "ਮੂੰਗਾ" ਮੈਗਜ਼ੀਨ ਦੇ ਵਿਸ਼ੇਸ਼ ਅੰਕ "ਕੀ ਜਾਣਾਂ ਮੈਂ ਕੌਣ" ਚ ਉਚੇਰੇ ਕੱਦਾਵਰ ਲੇਖਕਾਂ ਨਾਲ ਆਪਣੇ ਹੀ ਬਾਰੇ ਲਿਖੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕਹਾਣੀ ਵੰਨਗੀ ਨੂੰ ਆਧਾਰ ਬਣਾ ਲਿਖਣਾ ਆਰੰਭ ਲਿਆ।ਬੱਸ ਉਸਨੇ ਫਿਰ ਪਿੱਛੇ ਮੁੜ੍ਹ ਨਹੀਂ ਦੇਖਿਆ ਅਤੇ 1992 'ਚ "ਸੱਜਰੀਆਂ ਪੈੜ੍ਹਾਂ" ਪਹਿਲਾ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਸੀ। ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦਿੱਲੀ ਸਰਕਾਰ ਦੇ ਮੈਗਜ਼ੀਨ" ਪਾਲਿਕਾ ਸਮਾਚਾਰ" ਚ ਛਪੀਆਂ ਸਨ, ਜੋ ਇੱਕ ਸਾਹਿਤਕਾਰ ਲਈ ਕਿਸੇ ਸਨਮਾਨ ਤੋਂ ਘੱਟ ਨਹੀਂ।

ਸੰਨ 2009 'ਚ ਉਸ ਦਾ "ਠਰੀਆਂ ਰਾਤਾਂ" ਅਤੇ 2015 'ਚ "ਹਨੇਰਾ ਪੀਸਦੇ ਲੋਕ", "ਸਾਡਾ ਵਿਰਸਾ: ਸਾਡੇ ਲੋਕ", (ਪੰਜਾਬੀ ਸੱਭਿਆਚਾਰ: ਇੱਕ ਦਸਤਾਵੇਜ਼) 2019 ਅਤੇ "ਨਿੱਘੀਆਂ ਯਾਦਾਂ ਦੇ ਸਿਰਨਾਵੇਂ" (ਭਾਰਤੀ ਯਾਤਰਾਵਾਂ) 2021 ਛਪੇ ਹਨ, ਜਿਨ੍ਹਾਂ ਨੂੰ ਪਾਠਕਾਂ, ਲੇਖਕਾਂ, ਸਾਹਿਤਕਾਰਾਂ ਅਤੇ ਸ਼ੁਭਚਿੰਤਕਾਂ ਵੱਲੋਂ ਬਹੁਤ ਸਰਾਹਿਆ ਗਿਆ ਹੈ। ਬਾਬੂ ਸਿੰਘ ਰੈਹਲ ਦੀ ਵਿਸ਼ੇ ਪ੍ਰਤੀ ਪਕੜ ਬਹੁਤ ਮਜਬੂਤ ਹੈ। ਉਸ ਦਾ ਸੱਭਿਆਚਾਰ ਦੇ ਉਹ ਸ਼ਬਦ ਜੋ ਸਾਡੇ ਅਮੀਰ ਸੱਭਿਆਚਾਰ, ਰੀਤੀ ਰਿਵਾਜਾਂ ਜਾਂ ਬੋਲਚਾਲ 'ਚੋਂ ਮਨਫੀ ਹੋ ਗਏ ਹਨ, ਨੂੰ ਕਿਤਾਬ "ਸਾਡਾ ਵਿਰਸਾ, ਸਾਡੇ ਲੋਕ" ਵਿੱਚ ਸੁਰਜੀਤ ਰੱਖਣ ਦਾ ਸਿਰਤੋੜ ਯਤਨ ਕੀਤਾ ਹੈ। ਹੁਣੇ ਹੁਣੇ ਨਵੰਬਰ 2023 ਨੂੰ ਉਸ ਦੀ "ਜਿਨਿ ਨਾਮੁ ਲਿਖਾਇਆ ਸਚੁ" ਕਹਾਣੀ ਸੰਗ੍ਰਹਿ ਪੁਸਤਕ ਲੋਕ ਅਰਪਣ ਹੋਈ ਹੈ। ਉਸਦਾ ਕਹਿਣਾ ਹੈ ਕਿ ਉਹਨੇ ਕਦੇ ਪਿਆਰ ਮੁਹੱਬਤ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਨਹੀਂ ਰੱਖਿਆ, ਸਗੋਂ ਸਮਾਜਿਕ, ਪਰਿਵਾਰਕ, ਸੱਭਿਆਚਾਰਕ ਸਰੋਕਾਰਾਂ, ਸਮੱਸਿਆਵਾਂ, ਚਲੰਤ ਮਾਮਲਿਆਂ ਨਾਲ ਜੁੜੇ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ। ਉਸ ਦੀਆਂ ਕਹਾਣੀਆਂ ਕਿਰਤੀਆਂ, ਕਾਮਿਆਂ, ਕਿਸਾਨਾਂ ਦੀ ਅਸਲੀਅਤ ਜ਼ਿੰਦਗੀ ਨੂੰ ਚਿਤਰਣ ਕਰਦੀਆਂ ਹਨ।ਇਸ ਤੋਂ ਇਲਾਵਾ ਉਹਨੇ ਸਾਂਝੇ ਕਾਵਿ ਸੰਗ੍ਰਹਿ ਕਲਮ ਕਾਫ਼ਲਾ 2014 ਅਤੇ ਕਲਮ ਸ਼ਕਤੀ 2018 ਦੇ ਸਹਿ ਸੰਪਾਦਕ ਵਜੋਂ ਵੀ ਸਾਹਿਤਕ ਸੇਵਾਵਾਂ ਨਿਭਾਈਆਂ ਹਨ।

ਸਾਹਿਤ ਅਕਾਦਮੀ ਪੁਰਸਕਾਰ ਜੇਤੂ ਡਾ. ਦਰਸ਼ਨ ਸਿੰਘ ਆਸ਼ਟ ਦਾ ਇਸ ਕਹਾਣੀਕਾਰ ਬਾਰੇ ਕਹਿਣਾ ਹੈ: "ਬਾਬੂ ਸਿੰਘ ਰੈਹਲ ਜਿੱਥੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਕੱਤਰ ਜਨਰਲ ਦੀ ਹੈਸੀਅਤ ਚ ਪਿਛਲੇ ਲੰਮੇ ਅਰਸੇ ਤੋਂ ਬਾਖੂਬੀ ਜਿੰਮੇਵਾਰੀ ਨਿਭਾ ਰਹੇ ਹਨ, ਉੱਥੇ ਹੀ ਪੰਜਾਬੀ ਕਹਾਣੀ ਖੇਤਰ ਚ ਆਪਣੀ ਕਹਾਣੀ ਕਲਾ ਨਾਲ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਉਸਦੀਆਂ ਕਹਾਣੀਆਂ ਵਰਤਮਾਨ ਸਮਾਜ ਦੀ ਨਬਜ਼ ਪਛਾਣਦੀਆਂ ਹਨ। ਪਾਤਰਾਂ ਦੀ ਮਾਨਸਿਕਤਾ ਨੂੰ ਜਿਸ ਪੁਖਤਗੀ ਨਾਲ ਰੈਹਲ ਪੇਸ਼ ਕਰਦਾ ਹੈ, ਉਹ ਹਰ ਇੱਕ ਦੇ ਵੱਸ ਦੀ ਗੱਲ ਨਹੀਂ।ਬਹੁਤ ਸਾਰੀਆਂ ਕਹਾਣੀਆਂ ਉਸਦੇ ਅਨੁਭਵ ਵਿਚੋਂ ਨਿਕਲੀਆਂ ਹੋਈਆਂ ਹਨ।ਉਹ ਪੰਜਾਬੀ ਕਹਾਣੀ ਦਾ ਸੁਨਹਿਰਾ ਪੰਨਾ ਹੈ।"

ਡਾ. ਅਰਵਿੰਦਰ ਕੌਰ ਕਾਕੜਾ ਦੇ ਸ਼ਬਦਾਂ 'ਚ "ਇਹ ਤਾਂ ਕਹਾਣੀਕਾਰ ਦੀ ਖੂਬੀ ਹੁੰਦੀ ਹੈ ਕਿ ਉਹ ਆਪਣੇ ਵਿਸ਼ੇ ਨੂੰ ਲੈਕੇ ਕਿੱਥੋਂ ਤੱਕ ਸਫਲ ਹੁੰਦਾ ਹੈ। ਅਜੋਕੇ ਸਮੇਂ ਕਹਾਣੀਕਾਰਾਂ ਵਿਚੋਂ ਬਾਬੂ ਸਿੰਘ ਰੈਹਲ ਦਾ ਨਾਮ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਪੰਜਾਬੀ ਵਿੱਚ ਵੱਖਰਾ ਹੀ ਰੰਗ ਬਿਖੇਰਿਆ ਹੈ ਅਤੇ ਉਹਨਾਂ ਦੀਆਂ ਕਹਾਣੀਆਂ ਵਿੱਚ ਕਵਿਤਾ ਵਰਗੀ ਰਵਾਨੀ, ਗੁਲਕੰਦ ਜਿਹੀ ਮਿਠਾਸ, ਮੋਤੀਆਂ ਵਰਗੀ ਚਮਕ,ਗੁੰਦਵੀਂ ਪ੍ਰਭਾਵਸ਼ਾਲੀ ਭਾਸ਼ਾ,, ਢੁਕਵੀਂ ਵਾਰਤਾਲਾਪ, ਦਿਲਕਸ਼ ਬੋਲੀ ਅਤੇ ਸ਼ੈਲੀ ਜਿਹੇ ਗੁਣ ਮੌਜੂਦ ਹੁੰਦੇ ਹਨ। ਵੱਖਰਾ ਰੰਗ ਬਿਖੇਰਦੀਆਂ ਕਹਾਣੀਆਂ ਪਾਠਕ ਨੂੰ ਕੀਲ ਲੈਣ ਦੇ ਸਮਰੱਥ ਹਨ।"

ਡਾ. ਜੋਗਿੰਦਰ ਸਿੰਘ ਨਿਰਾਲਾ ਮੁਤਾਬਿਕ "ਬਾਬੂ ਸਿੰਘ ਰੈਹਲ ਦੀਆਂ ਮੁੱਖ ਜੁਗਤਾਂ ਸੰਵਾਦੀ,ਵਾਰਤਾਲਾਪੀ, ਦ੍ਰਿਸ਼ ਵਰਣਨ, ਪਾਤਰਾਂ ਦੀ ਮਨੋਸਮਾਜਿਕ ਦਸ਼ਾ ਦੇ ਵੇਰਵੇ, ਬਿਰਤਾਂਤਕ ਸਥਿਤੀਆਂ ਦੀ ਸਿਰਜਣਾ, ਮਨ-ਬਚਨੀ, ਕਾਵਿਕ ਆਭਾ, ਸਵੈ-ਜੀਵਣੀ ਪਰਕ ਆਦਿ ਹਨ। ਭਾਸ਼ਾ ਪਾਤਰਾਂ-ਅਨੁਕੂਲ, ਸਹਿਜ, ਸੰਜਮੀ ਅਤੇ ਸ਼ਾਲੀਨਤਾ ਵਾਲੀ ਹੈ। ਲੇਖਕ ਨੂੰ ਕਥਾ ਅਤੇ ਕਥਨ ਦੀ ਸੂਝ ਹੈ।"

ਉਜਾਗਰ ਸਿੰਘ ਲੇਖਕ ਅਨੁਸਾਰ "ਬਾਬੂ ਸਿੰਘ ਰੈਹਲ ਦਾ ਪੰਜਾਬੀ ਕਹਾਣੀ ਖੇਤਰ 'ਚ ਚੰਗਾ ਉੱਦਮ ਹੈ।ਇਸ ਦੀਆਂ ਕਹਾਣੀਆਂ ਦੀ ਬੋਲੀ, ਸ਼ੈਲੀ, ਵਿਸ਼ੇ ਆਮ ਲੇਖਕਾਂ ਨਾਲੋਂ ਹੱਟਕੇ ਹੈ, ਪੜਨ ਵਾਲੇ ਪਾਠਕਾਂ ਤੇ ਬੋਝ ਨਹੀਂ ਬਣਦੇ ਅਤੇ ਕਹਾਣੀ ਦਾ ਥੀਮ ਸਮਝਣ 'ਚ ਕੋਈ ਮੁਸ਼ਕਿਲ ਨਹੀਂ ਹੁੰਦੀ। ਭਵਿੱਖ ਵਿੱਚ ਲੇਖਕ ਤੋਂ ਹੋਰ ਚੰਗੀਆਂ ਕਹਾਣੀਆਂ ਰਾਹੀਂ ਪੰਜਾਬੀ ਭਾਸ਼ਾ ਦੀ ਸੇਵਾ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।" ਨਿਰੰਜਣ ਬੋਹਾ ਅਨੁਸਾਰ "ਬਾਬੂ ਸਿੰਘ ਰੈਹਲ ਦੀਆਂ ਕਹਾਣੀਆਂ ਵਿਚਲੀ ਮਾਨਵਤਾ ਪੱਖੀ ਸੋਚ ਦਾ ਮੈਂ ਹਰਦਿਕ ਸਵਾਗਤ ਕਰਦਾ ਹਾਂ।"

ਸਾਹਿਤਕਾਰ ਸੁਰਜੀਤ ਜੱਜ ਦੇ ਵਿਚਾਰਾਂ ਅਨੁਸਾਰ "ਬਾਬੂ ਸਿੰਘ ਰੈਹਲ ਦੀ ਥੋੜ੍ਹੇ ਸ਼ਬਦਾਂ ਚ ਵੱਡੀ ਗੱਲ ਕਹਿਣ ਦਾ ਯਤਨ ਸਲਾਘਾਯੋਗ ਉੱਦਮ ਹੈ। ਉਹ ਪਾਠਕਾਂ ਨਾਲ ਭਾਵਨਾ ਦਾ ਰਿਸ਼ਤਾ ਕਾਇਮ ਕਰਦਾ ਹੈ। ਉਹ ਪਾਠਕ ਨਾਲ ਸਿੱਧਾ ਸੰਬੰਧ ਜੋੜਨ ਲਈ ਭਾਸ਼ਨੀ ਜੁਗਤ ਦੀ ਵਰਤੋਂ ਕਰਦਾ ਹੈ।"

ਉਹਨਾਂ ਦੀ ਲਿਖੀ ਕਹਾਣੀ "ਕਲਾਕਾਰ ਮੈਗਜੀਨ" ਲਈ ਵੀ ਚੁਣੀ ਗਈ ਸੀ,ਜੋ ਦੂਜੇ ਸਥਾਨ ਤੇ ਰਹੀ ਸੀ। ਮਾਣ ਸਨਮਾਨ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਸਾਹਿਤ ਸਭਾ ਸਰਹਿੰਦ, ਕਲਾਕਾਰ ਮੈਗਜ਼ੀਨ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ "ਰਾਜਿੰਦਰ ਕੌਰ ਵੰਤਾ" ਯਾਦਗਾਰੀ ਸਨਮਾਨ ਮਿਲੇ ਹਨ। ਪਰ ਸਭ ਤੋਂ ਵੱਡਾ ਮਾਣ ਸਨਮਾਨ ਪਾਠਕਾਂ ਦਾ ਪਿਆਰ ਹੁੰਦਾ ਹੈ।

ਉਹ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਾਹਤਿਕ ਗੁਲਦਸਤੇ ਦਾ ਗੁਲਾਬ ਦਾ ਫੁੱਲ ਹੈ ਅਤੇ ਸਭਾ ਦੇ ਸਕੱਤਰ ਜਨਰਲ ਹਨ। ਉਹਨਾਂ ਆਪਣੀ ਸਰਵਿਸ ਦੀ ਠਹਿਰ ਦੌਰਾਨ ਭਾਰਤ ਦੇ ਸ਼ਹਿਰਾਂ ਸੰਬੰਧੀ ਜਾਣਕਾਰੀ ਭਰਪੂਰ ਲੇਖ ਵੀ ਲਿਖੇ ਹਨ। ਅੱਜਕਲ੍ਹ ਉਹ ਆਪਣੀ ਪਤਨੀ ਅਤੇ ਬੱਚਿਆਂ ਨਾਲ ਪਟਿਆਲਾ ਵਿਖੇ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਲਈ ਤੱਤਪਰ ਹਨ ਹਨ।ਹੁਣੇ ਹੁਣੇ ਉਹਨਾਂ ਦੀ "ਜਿਨਿ ਨਾਮੁ ਲਿਖਾਇਆ ਸਚੁ" ਕਹਾਣੀ ਸੰਗ੍ਰਹਿ ਪੁਸਤਕ ਲੋਕ ਅਰਪਣ ਹੋਈ ਹੈ, ਜੋ ਸਾਹਿਤਕ ਹਲਕਿਆਂ ਚ ਕਾਫੀ ਚਰਚਾ ਦਾ ਵਿਸ਼ਾ ਬਣੀ ਹੋਈ ਹੋਈ ਹੈ। ਅਸਾਡੀ ਪਰਮਾਤਮਾ ਅੱਗੇ ਇਹੀ ਦੁਆ ਹੈ ਕਿ ਇਹ ਕਲਮ ਅੱਲ੍ਹੜ ਦਰਿਆ ਦੇ ਵਹਿਣ ਵਾਂਗ ਨਿਰੰਤਰ ਚਲਦੀ ਰਵੇ। ਆਮੀਨ!

# ਦਿਲ ਬਦਲੀ ਕਰਨ ਦੀ ਖੋਜ ਕਰਨ ਵਾਲੇ ਡਾਕਟਰ ਵਿਕਟਰ ਪੀਟਰ ਚਾਂਗ ਦਾ ਹੈ ਜਨਮ ਦਿਵਸ

**ਆਸਟਰੇਲੀਆ ਦੇ ਵਿਚ 1991 'ਚ ਹੋ ਗਿਆ ਸੀ ਕਤਲ**

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-ਕੁਦਰਤ ਨੇ ਜਾਂ ਕਹਿ ਲਈਏ ਰੱਬ ਨੇ ਜਿੱਥੇ ਕਮਾਲ ਦੀ ਬਨਸਪਤੀ ਸਾਜੀ ਹੈ, ਉਥੇ ਮਨੁੱਖੀ ਸਰੀਰ ਅਨੋਖਾ ਅਤੇ ਸਭ ਤੋਂ ਤੇਜ਼ ਬੁੱਧੀ ਰੱਖਣ ਵਾਲਾ ਪ੍ਰਾਣੀ ਹੈ। ਕੁਦਰਤ ਦੇ ਫਿੱਟ ਕੀਤੇ ਸਰੀਰਕ ਅੰਗਾਂ ਨਾਲ ਛੇੜ-ਛਾੜ ਕਰਦਿਆਂ ਹੀ ਸਾਰਾ ਨਾੜੀ ਤੰਤਰਿਕ ਵਿਗੜ ਸਕਦਾ ਹੈ, ਪਰ ਅਜਿਹੇ ਵੀ ਡਾਕਟਰ ਹੋਏ ਹਨ ਜਿਹੜੇ ਅਜਿਹੀਆਂ ਸਰ-ਜਰੀਆਂ ਇਜਾਦ ਕਰ ਗਏ ਕਿ ਦੁਨੀਆ ਅੱਜ ਵੀ ਯਾਦ ਕਰਦੀ ਹੈ। ਅਜਿਹੇ ਹੀ ਡਾਕਟਰ ਸਨ ਸ੍ਰੀ ਵਿਕਟਰ ਪੀਟਰ ਚਾਂਗ, ਜਿਨ੍ਹਾਂ ਦਾ ਅੱਜ ਜਨਮ ਦਿਵਸ ਹੈ। ਜਿਨ੍ਹਾਂ ਨੇ 1967 ਵਿਚ ਦਿਲ ਬਦਲੀ ਕਰਕੇ ਪੂਰੀ ਦੁਨੀਆ ਦੇ ਵਿਚ ਕੀਰਤੀਮਾਨ ਸਥਾਪਿਤ ਕਰ ਦਿੱਤਾ ਸੀ। ਆਓ ਜਾਣੀਏ ਕੁਝ ਸੰਖੇਪ ਜਾਣਕਾਰੀ:-

ਵਿਕਟਰ ਪੀਟਰ ਚਾਂਗ ਦਾ ਜਨਮ 21 ਨਵੰਬਰ 1936 ਨੂੰ ਸ਼ੰਘਾਈ , ਚੀਨ ਵਿਖੇ ਹੋਇਆ। ਉਹ ਹਾਂਗਕਾਂਗ ਵਿੱਚ ਵੱਡਾ ਹੋਇਆ ਜਿੱਥੇ ਉਸਨੇ ਕੌਲੂਨ ਟੋਂਗ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਿਆ ਅਤੇ ਸੇਂਟ ਪਾਲ ਕਾਲਜ ਵਿੱਚ ਦੋ ਸਾਲ ਬਿਤਾਏ । ਚਾਂਗ ਦੇ ਪਿਤਾ ਔਬਰੇ ਨੇ ਉਸਨੂੰ ਅਤੇ ਉਸਦੀ ਛੋਟੀ ਭੈਣ ਨੂੰ 1951 ਵਿੱਚ ਵੱਡੇ ਪਰਿਵਾਰ ਨਾਲ ਰਹਿਣ ਲਈ ਸਿਡਨੀ ਭੇਜਿਆ । ਚਾਂਗ ਨੇ ਬੇਲਮੋਰ ਦੇ ਬੇਲਮੋਰ ਬੁਆਏਜ਼ ਹਾਈ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਲੇਵਿਸ਼ਮ ਦੇ ਕ੍ਰਿਸ਼ਚੀਅਨ ਬ੍ਰਦਰਜ਼ ਹਾਈ ਸਕੂਲ ਵਿੱਚ ਆਪਣੀ ਸੈਕੰਡਰੀ ਸਿੱਖਿਆ ਪੂਰੀ ਕੀਤੀ । 7 ਅਪ੍ਰੈਲ 1948 ਨੂੰ, ਚਾਂਗ ਦੀ ਮਾਂ ਦੀ 33 ਸਾਲ ਦੀ ਉਮਰ ਵਿੱਚ ਛਾਤੀ ਦੇ ਕੈਂਸਰ ਨਾਲ ਮੌਤ ਹੋ ਗਈ , ਜਿਸ ਕਾਰਨ ਉਸਨੂੰ 12 ਸਾਲ ਦੀ ਉਮਰ ਵਿੱਚ ਦਵਾਈ ਵਿੱਚ ਕਰੀਅਰ ਬਣਾਉਣ ਬਾਰੇ ਵਿਚਾਰ ਕਰਨ ਲਈ ਪ੍ਰੇਰਿਤ ਕੀਤਾ । 1962 ਵਿੱਚ ਪਹਿਲੀ ਸ਼੍ਰੇਣੀ ਦੇ ਆਨਰਜ਼ ਨਾਲ ਬੈਚਲਰ ਆਫ਼ ਮੈਡੀਕਲ ਸਾਇੰਸ ਅਤੇ ਇੱਕ ਬੈਚਲਰ ਆਫ਼ ਮੈਡੀਸਨ, ਬੈਚਲਰ ਆਫ਼ ਸਰਜਰੀ ਦੀ ਪੜ੍ਹਾਈ ਕੀਤੀ। ਆਪਣੀ ਡਾਕਟਰੀ ਸਿੱਖਿਆ ਪੂਰੀ ਕਰਨ ਤੋਂ ਬਾਅਦ, ਚੈਂਗ ਨੇ ਕਾਰਡੀਆਕ ਸਰਜਨ ਮਾਰਕ ਸ਼ਨਾਹਾਨ ਦੇ ਅਧੀਨ ਸੇਂਟ ਵਿਨਸੈਂਟ ਹਸਪਤਾਲ ਵਿੱਚ ਦਾਖਲਾ ਲਿਆ , ਜਿਸਨੇ ਉਸਨੂੰ ਬ੍ਰਿਟਿਸ਼ ਸਰਜਨ ਔਬਰੇ ਯਾਰਕ ਮੇਸਨ ਨਾਲ ਸਿਖਲਾਈ ਲਈ ਲੰਡਨ ਭੇਜਿਆ। ਉਚ ਮੈਡੀਕਲ ਸਿਖਿਆ ਹਾਸਲ ਕਰਨ ਉਪਰੰਤ ਉਹ 1966 ਵਿੱਚ ਰਾਇਲ ਕਾਲਜ ਆਫ਼ ਸਰਜਨਸ ਦੇ ਇੱਕ ਫੈਲੋ ਬਣੇ ਅਤੇ ਰਾਇਲ ਬਰੋਂਪਟਨ ਹਸਪਤਾਲ ਵਿੱਚ ਕਾਰਡੀਓਥੋਰੇਸਿਕ ਸਰਜਰੀ ਦੀ ਸਿਖਲਾਈ ਲਈ । ਲੰਡਨ ਵਿੱਚ, ਉਸਨੇ ਆਪਣੀ ਪਤਨੀ ਐਨ ਸਿਮਨਜ਼ ਨਾਲ ਮੁਲਾਕਾਤ ਕੀਤੀ ਅਤੇ ਵਿਆਹ ਕਰਵਾ ਲਿਆ।



ਉਹ ਚੀਨੀ ਮੂਲ ਦੇ ਆਸਟਰੇਲੀਆਈ ਕਾਰਡੀਆਕ ਸਰਜਨ ਸਨ। ਆਸਟਰੇਲੀਆ ਵਿੱਚ ਆਧੁਨਿਕ ਦਿਲ ਟਰਾਂਸਪਲਾਂਟੇਸ਼ਨ ਦੇ ਮੋਢੀ ਰਹੇ ਹਨ। 4 ਜੁਲਾਈ 1991 ਨੂੰ ਉਸਦੇ ਕਤਲ ਨੇ ਆਸਟਰੇਲੀਆ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਇਸਨੂੰ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਬਦਨਾਮ ਘਟਨਾ ਮੰਨਿਆ ਗਿਆ ਸੀ। ਚਾਂਗ ਦਾ ਸਰਕਾਰੀ ਰਸਮਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ ਸੀ , ਅਤੇ 1999 ਵਿੱਚ, ਉਸਨੂੰ ਪੀਪਲਜ਼ ਚੁਆਇਸ ਅਵਾਰਡ ਵਿੱਚ ਸਦੀ ਦਾ ਆਸਟਰੇਲੀਅਨ ਚੁਣਿਆ ਗਿਆ ਸੀ।

ਸਿਡਨੀ ਯੂਨੀਵਰਸਿਟੀ ਵਿੱਚ ਆਪਣੀ ਡਾਕਟਰੀ ਪੜ੍ਹਾਈ ਪੂਰੀ ਕਰਨ ਅਤੇ ਸੇਂਟ ਵਿਨਸੈਂਟ ਹਸਪਤਾਲ ਵਿੱਚ ਕੰਮ ਕਰਨ ਤੋਂ ਬਾਅਦ , ਉਸਨੇ ਆਸਟਰੇਲੀਆ ਵਾਪਸ ਆਉਣ ਤੋਂ ਪਹਿਲਾਂ ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਵਿੱਚ ਇੱਕ ਸਰਜਨ ਵਜੋਂ ਸਿਖਲਾਈ ਪ੍ਰਾਪਤ ਕੀਤੀ। ਸੇਂਟ ਵਿਨਸੈਂਟ ਹਸਪਤਾਲ ਵਿੱਚ, ਉਸਨੇ ਨੈਸ਼ਨਲ ਕਾਰਡਿਅਕ ਟਰਾਂਸਪਲਾਂਟ ਯੂਨਿਟ ਸਥਾਪਤ ਕਰਨ ਵਿੱਚ ਮਦਦ ਕੀਤੀ, ਜੋ ਕਿ ਦਿਲ ਅਤੇ ਫੇਫੜਿਆਂ ਦੇ ਟਰਾਂਸਪਲਾਂਟ ਲਈ ਦੇਸ਼ ਦਾ ਪ੍ਰਮੁੱਖ ਕੇਂਦਰ ਹੈ। ਚੈਂਗ ਦੀ ਟੀਮ ਨੂੰ ਦਿਲ ਦੇ ਟਰਾਂਸਪਲਾਂਟੇਸ਼ਨ ਕਰਨ ਵਿੱਚ ਉੱਚ ਸਫਲਤਾ ਮਿਲੀ ਸੀ ਅਤੇ ਉਸਨੇ ਇੱਕ ਨਕਲੀ ਦਿਲ ਦੇ ਵਾਲਵ ਦੇ ਵਿਕਾਸ ਦੀ ਅਗਵਾਈ ਕੀਤੀ । ਉਸਨੂੰ ਆਸਟਰੇਲੀਆ ਅਤੇ ਚੀਨ ਵਿਚਕਾਰ ਅੰਤਰਰਾਸ਼ਟਰੀ ਸਬੰਧਾਂ ਅਤੇ ਮੈਡੀਕਲ ਵਿਗਿਆਨ ਵਿੱਚ ਸੇਵਾ ਲਈ 'ਆਰਡਰ ਆਫ਼ ਆਸਟਰੇਲੀਆ' ਐਲਾਨਿਆ ਗਿਆ ਸੀ।

ਸੇਂਟ ਵਿਨਸੈਂਟ ਹਸਪਤਾਲ ਵਿੱਚ, ਚਾਂਗ ਨੇ ਸਰਜਨ ਹੈਰੀ ਵਿੰਡਸਰ ਨਾਲ ਕੰਮ ਕੀਤਾ , ਜਿਸ ਨੇ 1968 ਵਿੱਚ ਆਸਟਰੇਲੀਆ ਦਾ ਪਹਿਲਾ ਦਿਲ ਟਰਾਂਸਪਲਾਂਟ ਕੀਤਾ ਸੀ। 1980 ਵਿੱਚ ਨਵੀਂਆਂ ਦਵਾਈਆਂ ਦੇ ਆਗਮਨ ਨੇ ਦਿਲ ਦੇ ਟਰਾਂਸਪਲਾਂਟ ਨੂੰ ਵਧੇਰੇ ਸੰਭਵ ਬਣਾਇਆ, ਅਤੇ ਚਾਂਗ ਨੇ ਇਸ ਲਈ ਫੰਡ ਇਕੱਠੇ ਕਰਨ ਲਈ ਲਾਬਿੰਗ ਕੀਤੀ। ਸੇਂਟ ਵਿਨਸੈਂਟ ਵਿਖੇ ਦਿਲ ਦੇ ਟਰਾਂਸਪਲਾਂਟ ਪ੍ਰੋਗਰਾਮ ਦੀ ਸਥਾਪਨਾ ਕੀਤੀ। 8 ਅਪ੍ਰੈਲ 1984 ਨੂੰ, ਚੈਂਗ ਦੀ ਅਗਵਾਈ ਵਿੱਚ ਡਾਕਟਰਾਂ ਦੀ ਇੱਕ ਟੀਮ ਨੇ 14 ਸਾਲਾ ਫਿਓਨਾ ਕੂਟ ਦਾ ਆਪਰੇਸ਼ਨ ਕੀਤਾ , ਜੋ ਆਸਟਰੇਲੀਆ ਦੀ ਸਭ ਤੋਂ ਛੋਟੀ ਉਮਰ ਦੀ ਦਿਲ ਟਰਾਂਸ-ਪਲਾਂਟ ਮਰੀਜ਼ ਬਣ ਗਈ ਸੀ।

ਅੰਗ ਦਾਨੀਆਂ ਦੀ ਕਮੀ ਬਾਰੇ ਚਿੰਤਤ, ਚਾਂਗ ਨੇ ਇੱਕ ਨਕਲੀ ਦਿਲ ਵਿਕਸਤ ਕਰਨ ਅਤੇ ਸਸਤੇ ਦਿਲ ਦੇ ਵਾਲਵ ਬਣਾਉਣ ਲਈ ਵਿਗਿਆਨੀਆਂ, ਇੰਜੀਨੀਅਰਾਂ ਅਤੇ ਮਾਰਕੀਟਿੰਗ ਮਾਹਰਾਂ ਦੀ ਇੱਕ ਟੀਮ ਦੀ ਅਸੈਂਬਲੀ ਦੀ ਅਗਵਾਈ ਕੀਤੀ । 1980 ਵਿੱਚ, ਉਹ ਫਰੈਂਕ ਟੈਮਰੂ ਨੂੰ ਮਿਲਿਆ , ਜਿਸਨੇ ਇੱਕ ਮਾਰਕੀਟਿੰਗ ਅਤੇ ਵਿਕਰੀ ਮਾਹਰ ਵਜੋਂ ਕੰਮ ਕੀਤਾ, ਜਦੋਂ ਕਿ ਉਸਨੇ ਸਿੰਗਾਪੁਰ ਵਿੱਚ ਸ਼ਿਲੀ ਲੈਬਾਰਟਰੀਆਂ ਲਈ ਕੰਮ ਕੀਤਾ। ਇੰਜਨੀਅਰ ਰਿਚਰਡ ਮਾਰਟਿਨ ਅਤੇ ਬ੍ਰਿਜ ਗੁਪਤਾ ਦੇ ਨਾਲ, ਚਾਂਗ ਅਤੇ ਤਾਮਰੂ ਨੇ ਪੈਸੀਫਿਕ ਬਾਇਓਮੈਡੀਕਲ ਐਂਟਰਪ੍ਰਾਈਜ਼ਜ਼ ਲਿਮਟਿਡ ਦੀ ਸਥਾਪਨਾ ਕੀਤੀ, ਜਿਸਦਾ ਮੁੱਖ ਦਫਤਰ ਸਿੰਗਾਪੁਰ ਵਿੱਚ ਹੈ ਅਤੇ ਗਵਾਂਗਜ਼ੂ ਅਤੇ ਸਿਡਨੀ ਵਿੱਚ ਸੇਂਟ ਵਿਨਸੈਂਟ ਹਾਰਟ ਵਾਲਵ ਨਾਮਕ ਮਕੈਨੀਕਲ ਅਤੇ ਟਿਸ਼ੂ ਹਾਰਟ ਵਾਲਵ ਵਿਕਸਿਤ ਕਰਨ ਲਈ ਸਹੂਲਤਾਂ ਸਥਾਪਤ ਕੀਤੀਆਂ। ਵਾਲਵ ਪੂਰੇ ਏਸ਼ੀਆ ਵਿੱਚ ਵਿਆਪਕ ਤੌਰ 'ਤੇ ਵਰਤੇ ਗਏ ਸਨ।

1991 ਵਿੱਚ, ਚਾਂਗ ਨੂੰ ਦੋ ਨੌਜਵਾਨਾਂ ਨੇ ਇੱਕ ਅਸਫਲ ਕੋਸ਼ਿਸ਼ ਵਿੱਚ ਕਤਲ ਕਰ ਦਿੱਤਾ ਸੀ। ਚਾਂਗ ਦੇ ਸਿਰ ਵਿੱਚ ਦੋ ਵਾਰ ਜਬਰੀ ਵਸੂਲੀ ਦੀ ਅਸਫਲ ਕੋਸ਼ਿਸ਼ ਵਿੱਚ ਗੋਲੀ ਮਾਰੀ ਗਈ ਸੀ। ਉਸਦੀ ਵਿਰਾਸਤ ਵਿੱਚ ਉਸਦੀ ਆਪਣੀ ਫਾਊਂਡੇਸ਼ਨ, ਵਿਕਟਰ ਚੈਂਗ ਫਾਊਂਡੇਸ਼ਨ ਦੀ ਸਥਾਪਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਉਸਦੀ ਮੌਤ ਤੋਂ ਬਾਅਦ, ਵਿਕਟਰ ਚੈਂਗ ਕਾਰਡੀਆਕ ਰਿਸਰਚ ਇੰਸਟੀਚਿਊਟ ਬਣਾਇਆ ਗਿਆ ਸੀ, ਅਤੇ ਸੇਂਟ ਵਿਨਸੈਂਟ ਹਸਪਤਾਲ ਵਿਖੇ ਵਿਕਟਰ ਚੈਂਗ ਲੋਵੀ ਪੈਕਰ ਬਿਲਡਿੰਗ ਦੀ ਸਥਾਪਨਾ ਕੀਤੀ ਗਈ ਸੀ।

ਅੱਜ ਗੂਗਲ ਡੂਡਲ ਉਤੇ ਉਨ੍ਹਾਂ ਦੀ ਫੋਟੋ ਵੇਖੀ ਜਾ ਸਕਦੀ ਹੈ। ਸਲਾਮ ਹੈ ਅਜਿਹੇ ਕਿੱਤਾ ਮਾਹਿਰ ਅਤੇ ਮਨੁੱਖੀ ਜਾਨਾਂ ਦੀ ਸੁਰੱਖਿਆ ਵਾਸਤੇ ਢੰਗ ਤਰੀਕੇ ਇਜਾਦ ਕਰਨ ਵਾਲਿਆਂ ਦੀ।

# ਪੰਜਾਬ ਦੀ ਤ੍ਰਾਸਦੀ ਤੇ ਬਦਲਦੀਆਂ ਸਰਕਾਰਾਂ ਦੇ ਸਰੋਕਾਰ

ਐਸ ਐਲ ਵਿਰਦੀ ਐਡਵੋਕੇਟ
91-98145-17499

ਪੰਜਾਬ, ਪੰਜ+ਆਬ ਅਰਥਾਤ, ਪੰਜਾ ਨਦੀਆਂ ਵਾਲਾ ਇੱਕ ਵਿਸ਼ਾਲ ਪ੍ਰਾਂਤ। ਪੰਜਾਬ ਅਟਕ ਤੋਂ ਦਿੱਲੀ ਤੱਕ ਫੈਲਿਆ ਹੋਇਆ ਸੀ। ਪੰਜਾਬ ਪਹਿਲੀ ਵਾਰ 1947 ਵਿੱਚ ਵੰਡਿਆ ਗਿਆ। ਇੱਕ ਪੱਛਮੀ ਪੰਜਾਬ ਪਾਕਿਸਤਾਨ ਦਾ ਹਿੱਸਾ ਬਣਿਆ ਜਦਕਿ ਪੂਰਬੀ ਪੰਜਾਬ ਭਾਰਤ ਦਾ ਭਾਗ ਬਣਿਆ। ਭਾਸ਼ਾਈ ਪੁਨਰਗਠਨ ਦੇ ਅਧਾਰ ਤੇ 1 ਨਵੰਬਰ, 1966 ਨੂੰ ਪੰਜਾਬ ਦੂਜੀ ਵਾਰ ਫਿਰ ਵੰਡਿਆ ਗਿਆ। ਪੰਜਾਬ ਦੇ ਤਿੰਨ ਰਾਜ ਬਣੇ-(1) ਪੰਜਾਬ (2) ਹਰਿਆਣਾ ਅਤੇ (3) ਹਿਮਾਚਲ ਪ੍ਰਦੇਸ਼। ਮਜੂਦਾ ਪੰਜਾਬ 1947 ਤੋਂ ਪਹਿਲਾਂ ਦੇ ਪੰਜਾਬ ਦਾ ਇੱਕ ਛੋਟਾ ਜਿਹਾ ਭਾਗ ਰਹਿ ਗਿਆ ਹੈ। ਅਜ਼ਾਦੀ ਤੋਂ ਪਹਿਲਾਂ ਪੰਜ ਨਦੀਆਂ-(1) ਸਤਲੁਜ (2) ਬਿਆਸ (3) ਰਾਵੀ (4) ਚਨਾਬ ਅਤੇ (5) ਜੇਹਲਮ ਪੰਜਾਬ ਵਿੱਚ ਵਹਿੰਦੀਆਂ ਸਨ। ਪਰ ਵਰਤਮਾਨ ਪੰਜਾਬ ਵਿੱਚ ਕੇਵਲ ਦੋ ਹੀ ਨਦੀਆਂ। ਇੱਕ ਸਤਲੁਜ ਅਤੇ ਦੂਜੀ ਬਿਆਸ ਹੀ ਵਹਿੰਦੀਆਂ ਹਨ।

ਪੰਜਾਬ ਨੂੰ ਆਪਣੇ ਗੌਰਵਮਈ ਇਤਿਹਾਸ 'ਤੇ ਮਾਣ ਹੈ ਕਿ ਅੱਜ ਤੋਂ 5 ਹਜ਼ਾਰ ਸਾਲ ਪਹਿਲਾਂ ਜਦੋਂ ਬਾਕੀ ਸਾਰੀ ਦੁਨੀਆ ਅਜੇ ਹਨੇਰੇ ਵਿਚ ਭਟਕ ਰਹੀ ਸੀ ਤਾਂ ਉਸ ਸਮੇਂ ਪੰਜਾਬ ਦੇ ਲੋਕ ਵਿਕਸਤ ਸਿੰਧੂ ਸੱਭਿਅਤਾ ਦੀ ਰੌਸ਼ਨੀ ਦਾ ਨਿੱਘ ਮਾਣ ਰਹੇ ਸਨ। ਹੜੱਪਾ, ਪੱਟੀ, ਰੋਪੜ, ਉੱਚਾ ਪਿੰਡ ਸੰਘੋਲ, ਕੁਲੂ, ਤੋਬਰਾਂ, ਕੁਰੂ (ਕੁਰਕਸ਼ੇਟਰ) ਦੀ ਖੁਦਵਾਈ ਤੋਂ ਮਿਲੀਆਂ ਯਾਦਗਾਰਾਂ ਅਤੇ ਗੁਰੂ ਸਹਿਬਾਨ ਦੇ ਸਾਂਝੀਵਾਲਤਾ ਤੇ ਸਮਾਨਤਾ ਨੂੰ ਸਮਰਪਤ ਗੁਰੂਦਵਾਰੇ ਇਸ ਦਾ ਪ੍ਰਤੱਖ ਪ੍ਰਮਾਣ ਹਨ। ਪੰਜਾਬ ਦੇ ਗਣਰਾਜਾਂ ਦਾ ਨਿਆਂ ਅਧਾਰਤ ਰਾਜ ਸੰਸਾਰ ਪ੍ਰਸਿੱਧ ਹੈ। ਪੰਜਾਬ ਨੂੰ ਮਾਣ ਹੈ ਕਿ ਜਦ ਸਾਰਾ ਦੇਸ਼ ਯੂਨਾਨੀਆਂ, ਸ਼ੱਕਾਂ, ਹੂਣਾ, ਤੁਰਕਾਂ, ਮੁਗਲਾਂ, ਅੰਗਰੇਜਾਂ ਦੇ ਗੁਲਾਮ ਹੋ ਚੁੱਕਾ ਸੀ ਤਾਂ ਪੰਜਾਬ ਉਦੋ ਵੀ ਅਜ਼ਾਦ ਰਿਹਾ। ਪੰਜਾਬ ਨੂੰ ਮਾਣ ਹੈ ਕਿ ਸੰਸਾਰ ਪ੍ਰਸਿੱਧ, ਸਰਬਸਾਂਝੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਇੱਥੇ ਹੋਈ, ਜਿਸ ਸੰਸਾਰ ਨੂੰ 'ਮਾਨਸ ਕੀ ਜਾਤ, ਸਭਿ ਏਕੁ ਪਹਿਚਾਨਬੋ' ਦਾ ਸੰਦੇਸ਼ ਦਿੱਤਾ।

ਪ੍ਰੰਤੂ! ਪੰਜਾਬ ਹੁਣ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨਹੀ ਰਿਹਾ। ਹੁਣ ਪੰਜਾਬ ਵਿਚ ਹਰ ਰੋਜ਼ ਲੁੱਟਾਂ ਖੋਹਾਂ, ਮਾਰ ਧਾੜ, ਪੁੱਤਾਂ ਦੁਆਰਾ ਮਾਂ-ਪਿਓ ਨੂੰ ਮਾਰਨ, ਭਰਾਵਾਂ ਦੁਆਰਾ ਭਰਾਵਾਂ ਨੂੰ ਮਾਰਨ, ਜ਼ਹਿਰਾਂ ਖਾ ਕੇ ਆਤਮ ਹੱਤਿਆਵਾਂ ਕਰਨ, ਮੁੰਡੇ-ਕੁੜੀਆਂ ਦੇ ਤਲਾਕ, ਮਾਪਿਆਂ ਵਲੋਂ ਆਪਣੇ ਨਸ਼ਈ ਬੱਚਿਆ ਤੋਂ ਤੰਗ ਆ ਕੇ ਜਾਇਦਾਦ ਤੋਂ ਬੇਦਖ਼ਲ, ਭ੍ਰਿਸ਼ਟਾਚਾਰ, ਜੋਰ-ਜਬਰ, ਲੋਕਾਂ ਦੀਆਂ ਜਾਇਦਾਦਾ 'ਤੇ ਨਾਜਾਇਜ਼ ਕਬਜ਼ੇ, ਗੁੰਡਾਗਰਦੀ ਦਾ ਬੋਲ-ਬਾਲਾ ਦਿਨੋ-ਦਿਨ ਵੱਧ ਰਿਹਾ ਹੈ। ਅਪਰਾਧਾ 'ਚ ਲਗਾਤਾਰ ਹੋ ਰਹੇ ਵਾਧੇ ਕਾਰਨ ਹਰ ਮਨੁੱਖ ਅਸੁਰੱਖਿਅਤ ਮਹਿਸੂਸ ਕਰ ਰਿਹਾ ਤੇ ਐਨ ਆਰ ਆਈ ਇਸੇ ਡਰ-ਸਹਿਮ ਕਾਰਨ, ਜੀਵਨ ਭਰ ਆਪਣਾ ਖੂੰਨ-ਪਸੀਨਾ ਵਹਾਕੇ ਬਣਾਈਆ ਜਾਇਦਾਦਾ ਨੂੰ ਸਸਤੀਆਂ ਵੇਚਕੇ ਵਿਦੇਸ਼ਾਂ ਵਿਚ ਜਾ ਰਹੇ ਹਨ।

ਪੰਜਾਬ ਦੀ ਅੱਜ ਆਰਥਿਕ ਹਾਲਤ ਇਹ ਹੈ ਕਿ ਇੱਥੇ 10 ਏਕੜ ਤੋਂ ਵੱਧ ਵਾਲੇ 7 ਫੀਸਦੀ ਵੱਡੇ ਧਨਾਡ ਕਿਸਾਨ ਹਨ। ਦੂਜੇ ਪੰਜ ਤੋਂ ਦਸ ਏਕੜ ਤੱਕ ਮਾਲਕੀ ਵਾਲੇ 10 ਫੀਸਦੀ ਦਰਮਿਆਨੇ ਕਿਸਾਨ ਹਨ ਅਤੇ ਤੀਜੇ 83 ਫੀਸਦੀ ਗਰੀਬ ਕਿਸਾਨ ਹਨ ਜਿਹਨਾਂ ਪਾਸ 5 ਏਕੜ ਤੋਂ ਘੱਟ ਜ਼ਮੀਨ ਹੈ। ਗਰੀਬ ਕਿਸਾਨ ਖੇਤੀ ਦਾ ਕੰਮ ਜ਼ਿਆਦਾਤਰ ਖੁਦ ਤੇ ਆਪਣੇ ਪਰਿਵਾਰ ਦੀ ਮਦਦ ਨਾਲ ਕਰਦੇ ਹਨ। ਗਰੀਬ ਕਿਸਾਨੀ ਦਾ ਇਹ ਵਰਗ ਬੇਰੋਜ਼ਗਾਰੀ ਦੀ ਮਾਰ ਕਾਰਨ, ਆਪਣੀਆਂ ਜ਼ਮੀਨਾਂ-ਘਰ ਬਾਰ ਗਹਿਣੇ ਕਰਕੇ ਆਪਣੇ ਪੁੱਤਰਾਂ ਨੂੰ ਵਿਦੇਸ਼ਾਂ ਵਿਚ ਭੇਜ ਰਿਹਾ ਹੈ। ਹਜਾਰਾਂ ਨੌਜੁਆਨ, ਵਿਦਿਆਰਥੀ ਕਨੇਡਾ, ਇੰਗਲੈਂਡ, ਆਸਟਰੇਲੀਆ, ਇਰਾਨ, ਇਰਾਕ, ਸੀਰੀਆ, ਗਰੀਸ ਅਤੇ ਹੋਰ ਅਰਬ ਦੇਸ਼ਾਂ ਵਿਚ ਧੱਕੇ ਖਾ ਰਹੇ ਹਨ। ਨੌਜੁਆਨ, ਵਿਦਿਆਰਥੀ ਔਕੜਾਂ ਦੇ ਬਾਵਯੂਦ ਵੀ ਵਿਦੇਸ਼ਾਂ ਨੂੰ ਜਾਣ ਲਈ ਬੇਤਾਬ ਹਨ ਤੇ ਉਥੇ ਚੀਪ ਲੇਬਰ ਕਰ ਰਹੇ ਹਨ।

ਪੰਜਾਬ ਵਿੱਚ ਯੂਨੀਵਰਸਿਟੀਆਂ, ਕਾਲਜਾਂ ਅਤੇ ਡਿਪਲੋਮਾ ਪ੍ਰਦਾਨ ਕਰਨ ਵਾਲੀਆਂ ਕੁੱਲ 1435 ਉਚ ਵਿੱਦਿਅਕ ਸੰਸਥਾਵਾਂ ਹਨ। ਆਲ ਇੰਡੀਆ ਉਚ ਸਿੱਖਿਆ ਸਰਵੇਖਣ (ਏ ਆਈ ਐਸ ਐਚ ਈ) 2020-21 ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਕੁਲ 34 ਯੂਨੀਵਰਸਿਟੀਆਂ ਹਨ। ਇਹਨਾਂ ਵਿੱਚੋਂ 10 ਪਬਲਿਕ ਯੂਨੀਵਰਸਿਟੀਆਂ, 15 ਪ੍ਰਾਈਵੇਟ ਯੂਨੀਵਰਟੀਆਂ, ਰਾਸ਼ਟਰੀ ਮਹੱਤਵ ਦੀਆਂ ਛੇ ਸੰਸਥਾਵਾਂ, ਇੱਕ ਕੇਂਦਰੀ ਯੂਨੀਵਰਸਿਟੀ ਅਤੇ ਦੋ ਡੀਮਡ ਯੂਨੀਵਰਸਿਟੀਆਂ ਹਨ। 11 ਖੁਦਮੁਖਤਿਆਰ ਕਾਲਜਾਂ ਸਮੇਤ 1039 ਕਾਲਜ ਹਨ। ਇਹਨਾਂ ਕਾਲਜਾਂ ਵਿੱਚੋਂ ਸਿਰਫ਼ 199 ਸਰਕਾਰੀ ਹਨ ਅਤੇ ਬਾਕੀ ਦੇ 81 ਫ਼ੀਸਦੀ ਪ੍ਰਾਈਵੇਟ ਕਾਲਜ ਹਨ। ਇਨ੍ਹਾਂ ਸੰਸਥਾਵਾਂ ਵਿੱਚ ਪੰਜ ਲੱਖ ਤੋਂ ਵੀ ਜ਼ਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪਰ ਆਈਆਂ ਰਿਪੋਰਟਾਂ ਮੁਤਾਬਕ ਬੱਚੇ 10+2 ਕਰਨ ਤੋਂ ਬਾਅਦ ਆਈਲੈਟਸ ਕਰਕੇ ਧੜਾ ਧੜ ਵਿਦੇਸ਼ਾਂ 'ਚ ਜਾ ਰਹੇ ਹਨ, ਜਿਸ ਕਾਰਨ ਇਸ ਸਾਲ ਉਪਰੋਕਤ ਉਚ ਵਿੱਦਿਅਕ ਸੰਸਥਾਵਾਂ ਵਿਚ 50 ਪ੍ਰਤੀਸ਼ਤ ਵੀ ਸੀਟਾਂ ਵੀ ਭਰ ਨਹੀ ਹੋਈਆਂ। ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ, ਪੰਜਾਬ ਖਾਲੀ ਹੀ ਨਹੀ ਹੋ ਰਿਹਾ ਬਲਕਿ ਪੰਜਾਬ 'ਚ ਰਾਜ ਕਰਨ ਵਾਲੀ ਗੈਰ ਪੰਜਾਬੀ ਅਫ਼ਸਰਸ਼ਾਹੀ ਵੀ ਵੱਧ ਰਹੀ ਹੈ।




ਸਰਕਾਰਾਂ ਪੰਜਾਬ ਦੀ ਅਮਨ ਸ਼ਾਂਤੀ ਤੇ ਸਾਓ ਸਭਿਆਚਾਰ ਨੂੰ ਖੁੱਦ ਖੋਰਾ ਲਾ ਰਹੀਆਂ ਹਨ। ਗੁਰੂ ਸਹਿਬਾਨ ਨੇ ਕਿਸੇ ਵੀ ਤਰਾਂ ਦੇ ਨਸ਼ਿਆਂ ਦਾ ਸਖ਼ਤ ਵਿਰੋਧ ਕੀਤਾ। ਗੁਰੂ ਸਹਿਬਾਨ ਦਾ ਰਾਤ ਦਿਨ ਢੰਡੋਰਾ ਪਿੱਟਣ ਵਾਲੇ ਆਗੂ ਪੰਜਾਬ ਵਿਚ ਵਧੀਆ ਤੋਂ ਵਧੀਆ ਅੰਗਰੇਜ਼ੀ, ਦੇਸ਼ੀ ਸ਼ਰਾਬ ਦੇ ਠੇਕਿਆਂ ਨੂੰ ਤਰਜ਼ੀਹ ਦੇ ਰਹੇ ਹਨ। ਸਰਕਾਰ ਤਾਂ ਸਿਗਰਟ, ਬੀੜੀ, ਜਰਦਾ, ਖੈਣੀਂ, ਨਸਵਾਰ, ਡੋਡੇ ਆਦਿ ਦੀ ਵਿਕਰੀ ਲਈ ਵੀ ਲਾਇਸੰਸ ਦੇਣ ਲਈ ਸੋਚ ਰਹੀ ਹੈ। ਸਰਵੇਖਣ ਅਨੁਸਾਰ ਪੰਜਾਬ 'ਚ 4 ਹਜ਼ਾਰ ਦੀ ਅਬਾਦੀ ਵਾਲੇ ਇਕ ਪੰਡ ਵਿੱਚ ਕਰੀਬ 25 ਹਜ਼ਾਰ ਰੁਪਏ ਦੀ ਰੋਜ਼ਾਨਾ ਸ਼ਰਾਬ ਪੀਤੀ ਜਾਂਦੀ ਹੈ। ਭਾਵ ਮਹੀਨੇ ਵਿਚ ਕਰੀਬ ਸਾਢੇ 7 ਲੱਖ ਤੇ ਸਾਲ ਵਿਚ ਕਰੀਬ 90 ਲੱਖ ਰੁੱਪਏ ਦੀ ਪੰਜਾਬੀ ਸ਼ਰਾਬ ਪੀ ਜਾਂਦੇ ਹਨ। ਸੰਸਾਰੀਕਰਨ ਤੇ ਨਿੱਜੀਕਾਰਨ ਕਾਰਨ ਪੰਜਾਬ ਵਿਚ ਲੱਖਾਂ ਲੋਕ ਬੇਰੁਜ਼ਗਾਰ ਹੋਏ ਹਨ। ਬੇਕਾਰੀ ਕਾਰਨ ਮਜ਼ਬੂਰੀ ਬਸ ਨੌਜਵਾਨ ਪੈਸਾ ਕਮਾਉਣ ਲਈ ਤਸਕਰਾਂ ਦੇ ਝਾਂਸੇ ਵਿਚ ਆ ਕੇ ਨਸ਼ੇ ਵੇਚਣ ਲੱਗ ਪੈਂਦੇ ਹਨ। ਫਿਰ ਉਹ ਹੋਲੀ ਹੋਲੀ ਖ਼ੁੱਦ ਵੀ ਨਸ਼ੇ ਖਾਣ ਲੱਗ ਪੈਂਦੇ ਹਨ। ਇਕ ਰਿਪੋਰਟ ਅਨੁਸਾਰ ਪੰਜਾਬ ਦੇ 65 ਫ਼ੀਸਦੀ ਪਰਿਵਾਰਾਂ ਦਾ ਕੋਈ ਨਾ ਕੋਈ ਮੈਂਬਰ ਨਸ਼ਿਆਂ ਦਾ ਆਦੀ ਹੈ। ਨੌਜਵਾਨ ਨਸ਼ੇ ਦੀ ਲੱਤ ਪੂਰੀ ਕਰਨ ਲਈ ਲੁੱਟਾਂ-ਖੋਹਾਂ, ਮਾਰਧਾੜ ਤੇ ਕਤਲ ਕਰਦੇ ਹਨ। ਪੰਜਾਬ 'ਚ 60 ਫੀਸਦੀ ਹਾਦਸੇ, 90 ਫ਼ੀਸਦੀ ਲੜਾਈਆ, ਝਗੜੇ, 69 ਫ਼ੀਸਦੀ ਬਲਾਤਕਾਰ ਦੀਆਂ ਘਟਨਾਵਾਂ ਨਸ਼ਿਆਂ ਦੀ ਵਰਤੋ ਕਾਰਨ ਹੀ ਵਾਪਰ ਦੀਆਂ ਹਨ।

ਪੰਜਾਬ ਦੇ ਸਿਰਫ 10 ਪ੍ਰੀਸ਼ਤ ਵੱਡੇ ਜਿਮੀਂਦਾਰਾ, ਧਨਾਡਾਂ, ਵਿਉਪਾਰੀਆਂ, ਉਦਯੋਗਪਤੀਆ ਦਾ ਤਾਂ ਵਿਕਾਸ ਹੋ ਰਿਹਾ ਹੈ ਬਾਕੀ 90 ਪ੍ਰੀਸ਼ਤ ਲੋਕ ਦਿਨ ਕਟੀ ਕਰ ਰਹੇ ਹਨ। ਮਸ਼ੀਨਰੀਕਰਨ ਕਾਰਨ ਪਿੰਡਾਂ ਵਿਚ ਦਲਿਤ ਸ਼ੋਸ਼ਿਤ ਮਜ਼ਦੂਰ ਬੇਜ਼ਮੀਨਿਆ ਦੇ ਜਿਉਣ ਲਈ ਰੋਟੀ-ਰੋਜ਼ੀ ਦੇ ਸਾਧਨ ਖਤਮ ਹੋ ਰਹੇ ਹਨ। ਗੈਟ-ਸਮਝੌਤੇ ਤਹਿਤ ਸ਼ੁਰੂ ਹੋਇਆ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੇ ਪੂੰਜੀਵਾਦੀ ਵਿਕਾਸ ਨੇ ਇਹਨਾਂ ਦੀ ਸਮਾਜਿਕ-ਆਰਥਿਕ ਜੀਵਨ ਨੂੰ ਹੋਰ ਵੀ ਦੁੱਖਦਾਇਕ ਬਣਾ ਦਿੱਤਾ ਹੈ। ਘਰੇਲੂ ਛੋਟੇ ਕੰਮ-ਬਾਣ ਵੱਟਣ, ਕੱਪੜਾ ਬੁੱਣਨ, ਕੱਪੜਾ ਸਿਉਣ, ਜੁੱਤੀਆਂ ਤੇ ਭਾਂਡੇ ਬਣਾਉਣ ਆਦਿ ਠੱਪ ਹੋ ਗਏ ਹਨ। ਇਕ ਯੂਨੀਵਰਸਿਟੀ ਦੇ ਅਧਿਐਨ ਅਨੁਸਾਰ 32 ਪ੍ਰਤੀਸ਼ਤ ਖੇਤ ਮਜ਼ਦੂਰਾਂ ਨੂੰ ਮਹੀਨੇ ਵਿੱਚ ਔਸਤ 8 ਤੋਂ 10 ਦਿਨ, 67 ਫੀਸਦੀ ਨੂੰ 10 ਤੋਂ 20 ਦਿਨ ਤੇ ਸਿਰਫ਼ ਇੱਕ ਪ੍ਰਤੀਸ਼ਤ ਤੋਂ ਘੱਟ ਨੂੰ ਮਹੀਨੇ ਵਿੱਚ 20 ਦਿਨਾਂ ਤੋਂ ਵੱਧ ਕੰਮ ਮਿਲਦਾ ਹੈ। ਹਾੜੀ-ਸਾਉਣੀ ਸਮੇਂ ਹਰ ਸਾਲ ਭਰ ਭੇਟ ਭਰਨ ਲਈ ਲੋੜੀਦੀ ਕਣਕ, ਜੋ ਉਹ ਕਣਕ ਦੇ ਸ਼ੀਜਨ ਦੌਰਾਨ ਪਰਿਵਾਰ ਸਾਥ ਲਗਾ ਕੇ ਕਮਾ ਲੈਂਦੇ ਸਨ, ਉਹ ਵੀ ਵਸੀਲਾ ਕੰਬਾਇਨਾ ਦੀ ਕਟਾਈ ਨੇ ਖਤਮ ਕਰ ਦਿੱਤਾ ਹੈ। ਦਲਿਤ ਖੇਤ ਮਜ਼ਦੂਰ ਜਿਹੜੇ ਪਹਿਲਾਂ ਖੇਤਾਂ ਵਿਚ ਦਿਹਾੜੀ-ਜੋਤਾ ਲਾ ਕੇ ਜੀਵਨ ਜਿਉਂਦੇ ਸਨ ਉਹਨਾਂ ਨੂੰ ਵੀ ਮਸ਼ੀਨਰੀਕਰਨ ਨੇ ਬੇਰੋਜ਼ਗਾਰ ਕਰ ਦਿੱਤਾ ਹੈ। ਧਨਾਡ ਜ਼ਿਮੀਦਾਰ ਯੂ.ਪੀ ਬਿਹਾਰ ਤੋਂ ਸਸਤੀ ਲੇਬਰ ਲਿਆ ਕੇ ਆਪਣੇ ਕੰਮ ਕਰਾਉਂਦੇ ਹਨ।

ਇੰਨਾ ਹੀ ਨਹੀ ਤਿੰਨ-ਚਾਰ ਦਹਾਕੇ ਪਹਿਲਾਂ ਲਗਭਗ ਸਾਰੇ ਦਲਿਤ ਸ਼ੋਸ਼ਿਤ ਬੇਜ਼ਮੀਨੇ, ਖੇਤ ਮਜ਼ਦੂਰ ਗੁਜਾਰੇ ਲਈ ਕੋਈ ਨਾ ਕੋਈ ਪਸ਼ੂ ਰੱਖਦੇ ਸਨ, ਦਲਿਤ ਔਰਤਾਂ ਵੱਟ-ਬੰਨਿਆਂ, ਆੜਾਂ-ਖਾਲਾਂ ਤੋਂ ਘਾਹ ਖੋਤ ਕੇ ਪਸ਼ੂ ਪਾਲਦੀਆਂ, ਦੁੱਧ ਵੇਚ ਕੇ ਉਹ ਆਪਣਾ ਗੁਜ਼ਾਰਾ ਚਲਾਉਂਦੇ ਹਨ। ਪਰ ਅੱਜ ਘਾਹ-ਪੱਠੇ ਵੀ ਖਾਦਾਂ, ਕੀਟਨਾਸਕ ਦਵਾਈਆਂ ਤੇ ਨਵੇਂ ਬੀਜਾ ਦੀ ਲਗਾਤਾਰ ਵਰਤੋ ਨੇ ਖਤਮ ਕਰ ਦਿੱਤੇ ਹਨ। ਤੂੜੀ ਤੇ ਹਰਾ ਚਾਰਾ ਮੁੱਲ ਲੈ ਕੇ ਪਸ਼ੂ ਪਾਲਣਾਂ ਹੁਣ ਉਨ੍ਹਾਂ ਦੇ ਵੱਸ ਦੀ ਗੱਲ ਨਹੀ ਰਹੀ ਹੈ। ਦਲਿਤ, ਬੇਜ਼ਮੀਨੇ ਤੇ ਸਾਧਨਹੀਣ ਲੋਕਾਂ ਨੂੰ, ਰੋਟੀ-ਰੋਜ਼ੀ ਬਣਾਉਣ ਲਈ ਜੋ ਬਾਲਣ ਪਹਿਲਾਂ ਖੇਤ ਖਲਿਆਣਾਂ 'ਚੋਂ ਮਿਲ ਜਾਂਦਾ ਸੀ ਉਹ ਵੀ ਖਾਦਾਂ ਤੇ ਕੀਟਨਾਸਕ ਦਵਾਈਆਂ ਨੇ ਨਸ਼ਟ ਕਰ ਦਿੱਤਾ ਹੈ। ਨਹਿਰਾਂ, ਸੂਇਆ, ਸੜਕਾਂ ਜਾਂ ਸਾਝੀਆਂ ਥਾਵਾਂ ਤੋਂ ਸਰਕਾਰਾਂ ਨੇ ਦਰੱਖ਼ਤ ਵੱਡਣਾ ਸਖ਼ਤ ਜੁਰਮ ਬਣਾ ਦਿੱਤਾ ਹੈ। ਖਾਣਾ ਬਣਾਉਣ ਦੇ ਆਧੁਨਿਕ ਸਾਧਨ ਤੇਲ, ਗੈਸ, ਬਿਜਲੀ ਇੰਨੇ ਮਹਿੰਗੇ ਹੋ ਗਏ ਹਨ ਜੋ ਉਹਨਾਂ ਦੀ ਪਹੁੰਚ ਤੋਂ ਬਾਹਰ ਹਨ।

ਬੇਘਰੇ ਲੋਕਾਂ ਦੀ ਗਿਣਤੀ ਵਿੱਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਜਮੀਨਾਂ ਦੇ ਭਾਅ ਇੰਨੇ ਵੱਧ ਗਏ ਹਨ ਕਿ ਗਰੀਬ ਮਜ਼ਦੂਰ ਮਾੜਾ ਮੋਟਾ ਘਰ ਬਣਾਉਣ ਲਈ ਵੀ ਜਮੀਨ ਨਹੀ ਖਰੀਦ ਸਕਦੇ। ਮਾਂ-ਪਿਓ ਦੇ ਛੋਟੇ ਜਿਹੇ ਘਰ ਵਿਚ, ਉਹਨਾਂ ਦੀ ਪੀੜ੍ਹੀ ਦੇ ਪੁੱਤਰ, ਹੁਣ ਇੱਟਾਂ ਨਾਲ ਕੰਧਾਂ ਪਾ ਕੇ ਘਰ ਦਾ ਬਟਵਾਰਾਂ ਨਹੀ ਕਰ ਸਕਦੇ, ਉਹ ਤਾਂ ਥਾਂ ਦੀ ਥੁੜ ਕਾਰਨ, ਲੱਕੜ ਦੀਆਂ ਪਲਾਈਆ ਨਾਲ ਪਰਦੇ ਕਰਕੇ, ਬਣੇ ਖੁਡਿਆਂ ਵਿਚ ਜਾਨਵਰਾਂ ਵਾਂਗ ਜੀਵਨ ਢੋਹ ਰਹੇ ਹਨ। ਜਾਂ ਫਿਰ ਗੰਦੇ ਨਾਲਿਆ, ਛੱਪੜਾਂ, ਸੜਕਾਂ ਦੇ ਕਿਨਾਰਿਆਂ ਕੰਡੇ, ਢਾਰਿਆਂ, ਕੁੱਲੀਆਂ ਪਾ ਦਿਨ ਕਟੀ ਕਰ ਰਹੇ ਹਨ। ਸਮਾਜਵਾਦੀ, ਕਮਿਉਨਿਸਟ, ਅੰਬੇਡਕਰਵਾਦੀ, ਸਰਬਤ ਦਾ ਭਲਾ ਚਾਹੁਣ ਵਾਲੇ ਆਪਣੇ ਫ਼ਲਸਫਿਆ ਕਾਰਨ ਇਕੱਠੇ ਨਹੀ ਹੋ ਰਹ? ਸਵਾਰਥੀ ਆਗੂ ਬੰਸਰੀ ਵਜਾ ਰਹੇ ਹਨ।

ਅੱਜ ਲੋਕਾਂ ਦੇ ਚੁਣੇ ਹੋਏ ਬਹੁਤੇ ਨੁਮਾਇੰਦੇ, ਕਾਰਪੋਰੇਟ ਘਰਾਣਿਆ, ਧਨਾਡਾਂ, ਬਲੈਕ ਮਾਰਕੀਟੀਆ, ਭ੍ਰਿਸਟਾਚਾਰੀਆਂ, ਮਿਲਾਵਟਖੋਰਾਂ ਅਤੇ ਅਪਰਾਧੀਆਂ ਦੇ ਸੁਰਪਰੱਸਤ ਬਣੇ ਹੋਏ ਹਨ। ਜਿਸ ਕਾਰਨ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਮਾਨ-ਸਨਮਾਨ ਨਾਲ ਪੜ੍ਹਾਉਂਦੇ ਮਾਸਟਰ, ਪ੍ਰੋਫੈਸਰ, ਪ੍ਰਬੰਧਕ ਕਮੇਟੀਆਂ ਦੀ ਜੀ ਹਜੂਰੀ ਕਰਨ ਲਈ ਮਜ਼ਬੂਰ ਹਨ। ਪੱਤਰਕਾਰ, ਬਹੁਤਾ ਮੀਡੀਆ, ਕਾਨੂੰਨਾਂ ਦੀ ਰਖਵਾਲੀ ਕਰਨ ਵਾਲੇ, ਅਦਾਲਤਾਂ, ਨੌਕਰਸ਼ਾਹੀ, ਸਾਰਾ ਦਿਨ ਝੂਠ ਬੋਲ-ਬੋਲ ਕੇ, ਉਪਰੋਕਤ ਲੁੱਟਮਈ ਵਿਵਸਥਾ ਨੂੰ ਹੋਰ ਪੱਕਿਆ ਕਰ ਰਹੇ ਹਨ। ਪੰਜਾਬ ਤੇ ਦੇਸ਼ ਦੀ ਮੌਜੂਦਾ ਤ੍ਰਾਸ਼ਦੀ ਦੇ ਲਈ ਇਹੀ ਲੋਕ ਜ਼ਿੰਮੇਵਾਰ ਹਨ।

ਸਥਿਤੀ ਇਹ ਹੋ ਗਈ ਹੈ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਕੋਲ, ਬੇਰੋਜ਼ਗਾਰੀ ਤੇ ਗਰੀਬੀ ਨੂੰ ਖਤਮ ਕਰਨ ਲਈ ਕੋਈ ਪ੍ਰੋਗਰਾਮ ਨਹੀ ਹੈ। ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਰਕ ਨਹੀ ਪੈਂਦਾ। ਆਮ ਆਦਮੀ ਪਹਿਲਾਂ ਵੀ ਦੁੱਖੀ ਸੀ, ਹੁਣ ਵੀ ਦੁੱਖੀ ਹੈ। ਉਸ ਨੂੰ ਲੋੜ ਅਨੁਸਾਰ ਸਹੂਲਤਾਂ ਤੇ ਕੰਮ ਨਹੀ ਮਿਲਦਾ ਹੈ। ਮਜ਼ਦੂਰ ਗਰੀਬ ਮਹਿੰਗਾਈ ਨਾਲ ਮਸਲਿਆ ਪਿਆ, ਗਰੀਬ ਕਿਸਾਨ ਕੁਦਰਤੀ ਆਫ਼ਤਾਂ ਨਾਲ ਝੰਬਿਆ ਪਿਆ ਹੈ, ਮੁਲਾਜਮ ਡਾਂਗਾਂ ਖਾ ਰਿਹਾ ਹੈ। ਬੱਸ! ਆਗੂ, ਅਫ਼ਸਰ, ਸੱਟੇਬਾਜ, ਦਲਾਲ ਦੇਸ਼ ਤੇ ਜਨਤਾਂ ਨੂੰ ਦੋਹੀ ਹੱਥੀ ਲੁੱਟੀ ਜਾ ਰਹੇ ਹਨ। ਐਫ.ਡੀ.ਆਈ ਬਿਲ ਰਾਂਹੀ ਮਲਟੀ ਨੈਸ਼ਨਲ ਕੰਪਣੀਆਂ ਨੂੰ ਲੁੱਟ ਕਰਨ ਦੀ ਖੁੱਲ ਮਿਲੀ ਹੋਈ ਹੈ। ਕੰਪਣੀਆਂ ਦੇ ਆਉਣ ਨਾਲ ਘਰੇਲੂ ਛੋਟੇ ਉਦਯੋਗ, ਦਸਤਕਾਰ, ਪ੍ਰਚੂਨ ਦੁਕਾਨਦਾਰ ਬੇਕਾਰ ਹੋ ਰਹੇ ਹਨ। ਸਿੱਟੇ ਵਜੋਂ ਜਦ ਬੇਰੋਜਗਾਰੀ ਵੱਧਦੀ ਹੈ ਤਾਂ ਅਰਾਜਕਤਾ ਵਿਚ ਵਾਧਾ ਹੁੰਦਾ ਹੈ।

ਆਗੂਆਂ ਦੇ ਨਾਹਰੇ-ਪੰਜਾਬ ਨੂੰ ਇਕ ਨੰਬਰ ਦਾ ਸੂਬਾ ਬਣਾਂ ਦਿਆਂਗੇ, ਅੱਠ ਮਾਰਗੀ ਸੜਕਾਂ ਦੇ ਜ਼ਾਲ ਵਿਛਾ ਦਿਆਗੇ, ਸਾਰੇ ਸ਼ਹਿਰਾਂ ਵਿੱਚ ਹਵਾਈ ਅੱਡੇ, ਸਮਾਰਟ ਸਿਟੀ, ਉੱਚੀਆਂ-ਉਚੀਆਂ ਬਿਲਡਿਗਾਂ, ਵੱਡੇ-ਵੱਡੇ ਹੋਟਲ, ਅਧੁਨਿਕ ਹਸਪਤਾਲ, ਸਕੀਨੋ ਜੂਆ-ਘਰ, ਵਿਆਹ ਮਹਿਲ, ਸਾਰੇ ਜ਼ਿਲਿਆਂ ਵਿੱਚ ਯੂਨੀਵਰਸਿਟੀਆਂ, ਤਹਿਸੀਲਾਂ ਵਿਚ ਕਾਲਜ ਬਣਾਉਣ, ਨਸ਼ੇ ਬੰਦ ਕਰਨ ਦੇ ਐਲਾਨ ਸਭ ਜੁਮਲੇ ਸਿੱਧ ਹੋਏ ਹਨ। ਇਹ ਸਭ ਨਾਹਰੇ ਭੋਲੇ-ਭਾਲੇ ਲੋਕਾਂ ਦੀਆਂ ਵੋਟਾਂ ਵਟੋਰਨ ਲਈ ਸਾਜ਼ਿਸ਼ਾਂ ਸਾਬਤ ਹੋਈਆਂ ਹਨ। ਹਾਂ ਇਹਨਾਂ ਜੁਮਲਿਆਂ ਜ਼ਰੀਏ 10 ਫ਼ੀਸਦੀ ਸਾਧਨ ਸੰਪਨ ਧਨਾਡ, ਸਰਮਾਏਦਾਰ, ਕਾਰਪੋਰੇਟਾਂ ਨੂੰ ਲਾਭ ਜਰੂਰ ਹੋਇਆ, ਜਿਹਨਾਂ ਬਹੁਗਿਣਤੀ ਪੇਂਡੂ ਲੋਕਾਂ ਦਾ ਜੀਵਨ ਔਖਾ ਤੇ ਨਰਕ ਬਣਾ ਦਿੱਤਾ ਹੈ।

ਲੋਕਾਂ ਦੀਆਂ ਜਰੂਰੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸੇਹਿਤ ਤੇ ਕੰਮ ਹਨ। ਸਰਕਾਰਾਂ ਜੇ ਵਾਕਿਆ ਹੀ ਗਰੀਬਾਂ ਲਈ ਚੰਗੇ ਦਿਨ ਲਿਆਉਣਾ ਚਾਹੁੰਦੀਆਂ ਹਨ ਤਾਂ ਇਹ ਸਭ ਗ੍ਰਾਂਟਾ, ਸਬਸਿਡੀਆ, ਆਟਾ- ਦਾਲ ਬੰਦ ਕਰਕੇ, ਇਹਨਾਂ ਪੈਸਿਆਂ ਨਾਲ, ਰ ਜਿਲੇ ਵਿਚ 50 ਪਿੰਡਾਂ ਨੂੰ ਇੱਕ ਯੂਨਿਟ ਮੰਨ ਕੇ, ਇਹਨਾਂ ਪਿੰਡਾਂ ਦੇ ਦਰਮਿਆਨ, ਇਕ ਵੱਡੀ ਇੰਡਸਟਰੀ/ਮਿੱਲ ਲਾਉਣ ਇਸ ਵੱਡੀ ਇੰਡਸਟਰੀ/ਮਿੱਲ ਵਿੱਚ 15-20 ਹਜ਼ਾਰ ਦਲਿਤ ਸ਼ੋਸ਼ਿਤ ਮਜਦੂਰ ਗਰੀਬ ਕਿਸਾਨਾਂ ਨੂੰ ਰੁਜ਼ਗਾਰ ਮਿਲ ਜਾਵੇਗਾ। ਇਸ ਨਾਲ ਨਾ ਤਾਂ ਨੌਜੁਆਨਾਂ ਨੂੰ ਵਿਦੇਸ਼ਾਂ ਵਲ ਭੱਜਣਾ ਪਵੇਗਾ ਅਤੇ ਨਾ ਹੀ ਵਿਦੇਸ਼ਾਂ ਵਿਚ ਜਾ ਕੇ ਥਾਂ ਥਾਂ ਧੱਕੇ ਖਾਣੇ ਪੈਣਗੇ।

ਪੰਜਾਬ ਸੂਰਬੀਰਾਂ ਦੀ ਧਰਤੀ ਹੈ। ਪੰਜਾਬੀ ਮੁੱਢ-ਕਦੀਮ ਤੋਂ ਹੀ ਅਜ਼ਾਦੀ ਲਈ ਲੜਦਾ ਰਿਹਾ ਹੈ। ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਪੰਜਾਬ ਸਭ ਤੋਂ ਅੱਗੇ ਹੈ। ਪੰਜਾਬ ਦੀ ਧਰਤੀ ਦਾ ਸ਼ਾਇਦ ਹੀ ਕੋਈ ਅਜਿਹਾ ਹਿੱਸਾ ਹੋਵੇ, ਜਿਹੜਾ ਮਨੁੱਖ ਦੀ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਲਈ ਸ਼ਹੀਦ ਹੋਏ ਸ਼ਹੀਦਾਂ ਦੇ ਲਹੂ ਨਾਲ ਰੰਗਿਆ ਨਾ ਹੋਵੇ। ਪਰ ਅਫ਼ਸੋਸ ਹੈ ਕਿ ਹਜਾਰਾਂ ਯੋਧਿਆਂ, ਗੁਰੂਆਂ ਤੇ ਭਗਤ ਸਿੰਘ ਹੁਣਾਂ ਜਿਸ ਅਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਉਸ ਨੂੰ ਅਸੀਂ, ਪੰਜਾਬ ਦੀ ਧਰਤੀ ਉਤੇ ਸਕਾਰ ਨਹੀ ਸਕੇ?

ਅੱਜ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਜਮੀਨ ਦੇ ਵੀ ਮਾਲਕ ਹਨ, ਉਹ ਨੌਕਰੀ ਤੇ ਵਿਪਾਰ ਵੀ ਕਰਦੇ ਹਨ। ਬਿਲਡਿਗਾਂ ਵੀ ਕਿਰਾਏ 'ਤੇ ਦਿੰਦੇ ਹਨ। ਇਸ ਤਰਾਂ ਉਹਨਾਂ ਨੂੰ ਤਿੰਨ ਚਾਰ ਪਾਸਿਓ ਆਮਦਨ ਆਉਂਦੀ। ਸਰਕਾਰ ਜੇ ਇਕ ਆਦਮੀ-ਇਕ ਰੁਜ਼ਗਾਰ ਦਾ ਕਨੂੰਨ ਬਣਾਏ, ਤੇ ਦੂਜੇ ਰੁਜਗਾਰ ਇਹਨਾਂ ਤੋਂ ਖੋਹ ਕੇ ਗਰੀਬ ਤੇ ਬੇਰੁਜਗਾਰਾਂ ਨੂੰ ਦੇਵੇ ਤਾਂ ਇਸ ਨਾਲ ਵੀ ਬੇਰੁਜ਼ਗਾਰੀ ਤੇ ਗਰੀਬੀ ਨੂੰ ਕੁੱਝ ਹੱਦ ਤਕ ਕੰਟਰੋਲ ਕੀਤਾ ਜਾ ਸਕਦਾ ਹੈ। ਜਿਵੇ ਸਰਕਾਰ ਨੇ ਗਰੀਬੀ ਦੀ ਰੇਖਾ ਨਿਸਚਿਤ ਕੀਤੀ ਹੋਈ ਹੈ ਜੇ ਸਰਕਾਰ ਉਵੇ ਹੀ ਅਮੀਰੀ ਦੀ ਹੱਦ ਵੀ ਮਿੱਥ ਦੇਵੇ ਤਾਂ ਅਜ਼ਾਦੀ ਗੁਲਾਟੀਆਂ ਦੇ ਸੁਪਨੇ ਸਕਾਰ ਹੋ ਸਕਦੇ ਹਨ। ਪੰਜਾਬ ਮੁੜ ਦੇਸ਼ਾਂ ਵਿਚੋਂ ਦੇਸ਼ ਪੰਜਾਬ ਤੇ ਰੰਗਲਾ ਪੰਜਾਬ ਵੀ ਬਣ ਸਕਦਾ ਹੈ।

# ਜਿਲ੍ਹਾ ਪੱਧਰੀ ਯੁਵਕ ਮੇਲੇ 'ਚ ਛਾਏ ਸੀਬਾ ਦੇ ਵਿਦਿਆਰਥੀ, ਲੁੱਡੀ 'ਚ ਪਹਿਲਾ ਅਤੇ ਭੰਗੜੇ 'ਚ ਦੂਜਾ ਸਥਾਨ ਮੱਲਿਆ

**ਲਹਿਰਾਗਾਗਾ, (ਦਲਜੀਤ ਕੌਰ)-** ਯੁਵਕ ਭਲਾਈ ਵਿਭਾਗ, ਪੰਜਾਬ ਦੇ ਨਿਰਦੇਸ਼ਾਂ ਤਹਿਤ ਨਹਿਰੂ ਯੁਵਾ ਕੇਂਦਰ, ਸੰਗਰੂਰ ਵੱਲੋਂ ਮਾਡਰਨ ਕਾਲਜ, ਬੀਰ ਕਲਾਂ ਵਿਖੇ ਕਰਵਾਏ ਜਿਲ੍ਹਾ ਪੱਧਰੀ ਯੁਵਕ-ਮੇਲੇ 'ਚ ਸੀਬਾ ਸਕੂਲ ਲਹਿਰਾਗਾਗਾ ਦੀ ਲੜਕੀਆਂ ਦੀ ਲੁੱਡੀ ਟੀਮ ਨੇ ਪਹਿਲਾ ਅਤੇ ਲੜਕਿਆਂ ਦੀ ਭੰਗੜਾ ਟੀਮ ਨੇ ਦੂਜਾ ਸਥਾਨ ਹਾਸਲ ਕਰਦਿਆਂ ਮਾਣ-ਮੱਤੀ ਪ੍ਰਾਪਤੀ ਕੀਤੀ। ਕੋਚ ਕਰਨ ਬਾਵਾ ਦੀ ਅਗਵਾਈ ਹੇਠ ਮੁਕਾਬਲੇ 'ਚ ਭਾਗ ਲੈਣ ਵਾਲੀਆਂ ਇਹਨਾਂ ਟੀਮਾਂ ਦਾ ਸਕੂਲ ਪਹੁੰਚਣ 'ਤੇ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ, ਪ੍ਰਿੰਸੀਪਲ ਬਿਬਿਨ ਅਲੈਗਜ਼ੈਂਡਰ, ਕੋਆਰਡੀਨੇਟਰ ਨਰੇਸ਼ ਚੌਧਰੀ, ਹਰਵਿੰਦਰ ਸਿੰਘ, ਸੁਭਾਸ਼ ਮਿੱਤਲ ਨੇ ਵਿਦਿਆਰਥੀਆਂ ਦਾ ਸ਼ਾਨਦਾਰ ਸਵਾਗਤ ਕੀਤਾ। ਪਹਿਲਾ ਸਥਾਨ ਹਾਸਲ ਕਰਨ ਵਾਲ਼ੀ ਲੜਕੀਆਂ ਦੀ ਲੁੱਡੀ ਟੀਮ ਵਿੱਚ ਮਹਿਕਪ੍ਰੀਤ ਕੌਰ, ਹਰਮਨਜੋਤ ਕੌਰ, ਹਰਨੂਰ, ਐਸ਼ਦੀਪ ਕੌਰ, ਪਰਮੀਤ ਕੌਰ, ਸਹਿਜਤਾ ਗੋਇਲ, ਨਵਨੀਤ ਕੌਰ, ਨਵਦੀਪ ਕੌਰ, ਅਵਨੀਤ ਕੌਰ ਅਤੇ ਦਮਨਪ੍ਰੀਤ ਕੌਰ ਸ਼ਾਮਿਲ ਸਨ, ਜਦੋਂਕਿ ਦੂਜੇ ਸਥਾਨ 'ਤੇ ਰਹੀ ਲੜਕਿਆਂ ਦੀ ਭੰਗੜਾ ਟੀਮ 'ਚ ਜਗਸੀਰ ਸਿੰਘ, ਬਿਕਰਮਜੀਤ ਸਿੰਘ, ਹਰਮਨਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਅਰਵਿੰਦ ਸਿੰਘ, ਗੁਰਸ਼ਾਂਤ ਸਿੰਘ, ਸ਼ੁਭਪ੍ਰੀਤ ਸਿੰਘ ਅਤੇ ਮਹਿਸੂਫ ਸੰਧੇ ਸ਼ਾਮਿਲ ਸਨ। ਅਧਿਆਪਕ ਰਣਦੀਪ ਸੰਗਤਪੁਰਾ ਨੇ ਦੱਸਿਆ ਕਿ ਇਹਨਾਂ ਤੋਂ ਇਲਾਵਾ ਕਵਿਸ਼ਰੀ ਮੁਕਾਬਲੇ 'ਚ ਸ਼ੁਭਪ੍ਰੀਤ ਸਿੰਘ, ਮਨਮੀਤ ਸਿੰਘ, ਹਰਸ਼ਦੀਪ ਸਿੰਘ ਅਤੇ ਪ੍ਰਭਜੋਤ ਸਿੰਘ ਨੇ ਵੀ ਭਾਗ ਲਿਆ।





# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ




### ਇੱਕ ਸੰਧੂ ਹੁੰਦਾ ਹੈ – ਗੁਰਦੀਪ ਸੰਧੂ

ਸੁਰਿੰਦਰ ਸਾਗਰ ਨੇ ਕਿਹਾ ਸੀ ਕਿ ਜਿਸ ਦਿਨ 'ਇਸ਼ਕ ਮਹੁੱਬਤਾਂ' ਫ਼ਿਲਮ ਆਈ ਉਸ ਦਿਨ ਪਾਲੀਵੁੱਡ ਇਹੀ ਕਹੇਗੀ ਕਿ ਵਾਹ ਸਾਗਰ ਸਾਅਬ ਸੁਨੱਖਾ ਮੁੰਡਾ ਗੁਰਦੀਪ ਸੰਧੂ ਹੀਰੋ ਦੇ ਕਿ ਪਾਲੀਵੁੱਡ ਰੌਚਕ ਬਣਾ ਦਿੱਤੀ ਹੈ ।

ਸੁਪਨਾ ਸਾਗਰ ਦਾ ਪੂਰਾ ਹੋਣ ਵਾਲਾ ਹੈ ਤੇ ਗੁਰਦੀਪ ਸੰਧੂ ਦਾ ਜੋਰਦਾਰ ਐਕਸ਼ਨ, ਸ਼ੈਲਾ ਦੀਆਂ ਅਦਾਵਾਂ ਵਾਲੀ ਇਹ ਫ਼ਿਲਮ ਆਉਣ ਵਾਲੀ ਹੈ ਤੇ ਗੁਰਦੀਪ ਸੰਧੂ ਦਾ ਚਿਹਰਾ ਚਮਕਾਉਣ














ਵਾਲੀ ਹੈ। 'ਪਰਾਊਡ ਆਫ਼ਓਮਪ; ਪੰਜਾਬ ਪੁਲਿਸ' 'ਹਾਸੇ ਦਾ ਮੜਾਸਾ' ਤੇ 'ਟਿੱਚਰਾਂ' ਆ ਗਈਆਂ ਤਾਂ ਸੰਧੂ.. ਸੰਧੂ ਹੋ ਜਾਣੀ ਹੈ। ਕੀ ਸ਼ੈਲਾ ! ਕੀ ਰੁਪਾਲੀ, ਕੀ ਸਵੇਤਾ ਤੇ ਕੀ ਅੰਮ੍ਰਿਤਾ ਸੇਠੀ ਸਾਰੀਆਂ ਨਾਇਕਾਵਾਂ ਦਾ ਚਹੇਤਾ ਹੀਰੋ ਬਣਨ ਜਾ ਰਿਹਾ ਗੁਰਦੀਪ ਸੰਧੂ।

### ਯੋਗਰਾਜ ਦੀ ਭਗਤੀ – ਸ਼ਕਤੀ ਤੇ ਅਦਾਕਾਰੀ

ਹਰਫ਼ਨ ਮੌਲਾ ਅਦਾਕਾਰ ਯੋਗਰਾਜ ਸਿੰਘ, ਸਰਦਾਰਾ ਐਂਡ ਸੰਨਜ਼ 'ਮੌਜਾਂ ਹੀ ਮੌਜਾਂ' ਤੋਂ ਬਾਅਦ ਲਗਾਤਾਰ ਫ਼ਿਲਮਾਂ ਕਰ ਰਿਹਾ ਹੈ । 'ਸ਼ਾਇਰ' ਉੱਚਾ ਦਰ ਬਾਬੇ ਨਾਨਕ ਦਾ 'ਇਹਨਾਂ 'ਚ ਪ੍ਰਮੁੱਖ ਹਨ । 'ਰੋਡੇ ਕਾਲਜ' ਆ ਰਹੀ ਹੈ । ਦੂਜੀ ਗੱਲ ਅਥਾਹ ਅਕਾਲ ਪੁਰਖ ਪ੍ਰੇਮ ਉਸ 'ਚ ਜਾਗ ਚੁੱਕਾ ਹੈ, ਸਿਮਰਨ, ਸੇਵਾ ਤੇ ਨਿਮਰਤਾ ਨਾਲ ਭਗਤੀ ਵਾਲਾ ਉਸ ਦਾ ਰੂਪ ਉਸ ਦੀ ਧਾਰਮਿਕ ਹਸਤੀ ਦਾ ਪ੍ਰਤੀਕ ਹੈ। ਬੁਲੰਦ ਅਵਾਜ਼, ਅੰਦਾਜ਼ ਤੇ ਰਿਸ਼ਤੇ ਨਿਭਾਉਣ ਦੀ ਜਾਚ ਨਾਲ ਭਰਪੂਰ ਯੋਗਰਾਜ ਸਿੰਘ ਹਰੇਕ ਦਾ ਪਿਆਰਾ ਸਖ਼ਸ ਬਣ ਰਿਹਾ ਹੈ।

### ਆਂਚਲ ਏ ਸ੍ਰੀਮਤੀ ਟੋਰਾਂਟੋ

ਲਗਾਤਾਰ ਮਿਹਨਤ ਕਰ ਨਿਰਮਲ ਸਾਧਾਂਵਾਲੀਆ ਨੇ ਡਿਕਸੀ ਰੋਡ, ਤਾਜ ਬੈਂਕੁਟ 'ਚ ਸੁੰਦਰਤਾ ਦਾ ਮੇਲਾ ਲਾ ਕਿ ਸੋਹਣੀਆਂ ਘਰੇਲੂ ਔਰਤਾਂ ਚੋਂ ਜੱਜਾਂ ਦੇ ਫ਼ੈਸਲੇ ਅਨੁਸਾਰ ਆਂਚਲ ਅਰੋੜਾ ਨਾਗਪਾਲ ਨੂੰ 'ਮਿਸਿਜ ਟੋਰਾਂਟੋ' ਚੁਣ ਲਿਆ। ਬਲਵਿੰਦਰ ਕੌਰ ਚੱਠਾ ਤੇ ਅਜੈਬ ਚੱਠਾ ਨੇ ਪੂਰਾ ਸਹਿਯੋਗ ਸੀ.ਸੀ. ਐਸ ਨੈਟਵਰਕ ਦੇ ਇਸ ਈਵੈਂਟ ਲਈ ਦਿੱਤਾ।

ਆਂਚਲ ਨੂੰ ਹੁਣ ਪੰਜਾਬੀ ਫਿਲਮਾਂ ਦੀ ਪੇਸ਼ਕਸ਼ ਅ ਰਹੀ ਹੈ । ਨੇਹਾ ਮੂਵੀਜ਼, ਅਮਰ ਨਿਮਾਣਾ, ਦਲੇਰ ਮਹਿਤਾ ਅਨੁਸਾਰ ਸਹਿ ਨਾਇਕਾ ਵਜੋਂ ਆਂਚਲ ਫਿੱਟ ਹੈ ਤੇ ਇਹ ਸਿਹਰਾ ਨਿਰਮਲ ਸਾਧਾਂਵਾਲੀਆ ਨੂੰ ਜਾਏਗਾ ਜਿਸ ਰਸੋਈ ਘਰ ਤੋਂ ਫਿਲਮਾਂ ਤੱਕ ਆਂਚਲ ਦੀ ਪਹੁੰਚ ਕਰਵਾਈ ਹੈ।

### ਪੰਮਾ ਮੱਲ੍ਹੀ ਵਲੈਤ ਵਿੱਚ

ਹਜ਼ਾਰਾ ਸਿੰਘ ਰਮਤਾ ਮੇਮਾਂ ਨਾਲ ਕੁਵੈਤ ਵਿੱਚ ਤੇ ਪੰਮਾ ਮੱਲ੍ਹੀ ਵਲੈਤ ਵਿੱਚ ਹੈ । 'ਸਾਰਾ ਪਿੰਡ' 'ਸਲੂਟ' 'ਮੋਰਨੀ' 'ਝੂਠੀਏਂ ਗੀਤ' ਦਾ ਸਫ਼ਲ ਗਾਇਕ ਪੰਮਾ ਮੁੱਲੀ ਇੱਕ ਮਹੀਨਾ ਯੂ.ਕੇ. ਵਿਖੇ ਸ਼ੋਅ ਲਾਏਗਾ ।

ਕੈਪਟਨ ਸਰਕਾਰ ਨੇ ਉਸਨੂੰ 'ਕਰੋਨਾ' ਗੀਤ ਲਈ ਸਨਮਾਨਿਤ ਕੀਤਾ ਸੀ ਤੇ ਉਮੀਦ ਹੈ ਕਿ ਯੂ.ਕੇ. ਸਰਕਾਰ ਵੀ ਸਮਾਜਿਕ ਗਾਇਕੀ ਲਈ ਪੰਮਾ ਮੱਲ੍ਹੀ ਨੂੰ ਸਨਮਾਨਿਤ ਕਰੇਗੀ । ਸੀ.ਐਮ. ਭਗਵੰਤ ਮਾਨ ਦਾ ਕਹਿਣਾ–ਨਸ਼ਾ ਨਾ ਪੰਜਾਬੇ ਰਹਿਣਾ ਉਸਦਾ ਨਸ਼ਿਆਂ ਤੇ ਗੀਤ ਰਾਮ ਭੋਗਪੁਰੀਆਂ ਰਿਲੀਜ਼ ਕਰਨ ਵਾਲੇ ਹਨ। ਸਾਬਾਸ਼ ਪੰਮਾ ਮੱਲ੍ਹੀ।

### ਸੁਰਜੀਤ ਭੁੱਲਰ ਨੇ ਕਿਹਾ 'ਜਾਨੇ ਮੇਰੀਏ'

'ਫਾਇਰ' ਗੀਤ ਨਾਲ ਅੱਜ ਦੀ ਪੋਚ ਦੇ ਪਸੰਦੀਦਾ ਗਾਇਕ ਬਣੇ ਸੁਰਜੀਤ ਭੁੱਲਰ ਦੀ ਅਵਾਜ਼ ਦੋਗਾਣਿਆਂ 'ਚ ਸੁਦੇਸ਼ ਕੁਮਾਰੀ ਨਾਲ ਫੱਟੇ ਚੱਕ ਦਿੰਦੀ ਹੈ – ਅਰਥਾਤ ਦੋਗਾਣਾ ਸੁਪਰ ਹੁੰਦਾ ਹੈ। ਹੁਣ 'ਜਾਨੇ ਮੇਰੀਏ' ਦੋਗਾਣਾ ਭੁੱਲਰ ਦਾ ਸੁਦੇਸ਼ ਕੁਮਾਰੀ ਨਾਲ ਆ ਰਿਹਾ ਹੈ ।

ਬਿੱਟੂ ਚੀਮਾ ਦਾ ਲਿਖਿਆ ਦੋਗਾਣਾ ਸੁਰ-ਜੀਤ ਨੇ ਰੂਹ ਨਾਲ ਜੁਆਏ ਅਤੁਲ ਦੇ ਸੰਗੀਤ 'ਚ ਗਾਇਆ ਹੈ। 'ਮਜਾਜਣ' ਫ਼ਿਲਮ 'ਚ ਸੁਦੇਸ਼ ਨਾਲ ਗਾਇਆ ਦੋਗਾਣਾ ਪੰਜਾਬੀ ਫ਼ਿਲਮ ਗਾਇਕੀ 'ਚ 'ਸੰਸਾਰ ਰਿਕਾਰਡ' ਬਣਾ ਗਿਆ ਸੀ।

### ਬਾਬਾ ਕਮਲ ਹਾਜ਼ਿਰ ਹੈ

ਸਮਾਂ ਮਿਹਰਬਾਨ ਏ ਬਾਬਾ ਕਮਲ ਤੇ ਇਸ ਵੀਡਿਉ ਨਿਰਦੇਸ਼ਕ ਦੇ ਫਿਲਮੀ ਮੌਕੇ ਨੇੜੇ ਆ ਗਏ ਹਨ । ਆਰ.ਜੇ. ਬੀਟਸ ਦਾ ਪੁੱਲ ਹੀ ਬਾਬ ਕਮਲ ਹੈ । ਜਿਸ ਨੂੰ ਪਾਰ ਕਰ ਰਾਮ ਭੋਗਪੁਰੀਆਂ ਦੀ ਬਾਲੀਵੁੱਡ 'ਚ ਬੱਲੇ ਬੱਲੇ ਹੋ ਰਹੀ ਹੈ ।

ਅਨੂਪ ਜਲੋਟਾ, ਜੀ.ਨੂਰ ਸੁਦੇਸ਼ ਭੌਸ਼ਲੇ, ਪੰਮਾ ਮੱਲ੍ਹੀ, ਸਵਰ ਆਂ ਸੀ, ਸਾਬਨਾ ਸਰਗਰਾ ਗੱਲ ਦੀ ਅੱਧੀ ਬਾਲੀਵੁੱਡ ਦੇ ਗਾਇਕਾਂ ਦੇ ਨਵੇਂ ਐਲਬਮ ਗਾਣੇ ਬਾਬਾ ਕਮਲ ਡਾਇਰੈਕਟ ਕਰ ਰਿਹਾ ਹੈ । ਰੱਬ ਨੇ ਛੱਪਰ ਫਾੜ ਕਿ ਦਿੱਤਾ ਹੈ...।




## ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਵਲੋਂ ਕਰਵਾਇਆ ਜਾ ਰਿਹਾ ਫੁੱਟਬਾਲ ਟੂਰਨਾਮੈਂਟ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋਂ ਸਵਰਗੀ ਦਿਲਪ੍ਰੀਤ ਸਿੰਘ ਢਿੱਲੋਂ ਦੀ ਨਿੱਘੀ ਯਾਦ ਨੂੰ ਸਮਰਪਿਤ ਉਲੰਪੀਅਨ ਏਰਦਾਰ ਜਰਨੈਲ ਸਿੰਘ ਸਟੇਡੀਅਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ 14 ਵਾਂ ਸਲਾਨਾ ਫੁੱਟਬਾਲ ਟੂਰਨਾਮੈਂਟ ਅੱਜ ਦੂਸਰੇ ਦਿਨ ਵਿਚ ਪ੍ਰਵੇਸ਼ ਕਰ ਗਿਆ। ਅੱਜ ਦੇ ਮੈਚਾਂ ਦਾ ਉਦਘਾਟਨ ਰਛਪਾਲ ਸਿੰਘ ਰਾਜੂ ਸਾਬਕਾ ਪ੍ਰਧਾਨ ਬਸਪਾ, ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਵਲੋਂ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਅਮਰਜੀਤ ਸਿੰਘ ਪੁਰਖੋਵਾਲ ਵੀ ਮੌਜੂਦ ਸਨ। ਅੱਜ ਦੇ ਇਸ ਸਕੂਲ ਪੱਧਰ ਦੇ ਫੁੱਟਬਾਲ ਦੇ ਪਹਿਲੇ ਮੈਚ ਦੌਰਾਨ ਦੋਆਬਾ ਸਕੂਲ ਮਾਹਿਲਪੁਰ ਤੇ ਖਾਲਸਾ ਸਕੂਲ ਨਵਾਸ਼ਹਿਰ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿੱਚ 1-2 ਨਾਲ ਖਾਲਸਾ ਸਕੂਲ ਨਵਾਸ਼ਹਿਰ ਦੀ ਟੀਮ ਜੇਤੂ ਰਹੀ ਤੇ ਦੂਸਰਾ ਸਕੂਲ ਪੱਧਰ ਮੈਚ ਸਰਕਾਰੀ ਸਕੂਲ ਪਾਲਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਚਕਾਰ ਹੋਇਆ। ਜਿਸ ਵਿੱਚ ਸਰਕਾਰੀ ਸਕੂਲ ਪਾਲਦੀ ਦੀ ਟੀਮ ਜੇਤੂ ਰਹੀ। ਇਸ ਤਰ੍ਹਾਂ ਪਿੰਡ ਪੱਧਰ ਧਮਾਈ ਅਤੇ ਚੱਕ ਫੁੱਲੂ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿੱਚ ਚੱਕ ਫੁੱਲੂ ਦੀ ਟੀਮ 0-2 ਨਾਲ ਜੇਤੂ ਰਹੀ ਅਤੇ ਚੱਕ ਗੁਰੂ ਅਤੇ ਪਨਾਮ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਪਨਾਮ ਦੀ ਟੀਮ ਜੇਤੂ ਰਹੀ। ਇਸ ਤਰ੍ਹਾਂ ਅਗਲਾ ਮੈਚ ਕੁੱਕੜ ਮਜਾਰਾ ਉਤੇ ਰੁੜਕੀ ਖਾਸ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਦੁੱਕੀ ਖਾਸ ਦੀ ਟੀਮ ਜੇਤੂ ਰਹੀ। ਇਸ ਮੌਕੇ ਡਾਕਟਰ ਬਾਵਾ ਸਿੰਘ, ਰਾਜ ਕੁਮਾਰ, ਬਲਵੀਰ ਸਿੰਘ ਚੰਗਿਆੜਾ, ਐਨ ਆਰ ਆਈ ਤੀਰਥ ਸਿੰਘ ਰੱਤੂ, ਰਿਟਾਇਰਡ ਸੂਬੇਦਾਰ ਕੇਵਲ ਸਿੰਘ ਭੱਜਲ, ਗੁਰਲਾਲ ਸਿੰਘ ਸੰਧੂ, ਚੇਅਰਮੈਨ ਕਾਬਲ ਸਿੰਘ, ਸੁਨੀਲ ਕੁਮਾਰ ਗੋਲਡੀ, ਲਖਵੀਰ ਲੱਕੀ, ਰਮਨ ਬੰਗਾ, ਝਲਮਣ ਸਿੰਘ, ਹਰਪ੍ਰੀਤ ਸਿੰਘ, ਸਰਪੰਚ ਅਵਤਾਰ ਸਿੰਘ ਨਾਨੋਵਾਲ, ਰਾਜੀਵ ਅਰੋੜਾ, ਰਾਹੁਲ ਚਾਵਲਾ, ਹਰਦੀਪ ਸਿੰਘ, ਕੁਲਦੀਪ ਸਿੰਘ ਗੜ੍ਹੀ, ਰਾਜਪਾਲ ਹੈਪੀ, ਪਰਮਜੀਤ ਪੰਮਾ, ਕਮਲਜੀਤ ਸਿੰਘ ਬੈਂਸ, ਪ੍ਰਿੰਸੀਪਲ ਰਾਜਵਿੰਦਰ ਕੌਰ, ਸੰਜੀਵ ਕੁਮਾਰ, ਐਡਵੋਕੇਟ ਆਰ ਕੇ ਭੱਟੀ, ਸੰਜੀਵ ਕਾਲੀਆ, ਮਹਿੰਦਰ ਸਿੰਘ, ਪੁਰੇਵਾਲ ਬ੍ਰਦਰਜ਼, ਕਰਨ ਭੱਟੀ, ਸਲਿੰਦਰ ਰਾਣਾ, ਸਤਨਾਮ ਪਾਰੋਵਾਲ, ਬਲਵਿੰਦਰ ਕੁਮਾਰ, ਗੁਰਦੀਪ ਸਿੰਘ ਹਨੀ ਅਤੇ ਹੋਰ ਮਾਨਯੋਗ ਸਖਸ਼ੀਅਤਾਂ ਹਾਜ਼ਰ ਸਨ।

## ਅਫ਼ਸਰ ਕਲੋਨੀ ਦੇ ਬੱਚਿਆਂ ਦਾ ਖੇਡ ਮੁਕਾਬਲਾ ਹੋਇਆ



**ਸੰਗਰੂਰ, (ਦਲਜੀਤ ਕੌਰ)–** ਸਥਾਨਕ ਅਫ਼ਸਰ ਕਲੋਨੀ ਪਾਰਕ ਵਿੱਚ ਪਾਰਕ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਮਾਸਟਰ ਪਰਮਵੇਦ ਤੇ ਵਿੱਤ ਸਕੱਤਰ ਕ੍ਰਿਸ਼ਨ ਸਿੰਘ ਦੀ ਨਿਗਰਾਨੀ ਵਿੱਚ ਅਫ਼ਸਰ ਕਲੋਨੀ ਦੇ ਬੱਚਿਆਂ ਦਾ ਖੇਡ ਮੁਕਾਬਲਾ ਕਰਵਾਇਆ ਗਿਆ। ਮੁੱਖ ਮਹਿਮਾਨ ਨਾਜ਼ਰ ਸਿੰਘ ਲਹਿਰਾ ਸਨ। ਹਰਨੂਰ ਅਕੈਡਮੀ ਦੇ ਸੰਚਾਲਕ ਕੁਲਵੰਤ ਸਿੰਘ ਰਿਟਾਇਰਡ ਡੀਐੱਸਪੀ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ ਸੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਪਰਮਵੇਦ ਨੇ ਦੱਸਿਆ ਕਿ ਖੇਡਾਂ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਛੋਟੇ ਛੋਟੇ ਮੌਕਿਆਂ ਦੀ ਅਹਿਮੀਅਤ ਤੋਂ ਜਾਣੂ ਕਰਵਾਉਣਾ, ਆਪਸੀ ਸਹਿਯੋਗ ਤੇ ਸ਼ਹਿਣਸ਼ੀਲਤਾ ਆਦਿ ਗੁਣ ਪੈਦਾ ਕਰਨਾ, ਸਾਰਥਿਕ ਮਨੋਰੰਜਨ ਕਰਨ ਤੇ ਬੱਚਿਆਂ ਨੂੰ ਸਮਾਂ ਬਰਬਾਦ ਕਰਨ ਵਾਲੀਆਂ ਮੋਬਾਈਲ ਗੇਮਾਂ ਦੇ ਜਾਲ ਵਿੱਚੋਂ ਕੱਢਣਾ, ਆਮ ਗਿਆਨ ਵਿੱਚ ਵਾਧਾ ਕਰਨਾ, ਮਾਨਸਿਕ ਤੇ ਸਰੀਰਕ ਵਿਕਾਸ ਕਰਨਾ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਅੱਜ ਲੜਕੀਆਂ ਤੇ ਲੜਕਿਆਂ ਦੀ ਰੀਲੇਅ ਦੌੜ, ਗੇਂਦਾਂ ਇਕੱਠੀਆਂ ਕਰਨੀਆਂ ਤੇ ਪੈੱਨ ਪੀਕਿੰਗ ਖੇਡਾਂ ਕਰਵਾਈਆਂ ਗਈਆਂ। ਖੇਡਾਂ ਵਿੱਚ ਬੱਚਿਆਂ ਦੇ ਸਥਾਨ ਇਸ ਤਰ੍ਹਾਂ ਰਹੇ ਪਹਿਲੀ ਗੇਂਦਾਂ ਇਕੱਠੀਆਂ ਕਰਨੀਆਂ ਤੇ ਰੀਲੇਅ ਦੌੜ ਵਿੱਚ ਲੜਕਿਆਂ ਦਾ ਮੁਕਾਬਲਾ ਲੜਕੀਆਂ ਦੀ ਟੀਮ ਨਾਲ ਸੀ। ਰੀਲੇਅ ਦੌੜ ਵਿੱਚ ਲਕਸ਼ਦੀਪ, ਕੁਸ਼ਲ, ਗਗਨ, ਵਿਕਾਸ ਤੇ ਈਸ਼ਾਨ ਦੇ ਆਧਾਰਤ ਲੜਕਿਆਂ ਦੀ ਟੀਮ ਜੇਤੂ ਰਹੀ ਤੇ ਗੇਂਦਾਂ ਇਕੱਠੀਆਂ ਕਰਨ ਵਿੱਚ ਵੀ ਲੜਕਿਆਂ ਦੀ ਇਹੀ ਟੀਮ ਜੇਤੂ ਰਹੀ। ਦੂਜੀ ਰੀਲੇਅ ਦੌੜ ਵਿੱਚ ਅਰਚਨਾ, ਹਿਮਾਨੀ, ਹੀਰਾਂਸ, ਸ਼ਿਵ ਤੇ ਨੈਤਿਕ ਦੇ ਆਧਾਰਤ ਟੀਮ ਜੇਤੂ ਰਹੀ ਤੇ ਦੂਜੀ ਗੇਂਦਾਂ ਇਕੱਠੀਆਂ ਕਰਨ ਖੇਡ ਵਿੱਚ ਵੰਸ਼ਿਕਾ, ਗੁਰਨਿਰਮਤ, ਹਿਮਾਨੀ, ਅਰਚਨਾ ਯਸ਼ਨ ਤੇ ਸੁਮਨ ਦੇ ਆਧਾਰਤ ਕੁੜੀਆਂ ਦੀ ਟੀਮ ਜੇਤੂ ਰਹੀ, ਪੈੱਨ ਪੀਕਿੰਗ ਦੀ 'ਲੜਕਿਆਂ ਦੀ ਖੇਡ ਵਿੱਚ ਕੁਸ਼ਲ ਤੇ ਲੜਕੀਆਂ ਦੀ ਖੇਡ ਵਿੱਚ ਵੰਸ਼ਿਕਾ ਜੇਤੂ ਰਹੀ। ਖੇਡਾਂ ਦੀ ਸਮਾਪਤੀ ਤੋਂ ਬਾਅਦ ਮੁੱਖ ਮਹਿਮਾਨ ਨਾਜ਼ਰ ਸਿੰਘ ਲਹਿਰਾ, ਹਰਨੂਰ ਅਕੈਡਮੀ ਦੇ ਸੰਚਾਲਕ ਕੁਲਵੰਤ ਸਿੰਘ, ਲੈਕਚਰਾਰ ਕ੍ਰਿਸ਼ਨ ਸਿੰਘ, ਮਾਸਟਰ ਪਰਮਵੇਦ, ਮੈਡਮ ਅਮ੍ਰਿਤਪਾਲ ਕੌਰ ਚਹਿਲ, ਸੁਨੀਤਾ ਰਾਣੀ, ਰੀਤੂ, ਵਨੀਤਾ ਜੈਨ, ਬਿੱਕਰ ਸਿੰਘ, ਜੰਗ ਤੇ ਬੱਚਿਆਂ ਦੇ ਮਾਪਿਆਂ ਨੇ ਸਮੂਹਕ ਰੂਪ ਵਿੱਚ ਪੜਨ ਸਮੱਗਰੀ ਤੇ ਮੈਡਲਾਂ ਨਾਲ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ। ਹਰਨੂਰ ਅਕੈਡਮੀ ਦੀ ਬੱਚੀ ਪਲਵਿੰਦਰ ਕੌਰ ਨੂੰ ਖੇਡਾਂ ਖਿਡਾਉਣ ਵਿੱਚ ਵਧੀਆ ਸਹਿਯੋਗ ਦੇਣ ਲਈ ਸਨਮਾਨਿਤ ਕੀਤਾ ਗਿਆ।

ਖੇਡਾਂ ਵਿੱਚ ਭਾਗ ਲੈਣ ਵਾਲੇ ਬਾਕੀ ਬੱਚਿਆਂ ਦੀ ਵੀ ਹੌਂਸਲਾ ਅਫਜਾਈ ਕੀਤੀ ਗਈ। ਮਾਸਟਰ ਪਰਮ ਵੇਦ ਨੇ ਦੱਸਿਆ ਕਿ ਕੁਲਵੰਤ ਸਿੰਘ ਹਰਨੂਰ ਅਕੈਡਮੀ ਦੇ ਸੰਚਾਲਕ , ਲੈਕਚਰਾਰ ਕਿਸ਼ਨ ਸਿੰਘ ਅਮ੍ਰਿਤਪਾਲ ਕੌਰ ਚਹਿਲ, ਪਲਵਿੰਦਰ ਕੌਰ ਹਰਨੂਰ ਅਕੈਡਮੀ ਦੀ ਬੱਚੀ ਨੇ ਬੱਚਿਆਂ ਨੂੰ ਖੇਡਾਂ ਖਿਡਾਉਣ ਵਿੱਚ, ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਖੇਡਾਂ ਸਮੇਂ ਖੁਸ਼ਗਵਾਰ ਮਹੌਲ ਰਹਿਣ ਕਾਰਨ ਸਾਰੇ ਬੱਚੇ ਲੱਡੂ ਖਾਂਦੇ ਹੱਸਦੇ ਹੱਸਦੇ ਘਰਾਂ ਨੂੰ ਪਰਤੇ।